# ਜਗਤਗੁਰੂ ਰਵਿਦਾਸ ਮਹਾਰਾਜ ਜੀ

ਦੀਆਂ

# ਪਾਵਨ ਜੀਵਨ ਕਥਾਵਾਂ



**ਲੇਖਕ : ਸੰਤ ਸੁਰਿੰਦਰ ਦਾਸ ਬਾਵਾ ਜੀ**

ਪ੍ਰਕਾਸ਼ਕ : ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ, ਜਲੰਧਰ



ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।



ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ।
ਛੋਟ-ਬੜੇ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ।।

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ
# ਪਾਵਨ ਸੰਖੇਪ ਜੀਵਨ

ਨਿਸ਼ਾਨ ਸਾਹਿਬ

**ਰਵਿਦਾਸੀਆ ਧਰਮ**

ਪ੍ਰਕਾਸ਼ਕ :
ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ,
ਜ਼ਿਲ੍ਹਾ ਜਲੰਧਰ(ਪੰਜਾਬ)

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ

# ਪਾਵਨ ਸੰਖੇਪ ਜੀਵਨ


ਲੇਖਕ :

## ਸੰਤ ਸੁਰਿੰਦਰ ਦਾਸ ਬਾਵਾ

ਚੇਅਰਮੈਨ:ਰਵਿਦਾਸੀਆ ਧਰਮ ਪ੍ਰਚਾਰਕ ਸੰਤ ਸਮਾਜ ਸੁਸਾਇਟੀ (ਰਜਿ.)

ਚੇਅਰਮੈਨ: ਅੰਤਰ ਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.)



© ਸਭ ਹੱਕ ਲੇਖਕ ਦੇ ਰਾਖਵੇਂ ਹਨ



ਅੱਠਵਾਂ ਐਡੀਸ਼ਨ

ਛਪਣ ਦੀ ਗਿਣਤੀ :-5000

ਕੀਮਤ:- 70 ਰੁਪਏ

ਟਾਈਪਿੰਗ ਅਤੇ ਸੈਟਿੰਗ : ਕੈਂਥ ਆਰਟਸ

**ਪ੍ਰਕਾਸ਼ਕ:-**

**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਜ਼ਿਲ੍ਹਾ ਜਲੰਧਰ**

**TRADE MARKS REGISTRY** | **REGISTRATION CERTIFICATE**

Trade Marks Act 1994 of Great Britain and Northern Ireland

The mark shown below has been registered under No. 2318217 as of the date 09 December 2002.

The mark has been registered in respect of:

Class 35:
Advertising services, provided via the Internet, television and radio; business management, and office functions; public relations services.

Class 41:
Providing educational training, entertainment and cultural activities.

Class 42:
Providing industrial analysis and research services; design and development of computer hardware and software, which includes installation, maintenance and repair of computer software and design, drawing commissioned writing for the compilation of web sites; creating, maintaining and hosting web sites services.

In the name of Sri Guru Ravidass International Organization for Human Rights

**The mark on this certificate was filed in colour and is reproduced here in colour. It has been scanned as accurately as our equipment allows but you should refer to the application form, which is available for public inspection, and any colour standard provided by the applicant to determine the exact colour(s).**

Signed this day at my direction

ALISON BRIMELOW, REGISTRAR
DATE 14 November 2003

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸੰਬੰਧੀ ਮਹੱਤਵਪੂਰਨ ਤੱਥ

➢ **ਪ੍ਰਕਾਸ਼ ਦਿਹਾੜਾ :-**

ਮਾਘ ਸੁਦੀ ਪੰਦ੍ਰਾਸ 1433 ਵਿਕਰਮੀ ਸੰਮਤ ਸੰਨ 1377 ਈ.।

➢ **ਜਨਮ ਸਥਾਨ :-**

ਸੀਰ ਗੋਵਰਧਨਪੁਰ, ਬਨਾਰਸ (ਯੂ.ਪੀ.)

➢ **ਮਾਤਾ ਪਿਤਾ ਜੀ ਦੇ ਨਾਮ :-**

ਪਿਤਾ ਸਤਿਕਾਰਯੋਗ ਸ਼੍ਰੀਮਾਨ ਸੰਤੋਖ ਦਾਸ ਜੀ

ਮਾਤਾ ਸਤਿਕਾਰਯੋਗ ਸ਼੍ਰੀਮਤੀ ਕਲਸੀ ਦੇਵੀ ਜੀ

➢ **ਦਾਦਾ ਦਾਦੀ ਜੀ ਦੇ ਨਾਮ :-**

ਦਾਦਾ ਸਤਿਕਾਰਯੋਗ ਸ਼੍ਰੀਮਾਨ ਕਾਲੂ ਰਾਮ ਜੀ

ਦਾਦੀ ਸਤਿਕਾਰਯੋਗ ਸ਼੍ਰੀਮਤੀ ਲੱਖਪਤੀ ਜੀ

➢ **ਸੁਪਤਨੀ ਅਤੇ ਸਪੁੱਤਰ ਦਾ ਨਾਮ :-**

ਸੁਪਤਨੀ ਸਤਿਕਾਰਯੋਗ ਸ਼੍ਰੀਮਤੀ ਲੋਨਾ ਜੀ

ਸਪੁੱਤਰ ਸਤਿਕਾਰਯੋਗ ਸ਼੍ਰੀਮਾਨ ਵਿਜੈ ਦਾਸ ਜੀ

➢ **ਬ੍ਰਹਮਲੀਨ :-**

ਹਾੜ ਦੀ ਸੰਗਰਾਂਦ 1584 ਵਿਕਰਮੀ ਸੰਮਤ

(1528 ਈ.) ਬਨਾਰਸ ਵਿਖੇ।

# ਰਵਿਦਾਸੀਆ ਧਰਮ ਦੇ ਨਿਯਮ

1) ਸਾਡਾ ਰਹਿਬਰ : ਸਤਿਗੁਰੂ ਰਵਿਦਾਸ ਮਹਾਰਾਜ ਜੀ

2) ਸਾਡਾ ਧਰਮ : ਰਵਿਦਾਸੀਆ

3) ਸਾਡੀ ਧਾਰਮਿਕ ਪੁਸਤਕ : ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ

4) ਸਾਡਾ ਕੌਮੀ ਨਿਸ਼ਾਨ ਸਾਹਿਬ :

5) ਸਾਡਾ ਸੰਬੋਧਨ : ਜੈ ਗੁਰਦੇਵ

6) ਸਾਡਾ ਮਹਾਨ ਤੀਰਥ ਅਸਥਾਨ : ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ ਸੀਰ ਗੋਵਰਧਨਪੁਰ ਵਾਰਾਣਸੀ (ਯੂ.ਪੀ.)

7) ਸਾਡਾ ਉਦੇਸ਼ : ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ। ਇਸ ਦੇ ਨਾਲ-ਨਾਲ ਮਹਾਂਰਿਸ਼ੀ ਭਗਵਾਨ ਵਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸੈਨ ਜੀ ਅਤੇ ਸਤਿਗੁਰੂ ਸਧਨਾ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ, ਸਾਰੇ ਧਰਮਾਂ ਦਾ ਸਤਿਕਾਰ ਕਰਨਾ, ਮਾਨਵਤਾ ਨਾਲ ਪਿਆਰ ਕਰਨਾ ਅਤੇ ਸਦਾਚਾਰੀ ਜੀਵਨ ਬਤੀਤ ਕਰਨਾ।

# ਸਮਰਪਨ

ਬ੍ਰਹਮਲੀਨ ਸਤਿਗੁਰੂ ਸਰਵਣ ਦਾਸ ਜੀ
ਮਹਾਰਾਜ ਨੂੰ ਸਮਰਪਿਤ
(ਬਰਸੀ ਸਮਾਗਮ 11 ਜੂਨ 2019)

# ਦੋ ਸ਼ਬਦ

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨ ਕੋ ਅੰਨ।
ਛੋਟ-ਬੜੇ ਸਭ ਸਮ ਬਸੈ ਰਵਿਦਾਸ ਰਹੇ ਪ੍ਰਸੰਨ॥

ਧੰਨ ਧੰਨ ਜਗਤਗੁਰੂ ਰਵਿਦਾਸ ਜੀ ਮਹਾਰਾਜ, ਜਿਨ੍ਹਾਂ ਨੇ ਇਸ ਸੰਸਾਰ ਵਿੱਚ ਆ ਕੇ ਸਭ ਜੀਵਾਂ ਨੂੰ ਭੇਦ-ਭਾਵ ਅਡੰਬਰਾਂ ਤੋਂ ਮੁਕਤ ਹੋ ਕੇ ਮਾਨਵ ਪ੍ਰੇਮ, ਹਰਿ ਦੇ ਸਿਮਰਨ ਕਰਨ ਦੇ ਪਾਵਨ ਉਪਦੇਸ਼ ਬਖਸ਼ਿਸ਼ ਕੀਤੇ। ਜਿੱਥੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਸਦੀਆਂ ਤੋਂ ਪੀੜਤ ਸਮਾਜ ਵਿੱਚ ਆ ਕੇ ਇਸ ਦੇ ਸਾਰੇ ਬੰਧਨ ਕੱਟੇ ਉੱਥੇ ਨਾਲ ਹੀ ਨਾਲ ਮਾਨਵ ਵਿਰੋਧੀਆਂ ਨੂੰ ਵੀ ਸਤਿ ਉਪਦੇਸ਼ :

**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥**

ਰਾਹੀਂ ਵਿਸ਼ਵ ਭਾਈਚਾਰੇ ਦਾ ਪਾਵਨ ਉਪਦੇਸ਼ ਦਿੱਤਾ, ਉੱਥੇ ਨਾਲ-ਨਾਲ ਪੂਰੇ ਵਿਸ਼ਵ ਨੂੰ 'ਬੇਗਮਪੁਰਾ' ਵਤਨ ਬਣਾਉਣ ਦਾ ਵੀ ਸੰਕਲਪ ਦਿੱਤਾ। ਐਸੇ ਮਹਾਨ ਕ੍ਰਾਂਤੀਕਾਰੀ ਜਗਤਗੁਰੂ ਰਵਿਦਾਸ ਜੀ ਦਾ ਆਗਮਨ ਮਾਘ ਸੁਦੀ ਪੰਦ੍ਰਾਸ 1377 ਈਸਵੀ (1433 ਬਿਕਰਮੀ ਸੰਮਤ) ਨੂੰ ਸੀਰ ਗੋਵਰਧਨਪੁਰ, ਵਾਰਾਨਸੀ ਸਤਿਕਾਰਯੋਗ ਪਿਤਾ ਸ਼੍ਰੀ ਸੰਤੋਖ ਦਾਸ ਜੀ ਅਤੇ ਸਤਿਕਾਰਯੋਗ ਮਾਤਾ ਕਲਸੀ ਜੀ ਦੇ ਗ੍ਰਿਹਿ ਵਿਖੇ ਹੋਇਆ।

ਆਪ ਜੀ ਨੇ ਸਮਾਨਤਾ ਸਥਾਪਿਤ ਕਰਨ ਲਈ ਚੌਹਾਂ ਯੁੱਗਾਂ ਦੇ ਜੰਜੂ ਮਾਘ ਦੀ ਸੰਗਰਾਂਦ ਨੂੰ ਦਿਖਾ ਕੇ ਅਤੇ ਬਾਅਦ ਵਿਚ ਸੂਤ ਦਾ ਜਨੇਊ ਵੀ ਉਤਾਰ ਦਿੱਤਾ। ਵਿਸਾਖੀ ਦੇ ਇਤਿਹਾਸਕ ਪੁਰਬ ਤੇ ਗੰਗਾ-ਘਾਟ 'ਤੇ ਪੱਥਰ ਤਰਾਏ ਅਤੇ ਸੰਗਰਾਮ ਸਿੰਘ (ਰਾਣਾ ਸਾਂਗਾ) ਅਤੇ ਰਾਣੀ ਝਾਲਾਂ ਬਾਈ ਦੇ ਦਰਬਾਰ ਵਿਚ ਅਨੇਕਾਂ ਰੂਪ ਧਾਰਣ ਕਰਕੇ ਸੰਗਤ-ਪੰਗਤ ਦੀ ਪ੍ਰਥਾ ਸ਼ੁਰੂ ਕੀਤੀ। ਆਪ ਜੀ ਨੇ ਜੀਵਨ ਦਾ ਬਹੁਤ ਵੱਡਾ ਹਿੱਸਾ ਉਦਾਸੀਆਂ ਕਰਕੇ ਸਭ ਜੀਵਾਂ ਨੂੰ ਸਤਿ-ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ। ਆਪ ਜੀ ਦੇ ਚਰਨ ਕਮਲਾਂ ਵਿੱਚ ਅਣਗਿਣਤ ਰਾਜੇ ਮਹਾਰਾਜੇ ਅਤੇ ਸਾਰੇ ਵਰਗਾਂ ਦੇ ਲੋਕ ਆਣ ਝੁਕੇ। ਹਾੜ੍ਹ ਦੀ ਸੰਗਰਾਂਦ 1584 ਬਿਕਰਮੀ ਸੰਮਤ 1528 ਈ. ਨੂੰ ਬਨਾਰਸ ਵਿਖੇ ਜੋਤੀ-ਜੋਤ ਸਮਾਏ। ਜਗਤਗੁਰੂ ਰਵਿਦਾਸ ਜੀ ਨੂੰ ਭਗਤੀ ਦਾ ਸਿਰਮੌਰ ਸਮਝਦੇ ਹੋਏ ਸਤਿਗੁਰੂ ਕਬੀਰ ਸਾਹਿਬ ਜੀ ਫ਼ਰਮਾਉਂਦੇ ਹਨ:

**ਸਾਧਨ ਮੇਂ ਰਵਿਦਾਸ ਸੰਤ ਹੈ ਸੁਪਚ ਰਿਸੀ ਸੋ ਮਾਨਿਆ**
**ਹਿੰਦੂ ਤੁਰਕ ਦੁਈ ਦੀਨ ਬਨੇ ਹੈ ਕਛੂ ਨਹੀਂ ਪਹਿਚਾਨਿਆ॥**

ਭਾਵ-ਸੰਤਾਂ ਵਿੱਚ ਮਹਾਨ ਸੰਤ ਗੁਰੂ ਰਵਿਦਾਸ ਮਹਾਰਾਜ ਜੀ ਹਨ, ਜਿਨ੍ਹਾਂ ਨੂੰ ਦੁਨੀਆਂ ਇੱਕ ਮਹਾਨ ਰਿਸ਼ੀ ਮੰਨਦੀ ਹੈ। ਤਤਕਾਲੀ ਸਮੇਂ ਦੇ ਹਿੰਦੂ ਅਤੇ ਮੁਸਲਮਾਨ ਦੋਨੋਂ ਹੀ ਚਰਨੀ ਪਏ ਅਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਪ੍ਰਭੂ ਕਰਕੇ ਜਾਣਿਆ। ਜਗਤਗੁਰੂ ਰਵਿਦਾਸ ਜੀ ਦੇ ਮਾਨਵਤਾ ਪ੍ਰਤੀ ਉਪਕਾਰ ਨੂੰ ਆਪਣੀ ਬਾਣੀ ਰਾਹੀਂ ਸੰਤ ਪੀਪਾ ਜੀ ਇਸ ਤਰ੍ਹਾਂ ਉਚਾਰਦੇ ਹਨ:-

**ਜੇ ਕਲਿ ਰੈਦਾਸ ਕਬੀਰ ਨ ਹੋਤੇ ਲੋਕ ਵੇਦ ਅਰੁ ਕਲਿਜੁਗ**
**ਮਿਲਿ ਕਰ ਭਗਤਿ ਰਸਾਤਲ ਦੇਤੇ।**

ਭਾਵ ਜੇਕਰ ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਕਬੀਰ ਜੀ ਲੋੜ ਸਮੇਂ ਨਾ ਆਉਂਦੇ ਤਾਂ ਤਤਕਾਲੀ ਉੱਚ ਵਰਗ, ਵੇਦ ਅਤੇ ਕਲਯੁਗੀ ਵਿਚਾਰਧਾਰਾ ਨੇ ਭਗਤੀ ਨੂੰ ਪਤਾਲ ਵਿੱਚ ਦਫ਼ਨ ਕਰ ਦੇਣਾ ਸੀ

**ਰਵਿਦਾਸ ਚਮਾਰੁ ਉਸਤਤਿ ਕਰੇ**
**ਹਰਿ ਕੀਰਤਿ ਨਿਮਖ ਇਕ ਗਾਇ॥**
**ਪਤਿਤ ਜਾਤਿ ਉਤਮੁ ਭਾਇਆ**
**ਚਾਰਿ ਵਰਨ ਪਏ ਪਗਿ ਆਇ॥**

ਸਤਿਗੁਰੂ ਰਾਮਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਸਤਿਗੁਰੂ ਰਵਿਦਾਸ ਜੀ ਨੇ ਹਰਿ ਦੀ ਐਸੀ ਭਗਤੀ ਤੇ ਉਸਤਤ ਕੀਤੀ ਕਿ ਉਹ ਰੱਬ ਦੇ ਰੂਪ ਹੋ ਗਏ। ਦੁਨੀਆਂ ਦੀ ਨਜ਼ਰ ਵਿਚ (ਕਹਿਣ ਮਾਤਰ ਲਈ) ਤਾਂ ਉਹ ਨੀਚ ਸਨ, ਪਰੰਤੂ ਉਨ੍ਹਾਂ ਦੀ ਬੰਦਗੀ ਤੇ ਰੂਹਾਨੀਅਤ ਕਾਰਨ ਮਹਾਨ ਬਣੇ ਅਤੇ ਚਾਰ ਵਰਣਾਂ ਦੇ ਲੋਕ ਉਹਨਾਂ ਦੇ ਚਰਨੀਂ ਢਹਿ ਪਏ। ਸਤਿਗੁਰੂ ਅਰਜਨ ਦੇਵ ਜੀ ਆਪ ਜੀ ਦੀ ਉਸਤਤ ਕਰਦੇ ਹੋਏ ਫ਼ਰਮਾਉਂਦੇ ਹਨ:-

**ਊਚ ਤੇ ਊਚ ਨਾਮਦੇਉ ਸਮਦਰਸੀ।**
**ਰਵਿਦਾਸ ਠਾਕੁਰ ਬਣਿ ਆਈ॥**

ਭਾਵ-ਉੱਚੇ ਤੋਂ ਉੱਚੇ ਸਮਦ੍ਰਿਸ਼ਟੀ ਵਾਲੇ ਸਤਿਗੁਰੂ ਨਾਮਦੇਵ ਮਹਾਰਾਜ ਜੀ ਹੋਏ ਹਨ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਆਪ ਇਸ ਸੰਸਾਰ ਵਿਚ ਪ੍ਰਭੂ ਬਣ ਕੇ ਆਏ। ਜਗਤਗੁਰੂ ਰਵਿਦਾਸ ਮਹਾਰਾਜ ਜੀ ਅੰਮ੍ਰਿਤਬਾਣੀ ਅੰਦਰ ਉਚਾਰਨ ਕਰਦੇ ਹਨ:-

**ਮੇਰੀ ਜਾਤਿ ਕੁਟ ਬਾਂਡਲਾ ਢੋਰ ਢੋਵੰਤਾ।**
**ਨਿਤਹਿ ਬਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨੁ ਤਿਹਿ ਕਰਹਿ ਡੰਡਉਤਿ।**
**ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥**

ਭਾਵ ਮੇਰਾ ਜਨਮ ਉਨ੍ਹਾਂ ਵਿਚ ਹੋਇਆ ਜੋ ਬਨਾਰਸ ਦੇ ਆਸ-ਪਾਸ ਨਿਤਪ੍ਰਤੀ ਮਰੇ ਹੋਏ ਪਸ਼ੂ ਢੋਂਦੇ ਸਨ, ਪਰ ਮੈਂ ਪ੍ਰਭੂ ਦੇ ਨਾਮ ਦੀ ਸ਼ਰਨ ਲਈ ਹੈ। ਅੱਜ ਬਿਪ੍ਰਾਂ ਦੇ ਪ੍ਰਧਾਨ ਲੋਕ ਮੈਨੂੰ ਡੰਡੇ ਵਾਂਗ ਸਿੱਧੇ ਲੇਟ ਕੇ ਨਮਸਕਾਰਾਂ ਕਰਦੇ ਹਨ। ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਕਲਿਆਣਕਾਰੀ ਉਪਦੇਸ਼ਾਂ ਨੂੰ ਸਰਵਣ ਕਰਕੇ **ਰਾਜਾ ਨਾਗਰ ਮੱਲ (ਹਰਦੇਵ ਸਿੰਘ), ਰਾਣਾ ਵੀਰ ਬਘੇਲ ਸਿੰਘ, ਰਾਜਾ ਸਿਕੰਦਰ ਲੋਧੀ, ਰਾਜਾ ਚੰਦਰ ਪ੍ਰਤਾਪ, ਰਾਜਾ ਅਲਾਵਦੀ ਬਾਦਸ਼ਾਹ, ਰਾਜਾ ਬਿਜਲੀ ਖਾਨ, ਰਾਣਾ ਰਤਨ ਸਿੰਘ, ਮਹਾਰਾਣਾ ਸੰਗਰਾਮ ਸਿੰਘ (ਰਾਣਾ ਸਾਂਗਾ), ਮਹਾਰਾਣੀ ਝਾਲਾਬਾਈ, ਰਾਜਾ ਬੈਨ ਸਿੰਘ, ਰਾਜਾ ਵਿਜੈ ਪਾਲ ਸਿੰਘ, ਮਹਾਨ ਸੰਤ ਮੀਰਾ ਬਾਈ ਜੀ, ਬੀਬੀ ਕਰਮਾਂ ਬਾਈ ਜੀ, ਬੀਬੀ ਭਾਨ ਮਤੀ ਅਤੇ ਮਹਾਨ ਸੰਤ ਗੋਰਖ ਨਾਥ ਜੀ ਸਹਿਤ ਚਰਨਾਂ ਵਿਚ ਆਏ।**

**ਮਾਨਵਤਾ ਦੇ ਮਸੀਹਾ ਡਾ. ਭੀਮ ਰਾਓ ਅੰਬੇਡਕਰ ਸਾਹਿਬ ਜੀ ਨੇ ਭਾਰਤੀ ਸੰਵਿਧਾਨ ਦੀ ਰਚਨਾ ਸਤਿਗੁਰੂ ਜੀ ਦੇ ਸ਼ਬਦ 'ਬੇਗਮਪੁਰਾ ਸਹਰ ਕੋ ਨਾਉਂ' ਦੇ ਮਾਨਵੀ ਅਧਿਕਾਰਾਂ ਦੇ ਸਿਧਾਂਤਾਂ 'ਤੇ ਕੀਤੀ। ਉਸੇ ਪ੍ਰਕਾਰ ਯੂ. ਐਨ. ਓ. ਨੇ ਟੋਰਾਂਟੋ (ਕੈਨੇਡਾ) ਵਿਚ ਐਲਾਨ ਕੀਤਾ ਕਿ ਸੰਸਾਰ ਵਿਚ ਸਾਰੇ ਨਾਗਰਿਕ ਅਧਿਕਾਰ ਅਤੇ ਸੰਸਾਰ ਦੀ ਵਿਵਸਥਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉਂ' ਦੇ ਆਧਾਰ 'ਤੇ ਹੋਵੇਗੀ।**

**ਰਵਿਦਾਸ ਸੋਇ ਸਾਧੂ ਭਲੋ,ਜਉ ਰਹਹਿ ਸਦ ਨਿਰਵੈਰ।**
**ਸੁਖਦਾਈ ਸਮਤਾ ਗਹੇਇ ਸਭਨਹ ਮਾਂਗਹਿ ਖੈਰ॥**

ਐਸੇ ਮਹਾਨ ਪਰਉਪਕਾਰੀ, ਤਪੱਸਵੀ, ਬ੍ਰਹਮ ਗਿਆਨੀ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਜੀ ਜਿਹਨਾਂ ਨੇ ਜਿੱਥੇ ਬੱਲਾਂ ਦੀ ਪਾਵਨ ਧਰਤੀ 'ਤੇ ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕੀਤਾ ਅਤੇ ਸੰਸਾਰੀ ਜੀਵਾਂ ਨੂੰ ਪ੍ਰਭੂ ਦਾ ਸਿਮਰਨ ਕਰਵਾਇਆ। ਆਪ ਜੀ ਹਮੇਸ਼ਾਂ ਸੰਗਤਾਂ ਨੂੰ ਵਿੱਦਿਆ ਪੜ੍ਹਾਉਣ ਦਾ ਅਤੇ ਮਾਤਾ ਪਿਤਾ ਦੀ ਸੇਵਾ ਕਰਨ, ਵੱਡਿਆਂ ਦਾ ਸਤਿਕਾਰ ਕਰਨ ਦਾ ਪਾਵਨ ਉਪਦੇਸ਼ ਦਿਆ ਕਰਦੇ ਸਨ। ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਨੇ ਪਿੰਡ ਬੱਲਾਂ ਵਿਖੇ ਡੇਰੇ ਦੀ ਉਸਾਰੀ ਕਰਵਾਈ। **2 ਫਰਵਰੀ 1964 ਨੂੰ ਡੇਰਾ ਰਵਿਦਾਸੀਆਂ ਦਾ ਲਿਖ ਕੇ ਸਮਾਜ ਦੀ ਪਹਿਚਾਣ ਨੂੰ ਅਗਾਂਹ ਤੋਰਿਆਂ ਅਤੇ ਉਚਾਰਿਆ ਕਿ ਇੱਕ ਦਿਨ**

**ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਗ੍ਰੰਥ ਬਣੇਗਾ।** ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਨੇ ਸਦੀਆਂ ਤੋਂ ਬਾਅਦ ਆਪਣੀ ਦਿਵ ਦ੍ਰਿਸ਼ਟੀ ਰਾਹੀਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਦੀ ਖੋਜ ਕੀਤੀ ਅਤੇ ਹਾੜ੍ਹ ਦੀ ਸੰਗਰਾਂਦ 1965 ਈ. ਨੂੰ ਸ਼੍ਰੀ 108 ਸੰਤ ਹਰੀ ਦਾਸ ਮਹਾਰਾਜ ਜੀ ਪਾਸੋਂ-ਨੀਂਹ-ਪੱਥਰ ਰਖਵਾਏ ਅਤੇ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਤੋਂ ਉਸਾਰੀ ਦੇ ਕਾਰਜ ਕਰਵਾ ਕੇ ਸਮਾਜ ਨੂੰ ਇੱਕ ਮਹਾਨ ਤੀਰਥ ਅਸਥਾਨ ਬਖ਼ਸ਼ਿਸ਼ ਕੀਤਾ 7 ਅਪ੍ਰੈਲ 1994 ਈ. ਨੂੰ ਇਸ ਮੰਦਰ ਦੇ ਗੁੰਬਦ ਉਪਰ 7 ਫੁੱਟ ਸੋਨੇ ਦਾ ਕਲਸ਼ ਸੁਸ਼ੋਭਿਤ ਕੀਤਾ, ਜਿਸ ਦਾ ਉਦਘਾਟਨ ਬਸਪਾ ਸੁਪਰੀਮੋ ਸਾਹਿਬ ਬਾਬੂ ਕਾਂਸੀ ਰਾਮ ਜੀ ਨੇ ਕੀਤਾ ਅਤੇ ਉਚਾਰਨ ਕੀਤਾ ਇਸ ਸਥਾਨ ਤੇ ਸੰਗਤਾਂ ਵਿਸ਼ਵ ਪੱਧਰ ਤੋਂ ਇਕੱਠੀਆਂ ਹੋਇਆ ਕਰਨਗੀਆਂ।

24 ਮਈ ਮਾਨਵ ਵਿਰੋਧੀਆਂ ਨੇ ਸ਼੍ਰੀ ਗੁਰੂ ਰਵਿਦਾਸ ਟੈਂਪਲ ਵਿਆਨਾ ਵਿਖੇ ਹਮਲਾ ਕੀਤਾ। 25 ਮਈ ਨੂੰ ਅੰਮ੍ਰਿਤ ਵੇਲੇ ਰਵਿਦਾਸੀਆ ਕੌਮ ਲਈ ਸੰਤ ਰਾਮਾ ਨੰਦ ਮਹਾਰਾਜ ਜੀ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋ ਗਏ। ਰਵਿਦਾਸੀਆ ਕੌਮ ਨੇ ਪੂਰੇ ਵਿਸ਼ਵ ਵਿੱਚ ਰੋਸ ਪ੍ਰਗਟ ਕਰਕੇ ਆਪਣੀ ਤਾਕਤ ਦਾ ਪਤਾ ਲਗਾਇਆ, ਜਿਸ ਵਿਚੋਂ 25 ਕਰੋੜ ਤੋਂ ਵੱਧ ਗਿਣਤੀ ਵਿਚ ਰਵਿਦਾਸੀਆ ਕੌਮ ਨੂੰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ 633ਵੇਂ ਆਗਮਨ ਪੁਰਬ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਤ ਸਮਾਜ ਅਤੇ ਲੱਖਾਂ ਦੀ ਗਿਣਤੀ ਵਿਚ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਤੋਂ ਰਵਿਦਾਸੀਆ ਧਰਮ ਦੇ ਨਾਂ ਨਾਲ ਪਹਿਚਾਣ ਮਿਲੀ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਇਸ ਸਦੀ ਦੇ ਸਭ ਤੋਂ ਵੱਡੇ ਚੰਦਰਮਾ ਵਿਚ ਦਰਸ਼ਨ ਦੇ ਕੇ ਆਸ਼ੀਰਵਾਦ ਦਿੱਤੇ। ਰਵਿਦਾਸੀਆ ਧਰਮ ਦਾ ਪ੍ਰਚਾਰ ਪ੍ਰਸਾਰ ਸਾਰੇ ਵਿਸ਼ਵ ਵਿੱਚ ਹੋ ਰਿਹਾ ਹੈ ਅਤੇ ਅੰਮ੍ਰਿਤਬਾਣੀ ਗ੍ਰੰਥ ਦੇ ਪ੍ਰਕਾਸ਼ ਲੱਖਾਂ ਦੀ ਗਿਣਤੀ ਵਿੱਚ ਪੂਰੇ ਵਿਸ਼ਵ ਵਿੱਚ ਹੋ ਰਹੇ ਹਨ। ਅੰਮ੍ਰਿਤਬਾਣੀ ਗ੍ਰੰਥ ਦੀ ਵਿਆਖਿਆ ਪੰਜਾਬੀ, ਹਿੰਦੀ, ਕੰਨੜ, ਗੁਜਰਾਤੀ, ਬੰਗਾਲੀ, ਅੰਗਰੇਜ਼ੀ, ਮਰਾਠੀ, ਡੱਚ, ਇਟਾਲੀਅਨ ਅਤੇ ਹੋਰ ਅਨੇਕਾਂ ਭਾਸ਼ਾਵਾਂ ਵਿੱਚ ਹੋ ਚੁਕੀ ਹੈ। ਸੁਖਸਾਗਰ ਗੁਟਕੇ ਅਨੇਕਾਂ ਭਾਸ਼ਾਵਾਂ ਵਿਚ ਲੱਖਾਂ ਦੀ ਗਿਣਤੀ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ।

ਇਸ ਪੁਸਤਕ ਦੀ ਟਾਈਪਿੰਗ ਅਤੇ ਸੈਟਿੰਗ ਦਾ ਕੰਮ ਰਾਜੇਸ਼ ਕੈਂਥ ਭਬਿਆਣਵੀ ਤੇ ਸ਼ਿਲਪਾ ਕੈਂਥ ਜੀ ਨੇ ਕੀਤਾ ਹੈ। ਇਸ ਪੁਸਤਕ ਦੀ ਪਰੂਫ ਰੀਡਿੰਗ ਡਾ.ਰਮਨ ਦਾਦਰਾ (ਐਮ.ਏ,ਪੀ.ਐਚ.ਡੀ), ਮਿਸ ਲਖਵੀਰ ਕੌਰ (ਐਮ.ਏ), ਡਾ. ਰੀਨਾ ਵਿਰਦੀ ਅਤੇ ਪ੍ਰੋ.ਸੀਮਾ ਵਿਰਦੀ ਨੇ ਕੀਤੀ ਹੈ। ਸ਼੍ਰੀ ਸਾਧੂ ਰਾਮ ਹੀਰ (ਰਿਟਾ. ਚੀਫ ਇੰਜੀਨੀਅਰ ਨੌਰਥ ਜ਼ੋਨ ਦੂਰਦਰਸ਼ਨ) ਤੇ ਕਾਂਸ਼ੀ ਰਾਮ ਕਲੇਰ ਦਾ ਵੀ ਵਿਸ਼ੇਸ਼ ਧੰਨਵਾਦੀ ਹਾਂ।

ਪੁਸਤਕ **'ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਪਾਵਨ ਸੰਖੇਪ ਜੀਵਨ'** ਸੰਗਤਾਂ ਨੂੰ ਭੇਂਟ ਕਰਦੇ ਹਾਂ ਅਤੇ ਆਸ ਕਰਦੇ ਹਾਂ ਕਿ ਸੰਗਤਾਂ ਇਸ ਤੋਂ ਭਰਪੂਰ ਲਾਭ ਪ੍ਰਾਪਤ ਕਰਕੇ ਆਪਣਾ ਜੀਵਨ ਸਫ਼ਲ ਕਰਨਗੀਆਂ ਅਤੇ ਰਵਿਦਾਸੀਆ ਧਰਮ ਦੇ ਪ੍ਰਚਾਰ ਪ੍ਰਸਾਰ ਹਿੱਤ ਆਪਣਾ ਯੋਗਦਾਨ ਪਾਉਣਗੀਆਂ।

**ਜੈ ਗੁਰਦੇਵ।**

**ਗੁਰੂ ਚਰਨਾਂ ਦਾ ਦਾਸ**
**ਸੰਤ ਸੁਰਿੰਦਰ ਦਾਸ ਬਾਵਾ**
**ਚੇਅਰਮੈਨ:-**
**ਰਵਿਦਾਸੀਆ ਧਰਮ ਪ੍ਰਚਾਰਕ ਸੰਤ ਸਮਾਜ ਸੁਸਾਇਟੀ(ਰਜਿ.)**
**ਅੰਤਰ-ਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.)**

# ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਦਾ ਸੰਖੇਪ ਇਤਿਹਾਸ

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਜ਼ਿਲ੍ਹਾ ਜਲੰਧਰ ਤੋਂ ਪਠਾਨਕੋਟ ਜਾਂਦੀ ਜਰਨੈਲੀ ਸੜਕ 'ਤੇ ਸਥਿਤ ਹੈ। ਇਸ ਅਸਥਾਨ ਦੀ ਉਸਾਰੀ ਇਥੋਂ ਦੇ ਸਰਪ੍ਰਸਤ ਰਵਿਦਾਸੀਆ ਧਰਮ ਦੇ ਅਨਮੋਲ ਹੀਰੇ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਕਰਵਾਈ ਜਿਸ ਦਾ ਨੀਂਹ ਪੱਥਰ ਸੰਤ ਸਮਾਜ ਅਤੇ ਸੰਗਤਾਂ ਦੀ ਹਾਜ਼ਰੀ ਵਿਚ ਸਤਿਕਾਰਯੋਗ ਸ਼੍ਰੀ 108 ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ (ਗੱਦੀਨਸ਼ੀਨ) ਡੇਰਾ ਸ਼੍ਰੀ 108 ਸੰਤ ਹਰੀਦਾਸ ਮਹਾਰਾਜ ਜੀ ਬੋਪਾਰਾਏ ਕਲਾਂ ਵਾਲਿਆਂ ਨੇ ਆਪਣੇ ਕਰ ਕਮਲਾਂ ਨਾਲ 27 ਮਾਰਚ 2014 ਨੂੰ ਰੱਖਿਆ, ਜਿਸ ਲਈ ਇਕ ਪਲਾਟ ਬੀਬੀ ਸ਼ਕੁੰਤਲਾ ਦੇਵੀ ਸੁਪਤਨੀ ਸ਼੍ਰੀ ਮੋਹਨ ਲਾਲ ਜੀ ਕਾਹਨਪੁਰ ਦੇ ਪਰਿਵਾਰ ਵੱਲੋਂ ਦਾਨ ਵਜੋਂ ਦਿੱਤਾ ਗਿਆ। ਇਸ ਸਮੇਂ ਇਲਾਕੇ ਦੀਆਂ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਸੀ। ਇਹੋ ਹੀ ਕਾਰਨ ਹੈ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਨਾਮਲੇਵਾ ਸੰਗਤਾਂ ਨੇ ਕਾਰ ਸੇਵਾ ਰਾਹੀਂ ਸਾਲਾਂ ਵਿਚ ਹੋਣ ਵਾਲੇ ਕੰਮ ਨੂੰ ਮਹੀਨਿਆਂ ਵਿਚ ਕਰਕੇ ਤਿਆਰ ਕੀਤਾ। ਅੱਜ ਇਸ ਅਸਥਾਨ 'ਤੇ ਦੂਰ ਦੁਰਾਡੇ ਤੋਂ ਸੰਤ ਮਹਾਂਪੁਰਸ਼, ਸਮਾਜਿਕ ਤੇ ਧਾਰਮਿਕ ਸਭਾਵਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨਾਮਲੇਵਾ ਸੰਗਤਾਂ ਪਹੁੰਚਦੀਆਂ ਹਨ। ਇੱਕ ਛੋਟੇ ਜਿਹੇ ਪਿੰਡ ਵਿਚ ਬੁਲੰਦੀਆਂ ਨੂੰ ਛੂੰਹਦਾ ਇਹ ਅਸਥਾਨ ਪੂਰੇ ਵਿਸ਼ਵ ਵਿਚ ਆਪਣੀਆਂ ਕਿਰਨਾਂ ਬਿਖੇਰ ਰਿਹਾ ਹੈ। ਸੰਗਤਾਂ ਵਿਚ ਵਧਦੇ ਹੋਏ ਪ੍ਰਚਾਰ ਅਤੇ ਪ੍ਰਸਾਰ ਨੂੰ ਦੇਖਦੇ ਹੋਏ ਯੂਰਪ ਦੀਆਂ ਸੰਗਤਾਂ ਵਲੋਂ ਇਸ ਅਸਥਾਨ ਦੇ ਸੰਸਥਾਪਕ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਇਕ ਸਫ਼ਾਰੀ ਗੱਡੀ 01-01-15 ਨੂੰ ਭੇਂਟ ਕੀਤੀ ਗਈ ਤਾਂ ਕਿ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਹੋਰ ਤੇਜ਼ ਹੋ ਸਕੇ। ਦੋ ਮੰਜ਼ਲੀ ਵੱਡੇ ਹਾਲ ਵਿਚ ਜਗਤਗੁਰੂ ਰਵਿਦਾਸ ਸੰਗੀਤ ਅਕੈਡਮੀ ਖੋਲ੍ਹੀ ਗਈ ਹੈ, ਜਿਸ ਵਿਚ ਸੰਗੀਤ ਦੇ ਧਨੀ ਅਧਿਆਪਕ ਹਰਮੋਨੀਅਮ ਅਤੇ ਤਬਲੇ ਬਾਰੇ ਵਿਸ਼ੇਸ਼ ਸਿੱਖਿਆ ਦੇ ਰਹੇ ਹਨ, ਜਿਸ ਵਿਚ ਕਰੀਬ 50 ਲੜਕੇ-ਲੜਕੀਆਂ ਅਕੈਡਮੀ ਦਾ ਲਾਹਾ ਲੈ ਰਹੇ ਹਨ। ਜਿਸ ਦਾ ਸਾਰਾ ਖਰਚਾ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਸੰਗਤਾਂ ਦੇ ਸਹਿਯੋਗ ਸਦਕਾ ਕੀਤਾ ਜਾ ਰਿਹਾ ਹੈ। ਰਵਿਦਾਸੀਆ ਧਰਮ ਪ੍ਰਚਾਰ ਅਸਥਾਨ 'ਤੇ ਦੁਖੀਆਂ ਰੋਗੀਆਂ ਦੀ ਮਾਇਕ ਮਦਦ ਦਵਾਈਆਂ ਆਦਿ ਰਾਹੀ ਕੀਤੀ ਜਾਂਦੀ ਹੈ। ਬੇਰੁਜ਼ਗਾਰ ਬੱਚਿਆਂ ਨੂੰ ਸੇਧ ਦੇ ਕੇ ਵੱਖਰੇ-ਵੱਖਰੇ ਕੋਰਸਾਂ ਅਤੇ ਕਿੱਤਾ-ਮੁਖੀ ਕੋਰਸਾਂ ਨਾਲ ਜੋੜਿਆ ਜਾਂਦਾ ਹੈ ਅਤੇ ਆਰਥਿਕ ਸਹਾਇਤਾ ਵੀ ਕੀਤੀ ਜਾਂਦੀ ਹੈ।

ਪਿੰਡ ਕਾਹਨਪੁਰ ਵਿਖੇ ਬਾਬਾ ਪਿੱਪਲ ਦਾਸ ਮਹਾਰਾਜ ਜੀ ਬਾਲਕ ਸੰਤ ਸਰਵਣ ਦਾਸ ਜੀ ਨੂੰ ਨਾਲ ਲੈ ਕੇ ਸਭ ਤੋਂ ਪਹਿਲਾਂ ਆਏ। ਜਦੋਂ ਕੁਟੀਆ ਬਨਾਉਣ ਲਈ ਨੀਂਹ ਪੁੱਟਣੀ ਸ਼ੁਰੂ ਕੀਤੀ ਤਾਂ ਉਥੋਂ ਡਮੂੰਹੀ ਨਿਕਲੀ ਮਹਾਰਾਜ ਨੇ ਕਿਹਾ ਕਿ ਅਸੀਂ ਕਿਸੇ ਦਾ ਘਰ ਉਜਾੜ ਕੇ ਆਪਣਾ ਘਰ ਕਿਵੇਂ ਬਣਾ ਸਕਦੇ ਹਾਂ, ਇਹ ਬੋਲ ਕੇ ਅਗਲੇ ਪਿੰਡ ਚਲੇ ਗਏ ਅਤੇ ਬਚਨ ਕੀਤੇ ਅਸੀਂ ਫਿਰ ਆਵਾਂਗੇ, ਆਪਣਾ ਅਸਥਾਨ ਬਣਾਵਾਂਗੇ। ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਪਿਤਾ ਸ਼੍ਰੀ ਗੁਰਦਾਸ ਰਾਮ ਜੀ ਤੇ ਬੀਬੀ ਗੁਰਬਚਨ ਕੌਰ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਸ਼ਰਧਾਲੂ ਸਨ। ਇਨ੍ਹਾਂ ਦੇ ਗ੍ਰਹਿ ਵਿਖੇ ਸਤਿਗੁਰੂ ਜੀ ਕਈ ਰਾਤਾਂ ਰੁਕੇ। ਇਕ ਸਮੇਂ 1972 ਈ: ਨੂੰ ਬੀਬੀ ਗੁਰਬਚਨ ਕੌਰ ਬਿਮਾਰ ਹੋ ਗਏ। ਡਾਕਟਰਾਂ ਨੇ ਜਵਾਬ ਦੇ ਦਿੱਤਾ।

ਸਤਿਗੁਰੂ ਜੀ ਨੇ ਆਪ ਸੰਗਤਾਂ ਸਮੇਤ ਸਿਵਲ ਹਸਪਤਾਲ ਜਲੰਧਰ ਜਾ ਕੇ ਬੀਬੀ ਗੁਰਬਚਨ ਕੌਰ ਦੀ ਜਾਨ ਬਚਾਈ ਅਤੇ ਵਰ ਦਿੱਤਾ ਕਿ ਇਸ ਪੁੱਤਰ ਨੂੰ ਨਹੀਂ ਰੋਣਾ ਤੇਰੇ ਦੋ ਪੁੱਤਰ ਹੋਰ ਹੋਣਗੇ। ਬੀਬੀ ਜੀ ਨੇ ਉਸ ਸਮੇਂ ਹੀ ਵੱਡੇ ਸਪੁੱਤਰ ਨੂੰ ਸਤਿਗੁਰੂ ਸਰਵਣ ਦਾਸ ਜੀ ਦੇ ਚਰਨਾਂ ਵਿਚ ਭੇਂਟ ਕੀਤਾ।

ਸੇਵਾ ਭਾਵਨਾ ਦੀ ਗੁੜ੍ਹਤੀ ਆਪ ਜੀ ਨੂੰ ਮਾਤਾ-ਪਿਤਾ ਜੀ ਵਲੋਂ ਹੀ ਪ੍ਰਾਪਤ ਹੋਈ ਹੈ। ਆਪ ਜੀ ਦੇ ਸਤਿਕਾਰਯੋਗ ਮਾਤਾ-ਪਿਤਾ ਸਤਿਗੁਰੂ ਸਰਵਣ ਦਾਸ ਜੀ ਦੇ ਅਨਿੰਨ ਭਗਤ ਸਨ ਅਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦਾ ਪੂਰਾ ਆਸ਼ੀਰਵਾਦ ਆਪ ਜੀ ਦੇ ਪਿਤਾ (ਦੁਨਿਆਵੀ) ਸ਼੍ਰੀ ਗੁਰਦਾਸ ਰਾਮ ਜੀ ਨੂੰ ਪ੍ਰਾਪਤ ਸੀ। ਜਿਸ ਦੀ ਇਕ ਮਿਸਾਲ ਆਪ ਜੀ ਨੂੰ ਇੱਥੇ ਦੱਸ ਰਹੇ ਹਾਂ ਕਿ ਜਿਸ ਵਕਤ ਸੁਆਮੀ ਸਰਵਣ ਦਾਸ ਜੀ ਮਹਾਰਾਜ 11 ਜੂਨ 1972 ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਚੋਲਾ ਛੱਡ ਕੇ ਬ੍ਰਹਮਲੀਨ ਹੋ ਗਏ। ਸੰਸਕਾਰ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ। ਦੇਸਾਂ ਪ੍ਰਦੇਸਾਂ ਤੋਂ ਸੰਗਤਾਂ ਸਤਿਗੁਰੂ ਜੀ ਦੇ ਅੰਤਿਮ ਦਰਸ਼ਨਾਂ ਲਈ ਜੁੜੀਆਂ ਹੋਈਆਂ ਸਨ। ਚਿਖਾ ਨੂੰ ਅਗਨੀ ਭੇਂਟ ਕਰਨ ਦੀਆਂ ਤਿਆਰੀਆਂ ਸਨ। ਚਿਖਾ ਵਿਚ ਦੇਸੀ ਘਿਓ, ਚੰਦਨ ਦੀ ਲੱਕੜੀ, ਧੂਫ, ਠੂਠੀ, ਸਮੱਗਰੀ ਆਦਿ ਪਾਇਆ ਜਾ ਰਿਹਾ ਸੀ। ਅਗਨੀ ਭੇਂਟ ਕਰਨ ਲਈ ਅਰਦਾਸ ਸਮਾਪਤ ਹੋ ਚੁੱਕੀ ਸੀ। ਉੱਥੇ ਮੌਜੂਦ ਵਿਅਕਤੀਆਂ ਮੁਤਾਬਕ ਬ੍ਰਹਮਲੀਨ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਪੰਜ ਭੂਤਕ ਸਰੀਰ ਵਿਚੋਂ ਖ਼ੂਨ ਦੀਆਂ ਧਾਰਾਂ ਨਿਕਲੀਆਂ ਜਿਸ ਦੇ ਕੁਝ ਤੁਪਕੇ ਸ਼੍ਰੀ ਗੁਰਦਾਸ ਰਾਮ ਜੀ ਦੇ ਸਰੀਰ ਉੱਪਰ ਪਏ। ਇਹ ਇੱਕ ਵਿਚਾਰਨਯੋਗ ਗੱਲ ਹੈ ਕਿ ਇਹ ਤੁਪਕੇ ਸ਼੍ਰੀ ਗੁਰਦਾਸ ਰਾਮ ਜੀ ਦੇ ਸਰੀਰ ਤੇ ਹੀ ਕਿਉਂ ਗਿਰੇ? ਤੇ ਫਿਰ... ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਸਰੀਰਕ ਰੂਪ ਵਿਚ ਚਲੇ ਜਾਣ ਤੋਂ ਪੂਰੇ 9 ਮਹੀਨੇ ਬਾਅਦ 14 ਮਾਰਚ 1973 ਨੂੰ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਜਨਮ ਇਕ ਅਧਿਆਤਮਿਕ ਸਵਾਲ ਖੜ੍ਹਾ ਕਰਦਾ ਹੈ।

ਪੰਜ ਸਾਲ ਦੀ ਉਮਰ ਵਿਚ ਸ਼੍ਰੀ 108 ਸੰਤ ਹਰੀ ਦਾਸ ਮਹਾਰਾਜ ਜੀ ਬਾਵਾ ਜੀ ਨੂੰ ਭਗਵਾਂ ਭੇਖ ਪਹਿਨਾ ਕੇ ਸੁੱਚੀ ਪਿੰਡ ਤੋਂ ਡੇਰਾ ਬੱਲਾਂ ਲੈ ਆਏ। ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਨੇ ਵਿੱਦਿਆ ਪੜ੍ਹਾਈ।ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ 'ਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਅਤੇ ਸੰਤ ਸਮਾਜ ਦੀ ਕਿਰਪਾ ਨਾਲ 30 ਜਨਵਰੀ 2010 ਈ: ਨੂੰ ਰਵਿਦਾਸੀਆ ਧਰਮ ਦਾ ਐਲਾਨ ਕੀਤਾ।ਜਿਸ ਨਾਲ ਰਵਿਦਾਸੀਆ ਕੌਮ ਨੂੰ ਵੱਖਰੀ ਪਹਿਚਾਣ ਮਿਲੀ।

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਵਿਖੇ ਇਕ ਲਾਇਬ੍ਰੇਰੀ 'ਸਤਿਗੁਰੂ ਸਰਵਣ ਦਾਸ ਮਹਾਰਾਜ ਜੀ' ਦੀ ਯਾਦ ਵਿਚ ਬਣਾਈ ਗਈ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪੁਸਤਕਾਂ ਹਨ, ਜਿਨ੍ਹਾਂ ਵਿਚ **'ਦਲਿਤ ਇਤਿਹਾਸ' ਅਤੇ ਦਲਿਤ ਪੱਖੀ ਲਿਖਾਰੀਆਂ ਦੀਆਂ ਪੁਸਤਕਾਂ ਰੱਖੀਆਂ ਹਨ।** ਮਹਾਨ ਗੁਰੂਆਂ, ਦੇਸ਼ ਭਗਤਾਂ, ਯੋਧਿਆਂ ਅਤੇ ਸਾਹਿਤਕਾਰਾਂ ਨਾਲ ਸੰਬੰਧਿਤ ਸਾਹਿਤ ਇਸ ਲਾਇਬ੍ਰੇਰੀ ਵਿਚ ਮੌਜੂਦ ਹੈ। ਇੱਥੇ ਹੀ ਬਸ ਨਹੀਂ ਡਾ. ਅੰਬੇਡਕਰ ਤੇ ਹੋਰ ਵੱਖ-ਵੱਖ ਲਾਇਬ੍ਰੇਰੀਆਂ ਰਾਹੀਂ ਪੁੰਗਰ ਰਹੇ ਨਵੇਂ ਲਿਖਾਰੀਆਂ ਨੂੰ ਮੁਫ਼ਤ ਕਿਤਾਬਾਂ ਵੰਡੀਆਂ ਜਾਂਦੀਆਂ ਹਨ ਅਤੇ ਆਉਣ ਵਾਲੇ ਸਮੇਂ ਵਿਚ ਇਕ ਮੈਗਜ਼ੀਨ ਵੀ ਚਾਲੂ ਕੀਤਾ ਜਾ ਰਿਹਾ ਹੈ, ਜੋ ਪ੍ਰਕਿਰਿਆ ਅਧੀਨ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਨਿਰੰਤਰ ਪ੍ਰਚਾਰ ਹੁੰਦਾ ਹੈ।

ਸੰਤ ਸੁਰਿੰਦਰ ਦਾਸ ਬਾਵਾ ਜੀ ਨੇ 2010, 2011, 2012, 2013 ਵਿੱਚ ਕਈ ਵਾਰ ਯੂਰਪ, ਆਸਟਰੀਆ, ਗਰੀਸ, ਇਟਲੀ, ਜਰਮਨ ਹਾਲੈਂਡ, ਸਪੇਨ, ਫ੍ਰਾਂਸ, ਨੌਰਵੇ, ਅਮਰੀਕਾ, ਕੈਨੇਡਾ, ਯੂ.ਏ.ਈ ਅਤੇ ਯੂ.ਕੇ ਵਿੱਚ, 2014 ਵਿੱਚ ਇਟਲੀ ਅਤੇ ਆਸਟਰੀਆ, 2015 ਵਿੱਚ ਗਰੀਸ, ਇਟਲੀ ਪੁਰਤਗਾਲ, ਆਸਰਟੀਆ, 2016 ਵਿੱਚ ਅਮਰੀਕਾ, ਕੈਨੇਡਾ, ਗਰੀਸ, ਇਟਲੀ ਅਤੇ ਆਸਟਰੀਆ, ਯੂ.ਕੇ, 2017 ਵਿੱਚ ਆਸਟਰੀਆ, ਯੂ.ਕੇ, ਗਰੀਸ, ਇਟਲੀ, ਅਮਰੀਕਾ, ਕੈਨੇਡਾ ਅਤੇ ਯੂ.ਏ.ਈ ਵਿੱਚ, 2018 ਵਿਚ ਫ੍ਰਾਂਸ, ਯੂ.ਕੇ, ਇਟਲੀ, ਗਰੀਸ, ਨੌਰਵੇ, ਆਸਟਰੀਆ, ਅਮਰੀਕਾ, ਕੈਨੇਡਾ ਅਤੇ ਯੂ.ਏ.ਈ, 2019 ਵਿੱਚ ਆਸਟਰੀਆ, ਫ੍ਰਾਂਸ, ਇਟਲੀ, ਗਰੀਸ, ਯੂ.ਕੇ,ਅਮਰੀਕਾ, ਕੈਨੇਡਾ ਅਤੇ ਯੂ.ਏ.ਈ ਵਿੱਚ ਰਵਿਦਾਸੀਆ ਧਰਮ ਦਾ ਪ੍ਰਚਾਰ ਕੀਤਾ।

ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ 2010 ਵਿੱਚ ਸ਼੍ਰੀ ਗੁਰੂ ਰਵਿਦਾਸ ਸਭਾ ਬੈਰਗਾਮੋ ਇਟਲੀ, 2011 ਸ਼੍ਰੀ ਗੁਰੂ ਰਵਿਦਾਸ ਸਭਾ ਕਰੋਪੀ ਐਥਨ ਗਰੀਸ ਵਿੱਚ, 2012 ਸ੍ਰੀ ਗੁਰੂ ਰਵਿਦਾਸ ਸਭਾ ਵਿਆਨਾ, ਆਸਟਰੀਆ ਸ੍ਰੀ ਗੁਰੂ ਰਵਿਦਾਸ ਸਭਾ ਰੋਮ ਇਟਲੀ, ਸ੍ਰੀ ਗੁਰੂ ਰਵਿਦਾਸ ਸਭਾ ਵਿਲੇਨਸੀਆ ਸਪੇਨ, 2014 ਵਿੱਚ ਪਿੰਡ ਮਦਾਰਾ ਜ਼ਿਲ੍ਹਾ ਜਲੰਧਰ (ਪੰਜਾਬ), 11 ਸਤੰਬਰ 2015 ਸ਼੍ਰੀ ਗੁਰੂ ਰਵਿਦਾਸ ਸੁਖਸਾਗਰ ਦਰਬਾਰ ਮਨੀਦੀ ਗਰੀਸ, 30 ਦਸੰਬਰ 2015 ਪਿੰਡ ਅਲਾਵਲਪੁਰ, 11 ਸਤੰਬਰ 2016 ਸਾਊਥ ਹਾਲ ਲੰਡਨ ਵਿੱਚ, 21 ਮਈ 2017 ਸ਼੍ਰੀ ਗੁਰੂ ਰਵਿਦਾਸ ਭਵਨ ਬਾਰੀ ਇਟਲੀ, 28 ਮਈ 2017 ਸ਼੍ਰੀ ਗੁਰੂ ਰਵਿਦਾਸ ਦਰਬਾਰ ਕਰੋਪੀ ਗਰੀਸ ਵਿਚ 20 ਅਗਸਤ 2017 ਟੋਰਾਂਟੋ ਕੈਨੇਡਾ ਅਤੇ 30 ਦਸੰਬਰ 2017 ਨੂੰ ਸੁੱਚੀ ਪਿੰਡ, 2 ਸਿਤੰਬਰ 2018 ਟਿੰਪਟਨ ਯੂ.ਕੇ ਵਿੱਚ ਰਵਿਦਾਸੀਆ ਸਮਾਜ ਵਲੋਂ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ।

ਭਾਰਤੀ ਦਲਿਤ ਸਾਹਿਤ ਅਕੈਡਮੀ ਦਿੱਲੀ ਵਿੱਚ 2006 ਵਿੱਚ ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਸ਼੍ਰੀ ਗੁਰੂ ਰਵਿਦਾਸ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਵੱਧਦੀ ਹੋਈ ਸੰਗਤ ਅਤੇ ਪ੍ਰਚਾਰ ਪ੍ਰਸਾਰ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਯੂਰਪ ਦੀਆਂ ਸੰਗਤਾਂ ਵੱਲੋਂ ਸੰਗਤਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਇੱਕ ਨਾਲ ਲੱਗਦਾ ਪਲਾਟ ਇਸ ਸਥਾਨ ਨੂੰ ਖਰੀਦ ਕੇ ਦਿੱਤਾ ਗਿਆ। ਅੱਜ ਇਹ ਪ੍ਰਚਾਰ ਅਸਥਾਨ ਇੱਕ ਚਾਨਣ ਮੁਨਾਰਾ ਬਣ ਕੇ ਸੰਗਤਾਂ ਵਿਚ ਉਭਰ ਰਿਹਾ ਹੈ। ਇਸ ਪਾਵਨ ਸਥਾਨ ਤੇ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਪੱਕੇ ਤੌਰ ਤੇ ਰੈਣ-ਬਸੇਰਾ ਬਣਾਇਆ ਹੋਇਆ ਹੈ ਜਿੱਥੇ ਆਪ ਖੁਦ ਨਾਮ ਜੱਪਦੇ, ਬਾਣੀ ਪੜ੍ਹਦੇ ਸੁਣਦੇ ਅਤੇ ਸੰਗਤਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰਦੇ ਹਨ। ਇਸ ਸਥਾਨ ਤੇ ਰਵਿਦਾਸੀਆ ਧਰਮ ਦੇ ਨਿਯਮਾਂ ਮੁਤਾਬਿਕ ਹੀ ਆਪਣੇ ਆਪ ਨੂੰ ਢਾਲ ਕੇ ਚੱਲਣਾ ਪੈਂਦਾ ਹੈ।

ਇਸ ਪ੍ਰਚਾਰ ਅਸਥਾਨ ਤੇ 'ਅੰਮ੍ਰਿਤ ਬਾਣੀ' ਭਵਨ ਉਸਾਰਿਆ ਗਿਆ ਹੈ, ਜਿਸ ਵਿਚ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਸੁਸ਼ੋਭਿਤ ਹੈ ਜਿਸ ਦੇ ਸਵੇਰੇ ਸ਼ਾਮ ਜਾਪ ਅਤੇ ਸਤਿਸੰਗ ਹੁੰਦੇ ਹਨ। ਹਰ ਐਤਵਾਰ ਅਤੇ ਸੰਗਰਾਂਦ 'ਤੇ ਵਿਸ਼ੇਸ਼ ਦੀਵਾਨ ਸਜਾਏ ਜਾਂਦੇ ਹਨ ਜਿੱਥੇ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਹਰ ਮਹੀਨੇ ਵੱਖ ਵੱਖ ਬੀਮਾਰੀਆਂ ਦੇ ਮਾਹਿਰ ਡਾਕਟਰ ਮਰੀਜਾਂ ਦਾ ਚੈੱਕਅਪ ਕਰਦੇ ਹਨ ਤੇ ਦਵਾਈਆਂ ਦਿੰਦੇ ਹਨ।

ਇਸ ਪਾਵਨ ਅਸਥਾਨ ਨੂੰ ਲੋਕ ਸ਼ਰਧਾ ਨਾਲ ਮੰਨਦੇ ਹਨ। ਰੋਜ਼ਾਨਾ ਸਵੇਰ ਤੋਂ ਸ਼ਾਮ ਤੱਕ

ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਹਨ। ਇਸ ਦਰਬਾਰ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਪ੍ਰਚਾਰ ਹੁੰਦਾ ਹੈ। ਲੋਕਾਂ ਨੂੰ ਨਾਮ ਬਾਣੀ ਦੇ ਨਾਲ-ਨਾਲ ਸਮਾਜਿਕ ਕੁਰੀਤੀਆਂ ਨਸ਼ਿਆਂ, ਦਾਜ ਦੇ ਕੋਹੜ, ਸਮਾਗਮਾਂ ਵਿਚ ਵਧੇਰੇ ਖਰਚੇ, ਭਰੂਣ ਹੱਤਿਆ, ਨਿੰਦਿਆ-ਚੁਗਲੀ ਤੋਂ ਮੁਕਤ ਹੋਣ ਲਈ, ਬੱਚਿਆਂ ਨੂੰ ਉਚੇਰੀ ਸਿੱਖਿਆ, ਬਜ਼ੁਰਗਾਂ ਦਾ ਸਤਿਕਾਰ ਕਰਨ ਸੰਬੰਧੀ ਵਿਸ਼ੇਸ਼ ਪ੍ਰਚਾਰ ਕੀਤਾ ਜਾਂਦਾ ਹੈ। ਇਹ ਪ੍ਰਚਾਰ ਅਸਥਾਨ ਸਭ ਲਈ ਖੁੱਲ੍ਹਾ ਹੈ। ਹਰ ਅਮੀਰ ਅਤੇ ਗਰੀਬ ਲਈ ਬਰਾਬਰ ਹੈ ਅਤੇ ਸਭ ਦੇ ਸਤਿਕਾਰ ਹਿੱਤ ਬਣਾਇਆ ਗਿਆ ਹੈ। ਇੱਥੇ ਕੋਈ ਊਚ ਨੀਚ ਨਹੀਂ। ਇਸ ਪ੍ਰਚਾਰ ਅਸਥਾਨ ਵਿਚ ਮਾਨਵਤਾ ਦੀ ਭਲਾਈ, ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗਮਪੁਰਾ ਦੇ ਸੰਕਲਪ ਅਤੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪੜ੍ਹੋ ਜੁੜੋ ਸੰਘਰਸ਼ ਕਰੋ ਦੇ ਏਜੰਡੇ ਤੇ ਹੀ ਪ੍ਰਚਾਰ ਹੁੰਦਾ ਹੈ।

ਇਸ ਅਸਥਾਨ ਤੇ 24 ਜੁਲਾਈ 2016 ਦਿਨ ਐਤਵਾਰ ਨੂੰ ਸੰਤ ਸੁਰਿੰਦਰ ਦਾਸ ਬਾਵਾ ਜੀ, ਸੰਤ ਸੱਤਿਆਪਾਲ ਜੀ ਚੰਡੀਗੜ੍ਹ, ਸੰਤ ਬੀਬੀ ਕ੍ਰਿਸ਼ਨਾ ਦੇਵੀ ਬੋਪਾਰਾਏ ਕਲਾਂ, ਸੰਤ ਹਰਵਿੰਦਰ ਦਾਸ ਆਦਮਪੁਰ ਅਤੇ ਹੋਰ ਸੰਤ ਸਮਾਜ ਦੀ ਹਾਜ਼ਰੀ ਵਿੱਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਪ੍ਰਤਿਮਾ "ਅੰਮ੍ਰਿਤਬਾਣੀ ਭਵਨ" ਵਿੱਚ ਸਥਾਪਤ ਕੀਤੀ ਗਈ ਅਤੇ ਇਸ ਮੌਕੇ ਤੇ ਸ਼੍ਰੀ ਸਾਧੂ ਰਾਮ ਹੀਰ ਜੀ (ਰਿਟਾ. ਚੀਫ ਇੰਜੀਨੀਅਰ ਨੌਰਥ ਜ਼ੌਨ ਦੂਰਦਰਸ਼ਨ) ਨੂੰ ਰਵਿਦਾਸੀਆ ਸਮਾਜ ਲਈ ਵੱਡਮੁੱਲੀਆਂ ਸੇਵਾਵਾਂ ਦੇਣ ਲਈ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਪ੍ਰਚਾਰ ਅਸਥਾਨ ਦੀ ਪ੍ਰਿਯਤਾ ਅੱਜ ਪੂਰੇ ਵਿਸ਼ਵ ਵਿਚ ਤੇਜ਼ੀ ਨਾਲ ਵੱਧ ਰਹੀ ਹੈ। ਜਿਸ ਨੂੰ ਸਫ਼ਲ ਬਣਾਉਣ ਲਈ ਸਮੁੱਚੀਆਂ ਸੰਗਤਾਂ ਦਾ ਸਹਿਯੋਗ ਜ਼ਰੂਰੀ ਹੈ। ਰਹਿਣ-ਸਹਿਣ ਅਤੇ ਲੰਗਰ ਆਦਿ ਦੀਆਂ ਵਿਵਸਥਾਵਾਂ ਹਨ।

ਇਸ ਪ੍ਰਚਾਰ ਅਸਥਾਨ 'ਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦਾ ਉਹ ਸੰਕਲਪ ਸਾਕਾਰ ਨਜ਼ਰ ਆ ਰਿਹਾ ਹੈ, ਜਿਸ ਬਾਰੇ ਮਹਾਰਾਜ ਜੀ ਸੋਚਿਆ ਕਰਦੇ ਸਨ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਘਰ-ਘਰ ਪ੍ਰਚਾਰ ਹੋਵੇ। ਇਸ ਮਹਾਨ ਕਾਰਜ ਲਈ ਸੰਤ ਸੁਰਿੰਦਰ ਦਾਸ ਬਾਵਾ ਜੀ ਦਿਨ-ਰਾਤ ਇੱਕ ਕਰਦੇ ਹੋਏ ਯਤਨਸ਼ੀਲ ਹਨ। ਸਤਿਗੁਰੂ ਇਨ੍ਹਾਂ 'ਤੇ ਆਪਣਾ ਮਿਹਰ ਭਰਿਆ ਹੱਥ ਰੱਖਣ ਤਾਂ ਕਿ ਕੌਮੀ ਕੰਮਾਂ ਲਈ ਇਸੇ ਤਰ੍ਹਾਂ ਡਟੇ ਰਹਿਣ।

**ਕਾਂਸ਼ੀ ਰਾਮ ਕਲੇਰ ਜੰਡੂ ਸਿੰਘਾ**

## ਤਤਕਰਾ


ਲੜੀ ਨੰ. ਵਿਸ਼ਾ ਪੰਨਾ

1.ਜਗਤਗੁਰੂ ਰਵਿਦਾਸ ਮਹਾਰਾਜ ਜੀ ਕੀ ਜੈ..............................1
2.ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ............................2
3.ਜਗਤਗੁਰੂ ਰਵਿਦਾਸ ਮਹਾਰਾਜ ਜੀ ਬਾਲਪਨ..........................4
4.ਪਾਰਿਵਾਰਕ ਜੀਵਨ..................................................6
5.ਗੁਰਮੁਖੀ ਅੱਖਰਾਂ ਦੀ ਰਚਨਾ ਕਰਨੀ.......................................9
6.ਪੀਰਾਂ ਦਿੱਤਾ ਮਰਾਸੀ ਦੀ ਇਰਖਾ.........................................15
7.ਠਾਕੁਰ ਤਾਰਨ ਦੀ ਕਥਾ.................................................17
8. ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਪਾਰਸ ਭੇਟ ਕਰਨਾ...................22
9.ਪ੍ਰਭੁ ਦੁਆਰਾ ਸੰਗਤ ਕੀ ਸੇਵਾ ਲਈ ਮੋਹਰਾਂ ਦਾ ਵਰਦਾਨ..........................26
10.ਇੱਕ ਸੇਠ ਨੂੰ ਅੰਮ੍ਰਿਤ ਕਾ ਨਿਰਾਦਰ ਕਰਕੇ ਕੁਸ਼ਟ ਰੋਗ ਹੋਣਾ.....................27
11.ਇੱਕ ਹਿਰਨੀ ਦੀ ਰੱਖਿਆ..............................................28
12.ਇੱਕ ਸ਼ੇਖ ਦੁਆਰਾ ਸ਼੍ਰੀ ਗੁਰੂ ਰਵਿਦਾਸ ਜੀ ਪਾਸੋਂ ਪ੍ਰੇਮ ਦੀ ਜਾਚਨਾ ....30
13.ਮ੍ਰਿਤਕ ਬਾਲਕ ਨੂੰ ਜੀਵਨ ਦਾਨ ਦੇਣਾ......................31
14.ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਕਬੀਰ ਮਹਾਰਾਜ.32
15.ਕੁਮਾਲੀ ਨੂੰ ਗਿਆਨ ਦੀ ਪ੍ਰਾਪਤੀ ............................33
16.ਕੁਮਾਲੀ ਦਾ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਸ਼ਰਨ ਵਿਚ ਜਾਣਾ ....34
17.ਜਗਤਗੁਰੂ ਰਵਿਦਾਸ ਕੁੰਡ ਜੂਨਾਗੜ੍ਹ ਦਾ ਇਤਿਹਾਸ.....................35
18.ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਪੰਜਾਬ ਯਾਤਰਾ............37
19.ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਨਰਸਿੰਘ ਮਹਿਤਾ ਉੱਪਰ ...38
20.ਪਰਮਾਨੰਦ ਬੈਰਾਗੀ ਨੂੰ ਉਪਦੇਸ਼..............................41
21.ਰੂਪਵਤੀ ਦਾ ਪ੍ਰਸੰਗ.........................................42
22.ਜਗਤਗੁਰੂ ਰਵਿਦਾਸ ਮਹਾਰਾਜ ਜੀ ਦੁਆਰਾ ਕੁੰਭ ਦੇ ...............44
23.ਰਾਣੀ ਝਾਲੀ ਦੀ ਕਥਾ...............................................48
24.ਜਗਤਗੁਰੂ ਰਵਿਦਾਸ ਮਹਾਰਾਜ ਜੀ ਤੇ ਉਹਨਾਂ ਦੀ ਸ਼ਿਸ਼ ਮੀਰਾਂ ਬਾਈ...52
25.ਜਗਤਗੁਰੂ ਰਵਿਦਾਸ ਮਹਾਰਾਜ ਜੀ ਸ਼ਿਸ਼ ਕਰਮਾ ਬਾਈ ਜੀ............57
26.ਜਗਤਗੁਰੂ ਰਵਿਦਾਸ ਮਹਾਰਾਜ ਜੀ ਚਰਨ ਕੁੰਡ ਮਾਂਡਵ ......59
27.ਉਲਟੀ ਗੰਗਾ ਵਹਾਉਣਾ.....................................60
28.ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਿੰਕਦਰ ਲੋਧੀ.............61
29.ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਉਦਾਸੀਆਂ/ਯਾਤਰਾਵਾਂ....62
30.ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਹਿਮਾਚਲ .....69

31.ਰਾਜਾ ਪੀਪਾ ਦੁਆਰਾ ਜਗਤਗੁਰੂ ਰਵਿਦਾਸ ਮਹਾਰਾਜ ਜੀ .......70
32.ਮਾਘੀ ਤੇ ਚੌਹਾਂ ਯੁੱਗਾਂ ਦੇ ਜਨੇਊ ਦਿਖਾਉਣਾ........................73
33.ਗਊਆਂ ਵਿਚ ਜਾਨ ਪਾਉਣੀ..................................74
34.ਕਿਰਦਾਰ ਪਾਂਡੇ ਅਤੇ ਉਸਦੇ ਸਾਥੀਆਂ ਦੁਆਰਾ ਜਗਤਗੁਰੂ ਰਵਿਦਾਸ..76
35.ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਅਲਾਵਦੀ ਬਾਦਸ਼ਾਹ ਨਾਲ ..77
36ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਸਤਿਗੁਰੂ ਕਬੀਰ ਜੀ, ਸਤਿਗੁਰੂ ਨਾਨਕ ਦੇਵ ਜੀ ਨਾਲ ਗਿਆਨ ਗੋਸ਼ਟੀ ..................80
37.ਅਯੁੱਧਿਆ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ.............85
38.ਰਾਜਾ ਚੰਦਰ ਪ੍ਰਤਾਪ.................................................86
39.ਬੀਬੀ ਭਨਮਤੀ ਦਾ ਸ਼ਿਸ਼ ਹੋਣਾ......................................86
40 ਮੁਲਤਾਨ ਵਿਚ ਬੀਬੀ ਧਰਮੋਂ ਦੇ ਪੁੱਤਰ ਨੂੰ ਜੀਵਨ ਦਾਨ ਦੇਣ............87
41.ਬਾਜੀਗਰਾਂ ਦੀ ਬਾਜ਼ੀ................................................91
42.ਗੋਸ਼ਟੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਗੁਰੂ ਗੋਰਖ ਨਾਥ....91
43.ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਿਕੰਦਰ ਲੋਧੀ ਦੁਆਰਾ ਜੇਲ੍ਹ ਵਿਚ ਬੰਦ ਕਰਨਾ..............................................94
44. ਬਾਬਰ 'ਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਦਾ ਪ੍ਰਭਾਵ................................................95
45.ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਸੱਚਖੰਡ ਪਧਾਰਨਾ..........98
46.ਸੰਤ ਸੁਰਿੰਦਰ ਦਾਸ ਬਾਵਾ ਜੀ ਦੀਆਂ ਪ੍ਰਕਾਸ਼ਤ ਪੁਸਤਕਾਂ ਦੀ ਸੂਚੀ......101

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ
# ਪਾਵਨ ਸੰਖੇਪ ਜੀਵਨ

# ਜਗਤਗੁਰੂ ਰਵਿਦਾਸ ਜੀ ਮਹਾਰਾਜ ਦੀ ਜੈ

ਜਗਤ ਗੁਰੂ ਰਵਿਦਾਸ ਜੀ ਬਾਰੇ ਸੂਰਿਆਕਾਂਤ ਤ੍ਰਿਪਾਠੀ ਜੀ 'ਅਨਿਮਾ' ਨਾਮਕ ਗ੍ਰੰਥ ਵਿਚ ਲਿਖਦੇ ਹਨ—

**ਜਗਤਗੁਰੂ ਰਵਿਦਾਸ ਮਹਾਰਾਜ ਜੀ ਬਾਰੇ**

**ਗਿਆਨੁ ਕੇ ਆਕਰ ਮੁਨੀਸਰ ਥੇ ਪਰਮ**
**ਧਰਮ ਕੇ ਧਵਜ, ਉਨਮੇਂ ਅਨਿਅਤਮ,**
**ਪੂਜਯ ਅਗ੍ਰਜ ਭਗਤ ਕਵੀਓ ਕੇ ਪ੍ਰਖਰ**
**ਕਲਪਨਾ ਕੀ ਕਿਰਨ ਨੀਰਜ ਪਰ ਸੁਧਰ**
**ਪੜੀ ਜਿਉ ਅੰਗੜਾਈਆਂ ਲੇ ਕਰ ਖੜੀ**
**ਜਾਤਿ ਕੀ ਦੇਖਾ ਸਭੀ ਨੇ ਮੀਚ ਕਰ**
**ਦ੍ਰਿਗ ਤੁਮ੍ਹੇਂ ਸ਼ਰਧਾ ਸੁਲਿਲ ਸੇ ਸੀਂਚ ਕਰ॥**
**ਰਾਣੀਆਂ ਅਵਰੋਧ ਕੀ ਘੇਰੀ ਹੁਈ**
**ਬਾਣੀਆਂ ਜਿਉ ਬਣੀ ਜਬ ਚੇਰੀ ਹੁਈ।**
**ਛੂਆ ਪਾਰਸ ਵੀ ਨਹੀਂ ਤੁਮਨੇਂ ਰਹੇ**
**ਕਰਮ ਕੇ ਅਭਿਆਸੁ ਮੇਂ ਅਵਿਰਤ ਰਹੇ।**
**ਗਿਆਨ ਗੰਗਾ ਮੇ, ਸਮੁਜਵਲ ਚਰਮਕਾਰ**
**ਚਰਣ ਛੂ ਕਰ ਰਹਾ ਮੈ ਨਮਸਕਾਰ।** (1942 ਈਸਵੀ)

ਸੰਤ ਪਲਟੂਦਾਸ ਜੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਜਿੱਥੇ ਵੀ ਪਰਮਾਤਮਾ ਨੂੰ ਬੁਲਾਇਆ, ਉਹਨਾਂ ਦੇ ਪ੍ਰੇਮ ਭਾਵ ਨੂੰ ਦੇਖਦੇ ਹੋਏ ਪਰਮਾਤਮਾ ਨੂੰ ਉਸ ਸਥਾਨ ਉੱਤੇ ਹੀ ਪ੍ਰਗਟ ਹੋਣਾ ਪਿਆ। ਇਸ ਪਦ ਵਿਚ ਸੰਤ ਪਲਟੂ ਦਾਸ ਜੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਅਨੋਖੇ ਚਰਿੱਤਰ ਦਾ ਵਰਨਣ ਕਰਦੇ ਹੋਏ ਲਿਖਦੇ ਹਨ :-

**ਨਹਾਤੇ ਤ੍ਰਿਕਾਲ ਰੋਜ਼ ਪੰਡਿਤ ਆਚਾਰੀ ਬੜੇ**
**ਸਦਾ ਪਟ ਬਸਤਰ ਸੁਤ ਅੰਗ ਨ ਲਗਾਈ ਹੈ।**
**ਪੂਜਾ ਨੈਵੈਦ ਆਰਤੀ ਕਰਤੇ ਹਮ ਬਿਧਿ ਵਿਧਾਨੁ**
**ਚੰਦਨ ਔ ਤੁਲਸੀ ਭਲੀ ਭਾਂਤਿ ਸੇ ਚੜ੍ਹਾਈ ਹੈ।**
**ਹਾਰੇ ਹਮ ਕੁਲੀਨ ਸਭ ਕੋਟਿ ਕੋਟਿ ਕੈ ਉਪਾਇ**
**ਕੈਸੇ ਤੁਮ ਠਾਕੁਰ ਹਮ ਸਪਨੇ ਹੂੰ ਨ ਪਾਈ ਹੈ।**
**ਪਲਟੂ ਦਾਸ ਦੇਖੋ ਰੀਝ ਮੇਰੇ ਸਾਹਿਬ ਕੀ**
**ਗਏ ਹੈ ਵਹਾਂ ਜਬ ਰਵਿਦਾਸ ਜੀ ਬੁਲਾਈ ਹੈ।**

* * *

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ

ਜਦੋਂ-ਜਦੋਂ ਸੰਸਾਰ ਵਿਚ ਮਨੁੱਖਤਾ ਦਾ ਘਾਣ ਹੁੰਦਾ ਹੈ ਉਦੋਂ ਉਦੋਂ ਪ੍ਰਭੂ ਆਪ ਆਪਣੇ ਰੂਪ ਵਿਚ ਭੁੱਲੀ ਭਟਕੀ ਹੋਈ ਮਾਨਵਤਾ ਨੂੰ ਸਤਿ ਮਾਰਗ 'ਤੇ ਪਾਉਣ ਲਈ ਆਉਂਦੇ ਹਨ। ਇਤਿਹਾਸ ਗਵਾਹ ਹੈ ਕਿ ਸਮੇਂ ਸਮੇਂ ਪਰਮਾਤਮਾ ਨੇ ਅਵਤਾਰ ਧਾਰਨ ਕਰਕੇ ਮਾਨਵਤਾ ਦਾ ਕਲਿਆਣ ਕੀਤਾ। ਭਾਰਤ ਦੇ ਮੱਧ ਯੁੱਗ ਦੇ ਇਤਿਹਾਸ ਵਿਚ ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਸੈਣ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਨਾਨਕ ਦੇਵ ਜੀ ਅਤੇ ਹੋਰ ਅਨੇਕਾਂ ਰਹਿਬਰਾਂ ਨੇ ਸੰਸਾਰ ਵਿਚ ਆ ਕੇ ਮਾਨਵਤਾ ਨੂੰ ਭੇਦ-ਭਾਵ ਤੋਂ ਮੁਕਤ ਕਰਕੇ ਪ੍ਰਭੂ ਨਾਲ ਜੁੜਨ ਦਾ ਪਾਵਨ ਉਪਦੇਸ਼ ਦਿੱਤਾ।

ਭਾਰਤ ਦੇ ਇਤਿਹਾਸ ਵਿਚ ਤੇਰ੍ਹਵੀਂ-ਚੌਦ੍ਹਵੀਂ ਸਦੀ ਦਾ ਅਜਿਹਾ ਭਿਆਨਕ ਸਮਾਂ ਸੀ ਜਿੱਥੇ ਭਾਰਤ ਦੇ ਲੋਕ ਵਿਦੇਸ਼ੀ ਰਾਜਿਆਂ ਦੇ ਅੱਤਿਆਚਾਰ ਤੋਂ ਦੁਖੀ ਸਨ ਉੱਥੇ ਭਾਰਤੀ ਸਮਾਜ ਵੀ ਜਾਤਾਂ ਦੇ ਆਧਾਰ ਤੇ ਵੰਡਿਆ ਹੋਇਆ ਸੀ। ਉਸ ਸਮੇਂ ਭਾਰਤ ਵਿਚ ਮੁੱਖ ਤੌਰ ਤੇ ਦੋ ਧਰਮ ਸਨ-ਇਸਲਾਮ ਅਤੇ ਹਿੰਦੂ ਧਰਮ। ਉਸ ਸਮੇਂ ਭਾਰਤ ਦੇ ਮੂਲ-ਨਿਵਾਸੀ ਸਮਾਜ ਨੂੰ ਮਾਨਵੀ ਅਧਿਕਾਰਾਂ ਤੋਂ ਵੰਚਿਤ ਰੱਖਿਆ ਗਿਆ ਸੀ, ਉਸ ਨੂੰ ਵਿੱਦਿਆ ਪੜ੍ਹਨ ਦਾ, ਚੰਗਾ ਪਹਿਨਣ ਦਾ ਅਤੇ ਰਹਿਣ-ਸਹਿਣ ਦਾ ਕੋਈ ਅਧਿਕਾਰ ਪ੍ਰਾਪਤ ਨਹੀਂ ਸੀ, ਇਥੋਂ ਤੱਕ ਕਿ ਉਸ ਦੇ ਪਰਛਾਵੇਂ ਨੂੰ ਵੀ ਮਾੜਾ ਸਮਝਿਆ ਜਾਂਦਾ ਸੀ। ਦੁਖੀ ਲੋਕਾਈ ਦੀ ਪੁਕਾਰ ਸੁਣ ਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਰੂਪ ਵਿਚ ਮਾਨਵਤਾ ਨੂੰ ਸੱਚ ਦਾ ਉਪਦੇਸ਼ ਦੇਣ ਲਈ ਪਰਮ-ਪਿਤਾ ਪਰਮਾਤਮਾ ਨੇ ਇਸ ਧਰਤੀ ਤੇ ਅਵਤਾਰ ਧਾਰਨ ਕੀਤਾ। ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਸੰਬੰਧੀ ਇਹ ਦੋਹਰਾ ਪ੍ਰਸਿੱਧ ਹੈ—

**ਚੌਦਹ ਸੌ ਤੈਂਤੀਸ ਕੀ ਮਾਘ ਸੁਦੀ ਪੰਦਰਾਸ।**
**ਦੁਖਿਓਂ ਕੇ ਕਲਿਆਣ ਹਿੱਤ ਪ੍ਰਗਟੈ ਸ਼੍ਰੀ ਰਵਿਦਾਸ॥**

(ਸੰਤ ਕਰਮ ਦਾਸ)

ਆਪ ਜੀ ਨੇ ਭਾਰਤ ਦੇ ਪ੍ਰਸਿੱਧ ਸ਼ਹਿਰ ਬਨਾਰਸ ਦੇ ਨੇੜੇ ਮਾਘ ਸੁਦੀ 15 ਪੁੰਨਿਆ ਸੰਮਤ 1433 (1377 ਈ.) ਨੂੰ ਪਿਤਾ ਸ੍ਰੀ ਸੰਤੋਖ ਦਾਸ ਜੀ ਅਤੇ ਮਾਤਾ ਕਲਸੀ ਦੇਵੀ ਜੀ ਦੀ ਪਾਵਨ ਕੁੱਖੋਂ ਪਿੰਡ ਸੀਰ ਗੋਵਰਧਨਪੁਰ ਵਿਖੇ ਦੁਖੀਆਂ ਦੇ ਕਲਿਆਣ ਲਈ ਅਵਤਾਰ ਧਾਰਨ ਕੀਤਾ। ਆਪ ਜੀ ਦੇ ਦਾਦਾ ਜੀ ਦਾ ਨਾਂ ਸ਼੍ਰੀਮਾਨ ਕਾਲੂ ਰਾਮ ਅਤੇ ਆਪ ਜੀ ਦੀ ਦਾਦੀ ਜੀ ਦਾ ਨਾਂ ਸ਼੍ਰੀਮਤੀ ਲਖਪਤੀ ਸੀ। ਆਪ ਜੀ ਦਾ ਅਵਤਾਰ ਧਾਰਨ ਕਰਨਾ ਦੁਨੀਆਂ ਦੇ ਇਤਿਹਾਸ ਵਿਚ ਇਕ ਅਲੌਕਿਕ ਕੌਤਕ ਸੀ ਜਿਸ ਦੇ ਨਾਲ ਜਿੱਥੇ ਸਦੀਆਂ ਤੋਂ ਜਾਤ ਪਾਤ ਦੀ ਸ਼ਿਕਾਰ

ਹੋਈ ਮਨੁੱਖਤਾ ਨੂੰ ਮੁਕਤੀ ਪ੍ਰਦਾਨ ਕਰਨਾ ਸੀ। ਉੱਥੇ ਨਾਲ ਹੀ ਮਾਨਵ-ਵਿਰੋਧੀਆਂ ਨੂੰ ਮਾਨਵਤਾ ਦਾ ਪਾਠ ਪੜ੍ਹਾ ਕੇ ਕੁੱਲ ਲੋਕਾਈ ਨੂੰ ਏਕਤਾ, ਸਮਾਨਤਾ, ਆਪਸੀ ਮਿਲਵਰਤਣ ਅਤੇ ਪ੍ਰਭੂ ਦੇ ਨਾਮ ਦਾ ਪਾਵਨ ਉਪਦੇਸ਼ ਦੇਣਾ ਸੀ। ਆਪ ਜੀ ਦੇ ਪ੍ਰਗਟ ਹੋਣ ਸਮੇਂ ਐਸਾ ਅਲੌਕਿਕ ਕੌਤਕ ਹੋਇਆ ਜੋ ਕਿ ਪੀੜਤ ਸਮਾਜ ਲਈ ਆਜ਼ਾਦੀ ਦੀ ਕਿਰਨ ਸੀ ਆਪ ਜੀ ਦੇ ਅਵਤਾਰ ਧਾਰਨ ਕਰਨ ਸਮੇਂ ਅਨੋਖਾ ਪ੍ਰਕਾਸ਼ ਹੋਇਆ ਜਿਸ ਦੇ ਨਾਲ ਸਾਰੇ ਬ੍ਰਹਿਮੰਡ ਤੇ ਚਾਨਣ ਹੀ ਚਾਨਣ ਹੋ ਗਿਆ। ਵੱਡੇ-ਵੱਡੇ ਰਿਸ਼ੀਆਂ, ਮੁਨੀਆਂ, ਜਪੀਆਂ, ਤਪੀਆਂ ਨੇ ਇਸ ਪ੍ਰਕਾਸ਼ ਨੂੰ ਦੇਖ ਕੇ ਸੀਸ ਝੁਕਾਇਆ ਤੇ ਦਿਲ ਨੂੰ ਢਾਰਸ ਆਈ ਕਿ ਇਹ ਪਰਉਪਕਾਰੀ ਦੀਨ ਦਿਆਲੂ ਪ੍ਰਭੂ ਦੇ ਜੀਵਾਂ ਨੂੰ ਜ਼ੁਲਮ ਦੀ ਅੱਗ ਵਿਚ ਸੜ੍ਹਦੇ ਵੇਖ ਕੇ ਪ੍ਰਗਟ ਹੋਣ ਦੀਆਂ ਨਿਸ਼ਾਨੀਆਂ ਹਨ।

ਆਪ ਦੇ ਆਗਮਨ ਸਮੇਂ ਐਸਾ ਪ੍ਰਕਾਸ਼ ਹੋਣ ਨਾਲ ਦਾਈ ਜਿਸ ਦੀਆਂ ਅੱਖਾਂ ਦੀ ਰੌਸ਼ਨੀ ਘੱਟ ਸੀ ਉਹ ਵੱਧ ਗਈ। ਉਸ ਦਾਈ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਾਤਾ -ਪਿਤਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਮੇਰੇ ਹੱਥਾਂ ਵਿਚ ਅਨੇਕਾਂ ਬਾਲਕਾਂ ਨੇ ਜਨਮ ਲਿਆ ਹੈ ਪਰ ਅੱਜ ਤੱਕ ਅਜਿਹਾ ਬਾਲਕ ਜਨਮਦਾ ਮੈਂ ਨਹੀਂ ਦੇਖਿਆ। ਇਸ ਦੇ ਸਾਰੇ ਅੰਗ ਅਵਤਾਰਾਂ ਵਾਂਗ ਨੂਰ ਨਾਲ ਭਰਪੂਰ ਹੋ ਰਹੇ ਹਨ। ਇਹ ਤੁਹਾਡੇ ਨਾਮ ਨੂੰ ਦੁਨੀਆਂ ਵਿਚ ਰੌਸ਼ਨ ਕਰੇਗਾ, ਆਪ ਜੀ ਦਾ ਆਗਮਨ ਰਵਿਵਾਰ (ਐਤਵਾਰ) ਨੂੰ ਹੋਇਆ ਇਸ ਲਈ **ਆਪ ਜੀ ਦਾ ਨਾਮ ਰਵਿਦਾਸ ਰੱਖਿਆ ਗਿਆ। ਆਪ ਜੀ ਨੇ ਗਿਆਨ ਦੇ ਪ੍ਰਕਾਸ਼ ਨਾਲ ਭੇਦ-ਭਾਵ ਰੂਪੀ ਅੰਧੇਰੇ ਨੂੰ ਖਤਮ ਕੀਤਾ। ਇਸੇ ਪ੍ਰਕਾਰ ਆਪ ਜੀ ਨੇ ਅੰਧਕਾਰ ਵਿਚ ਫਸੀ ਹੋਈ ਲੋਕਾਈ ਨੂੰ ਸੱਚ ਦੀ ਰੌਸ਼ਨੀ ਦਿਖਾਈ।**

ਲਗਭਗ **ਛੇ** ਸਦੀਆਂ ਬੀਤਣ ਤੋਂ ਬਾਅਦ ਡੇਰਾ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੇ ਮਹਾਂਪੁਰਸ਼-ਬ੍ਰਹਮਲੀਨ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ, ਸਤਿਗੁਰੂ ਹਰੀ ਦਾਸ ਮਹਾਰਾਜ ਜੀ, ਸਤਿਗੁਰੂ ਗਰੀਬ ਦਾਸ ਮਹਾਰਾਜ ਜੀ ਨੇ ਮਹਾਨ ਘਾਲਣਾ ਘਾਲ ਕੇ ਆਪ ਜੀ ਦੇ ਜਨਮ ਸਥਾਨ ਦੀ ਖੋਜ ਕਰਕੇ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਦੀ ਉਸਾਰੀ ਕੀਤੀ ਜੋ ਕਿ ਕੁੱਲ ਲੋਕਾਈ ਲਈ ਮਹਾਨ ਤੀਰਥ ਅਸਥਾਨ ਹੈ। ਇਸ ਮਹਾਨ ਅਸਥਾਨ ਦੇ ਪਾਸ ਅੱਜ ਉਹ ਇਮਲੀ ਦਾ ਪਾਵਨ ਦਰਖ਼ਤ ਵੀ ਸੁਸ਼ੋਭਿਤ ਹੈ ਜਿਸ ਦੇ ਹੇਠਾਂ ਬੈਠ ਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਕੁੱਲ ਲੋਕਾਈ ਨੂੰ ਸਤਿ ਉਪਦੇਸ਼ ਦਿੰਦੇ ਸਨ। **ਜਦੋਂ ਸੰਤ ਹਰੀ ਦਾਸ ਮਹਾਰਾਜ ਜੀ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜਨਮ ਸਥਾਨ ਦਾ ਨੀਂਹ ਪੱਥਰ ਰੱਖਿਆ ਉਸ ਸਮੇਂ ਉਹ ਇਮਲੀ ਦਾ ਪਾਵਨ ਦਰਖ਼ਤ ਸੁੱਕਿਆ ਹੋਇਆ ਸੀ। ਪਰ ਜਦੋਂ ਸੰਤ**

**ਹਰੀ ਦਾਸ ਮਹਾਰਾਜ ਜੀ ਨੇ ਉਸ ਨੂੰ ਆਪਣੇ ਹੱਥਾਂ ਨਾਲ ਹਰ ਰੋਜ਼ ਪਾਣੀ ਪਾਉਣਾ ਸ਼ੁਰੂ ਕੀਤਾ ਉਸ ਤੋਂ ਬਾਅਦ ਉਹ ਪਾਵਨ ਇਮਲੀ ਦਾ ਦਰਖ਼ਤ ਹਰਾ ਹੋਣਾ ਸ਼ੁਰੂ ਹੋ ਗਿਆ।** ਜੋ ਕਿ ਅੱਜ ਵੀ ਉਸ ਮਹਾਨ ਅਸਥਾਨ ਦੇ ਪਾਸ ਸੁਸ਼ੋਭਿਤ ਹੈ ਜਿੱਥੇ ਸੰਗਤਾਂ ਸਤਿਕਾਰ ਸਹਿਤ ਨਤਮਸਤਕ ਹੁੰਦੀਆਂ ਹਨ। ਸੰਸਾਰ ਦੇ ਕੋਨੇ-ਕੋਨੇ ਵਿਚੋਂ ਜੀਵ ਆ ਕੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਨ ਅਤੇ ਜੀਵਨ ਸਫ਼ਲ ਕਰਦੇ ਹਨ।

* * *

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਬਾਲਪਨ

ਇਕ ਵਾਰ ਗੁਰੂ ਜੀ ਦੀ ਭੂਆ ਜਦੋਂ ਉਨ੍ਹਾਂ ਨੂੰ ਮਿਲਣ ਆਈ ਤਾਂ ਉਹ ਆਪ ਜੀ ਲਈ ਇਕ ਸੁੰਦਰ ਚਮੜੇ ਦਾ ਸੈਹਾ ਲੈ ਆਈ। ਗੁਰੂ ਜੀ ਮੰਜੇ ਉੱਪਰ ਉਸ ਖਿਡੌਣੇ ਨੂੰ ਫੜ ਕੇ ਖੇਡ ਰਹੇ ਸਨ। ਫਿਰ ਉਹ ਆਪਣੇ ਚਰਨਕੰਵਲਾਂ ਨਾਲ ਉਸ ਸੈਹੇ ਨੂੰ ਪਰੇ ਨੂੰ ਧੱਕਣ ਲੱਗੇ ਜਿਵੇਂ ਉਸਨੂੰ ਦੌੜਨ ਦਾ ਇਸ਼ਾਰਾ ਕਰ ਰਹੇ ਹੋਣ। ਇਸ ਦ੍ਰਿਸ਼ ਨੂੰ ਆਪ ਜੀ ਨੂੰ ਮਿਲਣ ਆਏ ਰਿਸ਼ਤੇਦਾਰ ਅਤੇ ਘਰ ਵਾਲੇ ਵੇਖ ਕੇ ਬਹੁਤ ਖ਼ੁਸ਼ ਹੋ ਰਹੇ ਸਨ। ਆਪ ਜੀ ਨੇ ਜਦੋਂ ਤੀਸਰੀ ਵਾਰ ਫਿਰ ਉਸ ਚਮੜੇ ਦੇ ਬੇਜਾਨ ਸੈਹੇ ਨੂੰ ਆਪਣੇ ਚਰਨਾਂ ਨਾਲ ਪਰੇ ਨੂੰ ਧੱਕਿਆ ਤਾਂ ਉਸ ਵਿਚ ਜਾਨ ਪੈ ਗਈ ਅਤੇ ਉਹ ਸਚਮੁੱਚ ਦਾ ਸੈਹਾ ਬਣ ਕੇ ਅੱਗੇ ਨੂੰ ਨੱਠਿਆ। ਗੁਰੂ ਜੀ ਇਹ ਦੇਖ ਕੇ ਬਹੁਤ ਪ੍ਰਸੰਨ ਹੋਏ ਪਰ ਘਰ ਵਾਲੇ ਇਸ ਦ੍ਰਿਸ਼ ਨੂੰ ਦੇਖ ਕੇ ਬਹੁਤ ਹੈਰਾਨ ਹੋ ਗਏ। ਫਿਰ ਉਹ ਸੈਹਾ ਟਪੂਸੀਆਂ ਮਾਰ ਕੇ ਗੁਰੂ ਜੀ ਦੇ ਕੋਲ ਹੀ ਬੈਠ ਗਿਆ। ਗੁਰੂ ਜੀ ਉਸ ਸੈਹੇ ਨੂੰ ਵੇਖ ਕੇ ਬਹੁਤ ਖ਼ੁਸ਼ ਹੁੰਦੇ, ਗੁਰੂ ਜੀ ਨੇ ਉਸ ਨੂੰ ਆਪਣੇ ਚਰਨਕੰਵਲਾਂ ਨਾਲ ਧੱਕਾ ਮਾਰਿਆ ਫਿਰ ਉਹ ਸੈਹਾ ਘਰ ਵਾਲਿਆਂ ਕੋਲ ਦੀ ਟਪੂਸੀਆਂ ਮਾਰਦਾ ਬਾਹਰ ਵੱਲ ਭੱਜ ਗਿਆ। ਇੰਨੇ ਨੂੰ ਜਦੋਂ ਆਪ ਜੀ ਦਾ ਫੁੱਫੜ ਬਾਹਰੋਂ ਆਇਆ ਤਾਂ ਉਹ ਸਾਰਾ ਬ੍ਰਿਤਾਂਤ ਸੁਣ ਕੇ ਹੱਕਾ-ਬੱਕਾ ਰਹਿ ਗਿਆ। ਉਸਨੂੰ ਯਕੀਨ ਨਹੀਂ ਸੀ ਹੋ ਰਿਹਾ ਕਿਉਂਕਿ ਉਸਨੇ ਖ਼ੁਦ ਆਪਣੇ ਹੱਥਾਂ ਨਾਲ ਗੁਰੂ ਜੀ ਵਾਸਤੇ ਚਮੜੇ ਦਾ ਖਿਡੌਣਾ ਬਣਾਇਆ ਸੀ। ਫਿਰ ਸਾਰੇ ਪਰਿਵਾਰ ਨੇ ਗੁਰੂ ਜੀ ਦੇ ਕੋਮਲ ਚਰਨਕੰਵਲਾਂ ਨੂੰ ਚੁੰਮਿਆ ਅਤੇ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਇਹ ਸਾਡੇ ਗਰੀਬਾਂ ਵਿਚ ਵੀ ਇੰਞ ਹੀ ਜਾਨ ਪਾਉਣਗੇ।

ਇਸ ਘਟਨਾ ਨੂੰ ਕਵੀ ਮੰਗੂ ਰਾਮ ਸਰੋਆ ਬਾਹੜੋਵਾਲ ਨੇ ਇਸ ਪ੍ਰਕਾਰ ਦਰਜ ਕੀਤਾ ਹੈ :—

**ਉਮਰ ਗੁਰਾਂ ਦੀ ਹੋਈ ਇਕ ਸਾਲ ਦੀ,**
**ਸ਼ਕਤੀ ਬੇਅੰਤ ਜੋਤ ਹੈ ਅਲਾਹੀ।**
**ਭੂਆ ਆਪ ਜੀ ਦੀ ਜੋ ਮਿਲਣ ਹੈ ਆਈ,**
**ਚਮੜੇ ਦਾ ਖਲੌਣਾ ਸੈਹਾਂ ਲਿਆਈ ਹੈ।**

**ਹਥ ਵਿਚ ਗੁਰੂ ਜੀ ਖੜੌਣਾ ਫੜਕੇ,**
**ਖੇਲਦੇ ਹੈ ਬੈਠੇ ਮੰਜੇ ਉਤੇ ਚੜਕੇ।**
**ਚਰਨਾਂ ਤੇ ਫੇਰਕੇ ਸੀ ਪਰੇ ਸੁਟਿਆ,**
**ਚੰਮ ਦਾ ਖੜੌਣਾ ਬਣ ਸੋਹਾ ਨਠਿਆ।**

**(ਜਨਮ ਸਾਖੀ, ਪੰਨਾ 16)**

ਸਮੇਂ ਦਾ ਚੱਕਰ ਘੁੰਮਦਾ ਗਿਆ। ਗੁਰੂ ਜੀ ਜਿਉਂ-ਜਿਉਂ ਵੱਡੇ ਹੁੰਦੇ ਗਏ, ਉਨ੍ਹਾਂ ਦੇ ਕੋਮਲ ਸੁਭਾਅ ਅਤੇ ਸੁੰਦਰ ਸ਼ਖ਼ਸੀਅਤ ਤੋਂ ਸਭ ਪ੍ਰਭਾਵਿਤ ਹੁੰਦੇ ਸਨ।

ਕਰਮਾਵਤੀ ਨਾਂ ਦੀ ਇਕ ਔਰਤ ਜਿਸਦੀ ਉਮਰ 60-65 ਸਾਲ ਦੀ ਸੀ ਸੀਰਗੋਵਰਧਨ ਪੁਰ ਵਿਚ ਹੀ ਰਹਿੰਦੀ ਸੀ। ਉਸਦਾ ਗੁਰੂ ਜੀ ਦੀ ਦਾਦੀ ਲਖਪਤੀ ਨਾਲ ਬਹੁਤ ਪ੍ਰੇਮ ਸੀ। ਦਾਦੀ ਲਖਪਤੀ ਅਕਸਰ ਆਪਣੇ ਪਿਆਰੇ ਪੋਤਰੇ ਨੂੰ ਨਾਲ ਲੈ ਕੇ ਉਸਨੂੰ ਮਿਲਣ ਵਾਸਤੇ ਜਾਇਆ ਕਰਦੀ ਸੀ। ਕਰਮਾਵਤੀ ਖ਼ੁਦ ਦਾਦੀ ਲਖਪਤੀ ਨੂੰ ਮਿਲਣ ਨਹੀਂ ਸੀ ਆਉਂਦੀ ਕਿਉਂਕਿ ਉਸਦੀ ਅੱਖਾਂ ਦੀ ਰੌਸ਼ਨੀ ਗਈ ਨੂੰ 30 ਸਾਲ ਬੀਤ ਚੁੱਕੇ ਸਨ ਪਰ ਫਿਰ ਵੀ ਉਹ ਸਾਰਾ ਦਿਨ ਚਰਖਾ ਕੱਤਦੀ ਸੀ। ਜਦੋਂ ਦਾਦੀ ਲਖਪਤੀ ਕਰਮਾਵਤੀ ਨਾਲ ਗੁਜ਼ਰੇ ਜ਼ਮਾਨੇ ਦੀਆਂ ਗੱਲਾਂ ਕਰਦੀ ਤਾਂ ਗੁਰੂ ਜੀ ਕੋਲ ਬੈਠ ਕੇ ਸੁਣਦੇ ਅਤੇ ਕਰਮਾਵਤੀ ਨਾਲ ਲਾਡ ਲਡਾਉਂਦੇ ਸਨ। ਦਾਦੀ ਲਖਪਤੀ ਉਸ ਕੋਲੋਂ ਅੰਨ੍ਹੇਪਨ ਵਿਚ ਚਰਖ਼ਾ ਕੱਤਣ ਦਾ ਜਦੋਂ ਕਾਰਨ ਪੁੱਛਦੀ ਤਾਂ ਅੱਗੋਂ ਕਰਮਾਵਤੀ ਰੋਣ ਲੱਗ ਪੈਂਦੀ ਅਤੇ ਆਪਣੀ ਗਰੀਬੀ ਦਾ ਬ੍ਰਿਤਾਂਤ ਅਤੇ ਘਰ ਦੀਆਂ ਮਜਬੂਰੀਆਂ ਖੋਲ੍ਹ ਕੇ ਸੁਣਾਉਂਦੀ। ਜਗਤਗੁਰੂ ਰਵਿਦਾਸ ਮਹਾਰਾਜ ਜੀ ਇਹ ਸਭ ਸੁਣਦੇ ਤਾਂ ਉਨ੍ਹਾਂ ਦਾ ਕੋਮਲ ਹਿਰਦਾ ਪਿਘਲ ਜਾਂਦਾ।

ਇਕ ਦਿਨ ਸਵੇਰ ਦਾ ਵਕਤ ਸੀ, ਕਰਮਾਵਤੀ ਚਰਖਾ ਡਾਹ ਕੇ ਕੱਤ ਰਹੀ ਸੀ। ਗੁਰੂ ਰਵਿਦਾਸ ਮਹਾਰਾਜ ਜੀ ਇਕੱਲੇ ਹੀ ਉਸਦੇ ਘਰ ਆ ਗਏ। ਉਨ੍ਹਾਂ ਨੇ ਚੁੱਪ-ਚਾਪ ਆ ਕੇ ਪੂਣੀਆਂ ਵਾਲਾ ਬੋਹੀਆ ਚੁੱਕ ਲਿਆ ਅਤੇ ਕੋਲ ਖੜ੍ਹੇ ਹੋ ਗਏ। ਬੀਬੀ ਕਰਮਾਵਤੀ ਪੂਣੀਆਂ ਵਾਲਾ ਬੋਹੀਆ ਹੱਥ ਨਾਲ ਟੋਹ ਕੇ ਦੇਖਦੀ ਹੈ ਪਰ ਉਸਨੂੰ ਉਹ ਨਹੀਂ ਮਿਲਦਾ। ਥੋੜ੍ਹੀ ਦੇਰ ਬਾਅਦ ਗੁਰੂ ਰਵਿਦਾਸ ਮਹਾਰਾਜ ਜੀ ਨੇ ਜਦੋਂ ਪੂਣੀਆਂ ਵਾਲਾ ਬੋਹੀਆ ਉਸੇ ਥਾਂ ਰੱਖ ਦਿੱਤਾ ਜਿੱਥੋਂ ਚੁੱਕਿਆ ਸੀ ਤਦੋਂ ਮਾਤਾ ਦਾ ਹੱਥ ਸਹਿਜ-ਸੁਭਾਅ ਬੋਹੀਏ ਨੂੰ ਲੱਗ ਗਿਆ। ਉਹ ਬਹੁਤ ਹੈਰਾਨ ਹੋਈ ਕਿਉਂਕਿ ਉਸਨੇ ਪਹਿਲਾਂ ਵੀ ਉਥੇ ਹੀ ਹੱਥ ਮਾਰਿਆ ਸੀ। ਕਰਮਾਵਤੀ ਨੂੰ ਉਥੇ ਕਿਸੇ ਦੀ ਮੌਜੂਦਗੀ ਦਾ ਅਹਿਸਾਸ ਹੋਇਆ ਪਰ ਉਹ ਘਬਰਾਈ ਨਹੀਂ ਕਿਉਕਿ ਅਕਸਰ ਬਾਲਕ ਉਸਨੂੰ ਤੰਗ ਕਰਿਆ ਕਰਦੇ ਸਨ, ਫਿਰ ਬੋਹੀਏ ਵਿਚੋਂ ਪੂਣੀ ਚੁੱਕ

ਕੇ ਜਦੋਂ ਉਹ ਕੱਤਣ ਲੱਗੀ ਇੰਨੇ ਨੂੰ ਗੁਰੂ ਜੀ ਨੇ ਤਕਲੇ 'ਚੋਂ ਗਲੋਟਾ ਖਿਚ ਲਿਆ, ਕਰਮਾਵਤੀ ਨੂੰ ਇਕਦਮ ਪਤਾ ਚੱਲ ਗਿਆ। ਜਦੋਂ ਗੁਰੂ ਜੀ ਨੇ ਚਰਖਾ ਖਿੱਚਿਆ ਤਾਂ ਕਰਮਾਵਤੀ ਨੂੰ ਗੁੱਸਾ ਆਇਆ ਅਤੇ ਉਸਨੇ ਆਪਣੀਆਂ ਦੋਹਾਂ ਬਾਹਾਂ ਖਿਲਾਰ ਕੇ ਗੁਰੂ ਜੀ ਨੂੰ ਫੜ ਲਿਆ ਅਤੇ ਕਿਹਾ, "ਤੂੰ ਕੌਣ ਹੈਂ?" ਗੁਰੂ ਜੀ ਨੇ ਦੋਨੋਂ ਹੱਥ ਉਸਦੀ ਬੁੱਕਲ ਵਿਚੋਂ ਕੱਢ ਕੇ ਕਰਮਾਵਤੀ ਦੀਆਂ ਦੋਨੋਂ ਅੱਖਾਂ 'ਤੇ ਰੱਖੇ ਅਤੇ ਫ਼ਰਮਾਇਆ "ਲੈ ਮਾਈ ਤੂੰ ਖੁਦ ਦੇਖ ਲੈ ਮੈਂ ਕੌਣ ਹਾਂ।" ਕਰਮਾਵਤੀ ਸ਼ਾਂਤ ਹੋ ਗਈ। ਜਦੋਂ ਕਰਮਾਵਤੀ ਨੇ ਅੱਖਾਂ ਖੋਲ੍ਹੀਆਂ ਤਾਂ ਉਸਨੂੰ ਦਿਖਾਈ ਦੇਣ ਲੱਗ ਪਿਆ। ਉਸਨੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਸੁੰਦਰ ਅਲੌਕਿਕ ਮੁਖੜੇ ਦੇ ਦਰਸ਼ਨ ਕੀਤੇ।

ਮਾਤਾ ਕਰਮਾਵਤੀ ਨੇ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਆਖਣ ਲੱਗੀ, "ਹੇ ਮਹਾਰਾਜ! ਤੁਸੀਂ ਮੇਰੇ 'ਤੇ ਬਹੁਤ ਮਿਹਰ ਕੀਤੀ ਹੈ। ਧੰਨ ਹੈ ਉਹ ਮਾਤਾ ਜਿਸ ਨੇ ਤੈਨੂੰ ਜਨਮ ਦਿੱਤਾ ਹੈ, ਧੰਨ ਹੈ ਉਹ ਕੁਟੰਬ ਜਿਸ ਵਿਚ ਤੂੰ ਜਨਮ ਲਿਆ ਹੈ।" ਇਸ ਤੋਂ ਉਪਰੰਤ ਬੀਬੀ ਕਰਮਾਵਤੀ ਨੇ ਘਰ ਦੀ ਹਰੇਕ ਵਸਤੂ 'ਤੇ ਨਜ਼ਰ ਮਾਰੀ ਅਤੇ ਦਿਲ ਹੀ ਦਿਲ ਵਿਚ ਬਹੁਤ ਖ਼ੁਸ਼ ਹੋਈ। ਇੰਨੇ ਨੂੰ ਗੁਰੂ ਜੀ ਓਥੋਂ ਰਵਾਨਾ ਹੋ ਗਏ।

ਬੀਬੀ ਕਰਮਾਵਤੀ ਨੂੰ ਅਜੇ ਗੁਰੂ ਜੀ ਦੇ ਦਰਸ਼ਨ ਕਰਕੇ ਰੱਜ ਨਹੀਂ ਸੀ ਆਇਆ ਉਹ ਝਟਪਟ ਗੁਰੂ ਜੀ ਦੇ ਪਿੱਛੇ ਉਨ੍ਹਾਂ ਦੇ ਘਰ ਪਹੁੰਚ ਗਈ। ਉਸ ਨੇ ਸਾਰੇ ਪਰਿਵਾਰ ਨੂੰ ਸਾਰੀ ਕਹਾਣੀ ਦੱਸੀ ਤਾਂ ਸਾਰਾ ਪਰਿਵਾਰ ਇਹ ਕੌਤਕ ਸੁਣ ਕੇ ਬਹੁਤ ਹੈਰਾਨ ਹੋਇਆ। ਉਸਨੇ ਸਭ ਨੂੰ ਦੱਸਿਆ ਕਿ ਇਹ ਸਭ ਤੁਹਾਡੇ ਪੁੱਤਰ ਦੀ ਕਿਰਪਾ ਨਾਲ ਹੋਇਆ ਹੈ। ਤੁਸੀਂ ਸਭ ਧੰਨਤਾ ਦੇ ਯੋਗ ਹੋ ਕਿਉਂਕਿ ਤੁਹਾਡੇ ਘਰ ਪਰਮਾਤਮਾ ਨੇ ਆਪ ਜਨਮ ਲਿਆ ਹੈ। ਉਹ ਗੁਰੂ ਜੀ ਦੀ ਉਪਮਾ ਸਾਰੇ ਨਗਰ ਵਿਚ ਕਰਨ ਲੱਗੀ।

* * *

## ਪਰਿਵਾਰਕ ਜੀਵਨ

ਜਗਤਗੁਰੂ ਰਵਿਦਾਸ ਮਹਾਰਾਜ ਜੀ ਦੁਆਰਾ ਦਿੱਤੇ ਜਾਂਦੇ ਸੱਚੇ-ਸੁੱਚੇ ਉਪਦੇਸ਼ਾਂ ਕਰਕੇ ਮਾਨਵ ਵਿਰੋਧੀ ਆਪ ਜੀ ਨਾਲ ਈਰਖਾ ਕਰਨ ਲੱਗ ਪਏ। ਆਪ ਜੀ ਦੇ ਸਕੇ-ਸੰਬੰਧੀ ਇਨ੍ਹਾਂ ਗੱਲਾਂ ਕਰਕੇ ਕਾਫ਼ੀ ਪਰੇਸ਼ਾਨ ਸਨ ਪਰ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਇਨ੍ਹਾਂ ਗੱਲਾਂ ਦੀ ਕੋਈ ਪਰਵਾਹ ਨਹੀਂ ਸੀ। ਗੁਰੂ ਜੀ ਹਮੇਸ਼ਾ ਸਾਧੂ-ਸੰਤਾਂ ਦੀ ਸੰਗਤ ਕਰਕੇ ਪ੍ਰਸੰਨ ਰਹਿੰਦੇ ਸਨ ਅਤੇ ਆਪਣੇ ਪਿਤਾ ਸ੍ਰੀ ਸੰਤੋਖ ਦਾਸ ਜੀ ਨਾਲ ਕੰਮ-ਕਾਜ ਵਿਚ ਹੱਥ ਵਟਾਇਆ ਕਰਦੇ ਸਨ। ਆਪ ਜੀ ਦੇ ਪਿਤਾ ਸੰਤੋਖ ਦਾਸ ਜੀ ਜੋੜੇ ਬਣਾਉਣ ਦੇ ਕੰਮ ਵਿਚ ਬਹੁਤ ਰੁੱਝੇ ਰਹਿੰਦੇ ਸਨ। ਪਿਤਾ ਸੰਤੋਖ ਦਾਸ ਜੀ ਗੁਰੂ ਜੀ ਦੇ ਕੰਮ ਬਾਰੇ ਵੀ ਬਹੁਤ ਚਿੰਤਾ ਕਰਦੇ ਸਨ। ਉਨ੍ਹਾਂ ਦੀ

ਦਿਲੀ ਇੱਛਾ ਸੀ ਕਿ ਉਨ੍ਹਾਂ ਦਾ ਪੁੱਤਰ ਉਨ੍ਹਾਂ ਵਾਂਗ ਕੰਮ-ਕਾਜ ਕਰੇ ਪ੍ਰੰਤੂ ਗੁਰੂ ਜੀ ਅਕਸਰ ਸਾਧੂ-ਸੰਤਾਂ ਦੀ ਜੁੰਡਲੀ ਵਿਚ ਗਿਆਨ-ਧਿਆਨ ਦੀਆਂ ਗੱਲਾਂ ਕਰਦੇ ਰਹਿੰਦੇ ਅਤੇ ਪਰਮਾਤਮਾ ਦੀ ਮਹਿਮਾ ਕਰਦੇ। ਗੁਰੂ ਜੀ ਦੇ ਗਿਆਨ ਦੀ ਖ਼ੁਸ਼ਬੂ ਦੇ ਨਾਲ ਸੀਰਗੋਵਰਧਨਪੁਰ ਦੀ ਸਾਰੀ ਬਸਤੀ ਮਹਿਕਣ ਲੱਗੀ। ਗੁਰੂ ਜੀ ਪਾਸ ਹਰੇਕ ਧਰਮ ਦੇ ਲੋਕ ਆ ਕੇ ਗਿਆਨ ਹਾਸਲ ਕਰਨ ਲੱਗੇ।

ਕਿਸ਼ੋਰ ਅਵਸਥਾ ਵਿਚ ਪਹਿਲਾਂ-ਪਹਿਲ ਗੁਰੂ ਜੀ ਨੇ ਪਿਤਾ-ਪੁਰਖੀ ਕਿੱਤਾ ਕੀਤਾ। ਜਗਤਗੁਰੂ ਰਵਿਦਾਸ ਮਹਾਰਾਜ ਜੀ ਬਨਾਰਸ ਵਰਗੇ ਕਰਮ-ਕਾਂਡੀ ਸ਼ਹਿਰ ਵਿਚ ਜਦੋਂ ਵਿਸ਼ਵ ਧਰਮ ਦਾ ਸੰਦੇਸ਼ ਦੇ ਰਹੇ ਸਨ ਤਾਂ ਮਾਨਵ ਵਿਰੋਧੀਆਂ ਵਲੋਂ ਭਰਮ ਵੱਸ ਉਨ੍ਹਾਂ ਦੀ ਜਾਤ ਨੂੰ ਨੀਵਾਂ ਸਮਝਣ ਕਾਰਨ ਮਖੌਲ ਕੀਤਾ ਜਾਂਦਾ ਸੀ। ਮਾਨਵ ਵਿਰੋਧੀ ਗੁਰੂ ਜੀ ਨੂੰ ਕਹਿੰਦੇ ਸਨ ਕਿ ਉਹ ਉਪਦੇਸ਼ਕ ਨਾ ਬਣਨ ਕੇਵਲ ਆਪਣੀ ਜਾਤ-ਕਰਮ (ਜੁੱਤੀਆਂ ਬਨਾਉਣ) ਵੱਲ ਧਿਆਨ ਦੇਣ, ਪਰ ਗੁਰੂ ਜੀ ਦ੍ਰਿੜ ਨਿਸ਼ਚੇ ਵਾਲੇ ਸਨ ਅਤੇ ਉਨ੍ਹਾਂ ਨੇ ਕੁੱਲ ਆਲਮ ਨੂੰ ਸਿੱਧੇ ਰਾਹੇ ਪਾਉਣ ਦਾ ਬੀੜਾ ਚੁੱਕਿਆ ਹੋਇਆ ਸੀ।

ਗੁਰੂ ਜੀ ਦੀ ਅਡੋਲ ਅਵਸਥਾ ਦੇਖ ਕੇ ਜਾਤ ਅਭਿਮਾਨੀਆਂ ਵਲੋਂ ਗੁਰੂ ਜੀ ਨੂੰ ਵੇਦਾਂ-ਸ਼ਾਸਤਰਾਂ ਅਤੇ ਮਨੂੰਸਮ੍ਰਿਤੀ ਦੀਆਂ ਉਦਾਹਰਣਾਂ ਦੇ ਕੇ ਜਮਦੂਤਾਂ ਦਾ ਡਰਾਵਾ ਦਿੱਤਾ ਗਿਆ। ਗੁਰੂ ਜੀ ਨੇ ਮਾਨਵ-ਵਿਰੋਧੀਆਂ ਨੂੰ ਫ਼ਰਮਾਇਆ ਮੈਂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹਾਂ ਮੈਨੂੰ ਜਮਾਂ ਨਾਲ ਕੋਈ ਵਾਸਤਾ ਨਹੀਂ:-

**ਚਮਰਟਾ ਗਾਂਠਿ ਨ ਜਨਈ ॥**
**ਲੋਗੁ ਗਠਾਵੈ ਪਨਹੀ ॥੧॥ ਰਹਾਉ ॥**
**ਆਰ ਨਹੀ ਜਿਹ ਤੋਪਉ ॥**
**ਨਹੀ ਰਾਂਬੀ ਠਾਉ ਰੋਪਉ ॥੧॥**
**ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥**
**ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥**
**ਰਵਿਦਾਸੁ ਜਪੈ ਰਾਮ ਨਾਮਾ ॥**
**ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥**

ਗੁਰੂ ਜੀ ਚਾਹੁੰਦੇ ਸਨ ਕਿ ਉਹ ਧਰਮ ਦੇ ਪ੍ਰਸਾਰ ਅਤੇ ਪ੍ਰਚਾਰ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਤਾਂ ਕਿ ਮਨੁੱਖਾਂ ਦਾ ਜੀਵਨ ਪੱਧਰ ਉੱਚਾ ਹੋ ਜਾਵੇ। ਵਾਸਤਵ ਵਿਚ ਗੁਰੂ ਜੀ ਉਹ ਕੁਝ ਕਰ ਰਹੇ ਸਨ ਜਿਹੜਾ ਦੁਨੀਆਂ ਦੇ ਇਤਿਹਾਸ ਵਿਚ ਕੋਈ ਵੀ ਕਰਨ ਤੋਂ ਅਸਮਰੱਥ ਸੀ।

ਗੁਰੂ ਜੀ ਦਾ ਜੱਸ ਵਧਦਾ ਵੇਖ ਕੇ ਮਾਨਵ-ਵਿਰੋਧੀ ਲੋਹੇ-ਲਾਖੇ ਹੋਣ ਲੱਗ ਪਏ ਕਿਉਂਕਿ ਇਕ ਸ਼ੂਦਰ ਸਮਝੇ ਜਾਂਦੇ ਦੁਆਰਾ ਉਪਦੇਸ਼ ਦੇਣਾ ਅਤੇ ਪ੍ਰਭੂ-ਪ੍ਰੇਮ ਦਾ ਮਾਰਗ ਲੋਕਾਂ ਨੂੰ ਸਮਝਾਉਣਾ ਉਨ੍ਹਾਂ ਨੂੰ ਚੰਗਾ ਨਹੀਂ ਲੱਗਾ। ਮਾਨਵ ਵਿਰੋਧੀ ਗੁਰੂ ਜੀ ਨੂੰ ਸਰਕਾਰੇ-ਦਰਬਾਰੇ ਬੁਲਾ ਕੇ ਰਾਜੇ ਕੋਲੋਂ ਸਜ਼ਾ ਦਿਵਾਉਣ ਦੀਆਂ ਚਾਲਾਂ ਚੱਲਣ ਲੱਗੇ। ਇਨ੍ਹਾਂ ਗੱਲਾਂ ਦੀ ਭਿਣਕ ਜਦੋਂ ਪਿਤਾ ਸ੍ਰੀ ਸੰਤੋਖ ਦਾਸ ਜੀ ਨੂੰ ਲੱਗੀ ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਵਿਆਹ ਦੇ ਬੰਧਨ ਵਿਚ ਬੰਨ੍ਹਣ ਦੀ ਸੋਚ ਲਈ। ਉਨ੍ਹਾਂ ਨੇ ਸੋਚਿਆ ਕਿ ਜੇਕਰ ਗੁਰੂ ਜੀ ਦਾ ਵਿਆਹ ਕਰ ਦਿੱਤਾ ਜਾਵੇਗਾ ਤਾਂ ਸ਼ਾਇਦ ਉਹ ਪ੍ਰਭੂ-ਭਗਤੀ ਵਾਲਾ ਮਾਰਗ ਤਿਆਗ ਕੇ ਗ੍ਰਹਿਸਥ ਜੀਵਨ ਵੱਲ ਰੁਚਿਤ ਹੋ ਜਾਣਗੇ।

ਸੋਚ ਵਿਚਾਰ ਤੋਂ ਬਾਅਦ ਪਿਤਾ ਸ੍ਰੀ ਸੰਤੋਖ ਦਾਸ ਜੀ ਨੇ ਇਹ ਫ਼ੈਸਲਾ ਕਰ ਲਿਆ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਵਿਆਹ ਕਰ ਦਿੱਤਾ ਜਾਵੇ ਤਾਂ ਕਿ ਉਨ੍ਹਾਂ ਦਾ ਮਨ ਅਤੇ ਧਿਆਨ ਘਰ-ਗ੍ਰਹਿਸਥ ਵੱਲ ਲੱਗ ਜਾਵੇ। ਕੁਝ ਸਮਾਂ ਪਾ ਕੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਕੁੜਮਾਈ ਮਿਰਜ਼ਾਪੁਰ 'ਚ ਚੰਗੇ ਪਰਿਵਾਰ ਦੀ ਲੜਕੀ ਲੋਨਾ ਜੀ ਨਾਲ ਕਰ ਦਿੱਤੀ ਗਈ ਅਤੇ ਛੇਤੀ ਹੀ ਵਿਆਹ ਦੀਆਂ ਤਿਆਰੀਆਂ ਹੋਣ ਲੱਗ ਪਈਆਂ। ਲੋਨਾ ਜੀ ਵੀ ਬਹੁਤ ਹੀ ਧਾਰਮਕ ਵਿਚਾਰਾਂ ਵਾਲੀ ਔਰਤ ਸੀ। ਵਿਆਹ ਪਿਛੋਂ ਉਨ੍ਹਾਂ ਨੇ ਸਹੁਰੇ ਜਾ ਕੇ ਘਰ ਦਾ ਸਾਰਾ ਕੰਮ-ਕਾਜ ਸੰਭਾਲ ਲਿਆ। ਉਨ੍ਹਾਂ ਦਾ ਚਿਹਰਾ ਹਮੇਸ਼ਾ ਫੁੱਲ ਵਾਂਗੂ ਖਿੜਿਆ ਰਹਿੰਦਾ ਸੀ। ਪੁੱਤਰੀ ਸਮਾਨ ਬਹੂ ਪਾ ਕੇ ਪਿਤਾ ਸ੍ਰੀ ਸੰਤੋਖ ਦਾਸ ਮਨ ਹੀ ਮਨ ਬਹੁਤ ਖੁਸ਼ ਰਹਿੰਦੇ ਸਨ ਅਤੇ ਪਰਮਾਤਮਾ ਦਾ ਲੱਖ-ਲੱਖ ਸ਼ੁਕਰ ਕਰਦੇ ਰਹਿੰਦੇ ਉਨ੍ਹਾਂ ਨੂੰ ਆਪਣਾ ਘਰ ਹੋਰ ਵੀ ਚੰਗਾ ਲੱਗਣ ਲੱਗ ਪਿਆ ਸੀ।

ਲੋਨਾ ਜੀ ਨੂੰ ਛੇਤੀ ਹੀ ਅੰਦਾਜਾ ਹੋ ਗਿਆ ਸੀ ਕਿ ਮੇਰੇ ਪਤੀ ਸਾਰੀਆਂ ਸੰਸਾਰੀ ਰੂਹਾਂ ਦੇ ਪਤੀ-ਪ੍ਰਮੇਸ਼ਵਰ ਪ੍ਰਭੂ ਰੂਪ ਹਨ। ਇਸ ਲਈ ਉਹ ਗੁਰੂ ਰਵਿਦਾਸ ਮਹਾਰਾਜ ਜੀ ਦੀ ਸੇਵਾ ਵਿਚ ਹਰ ਸਮੇਂ ਤਤਪਰ ਰਹਿੰਦੀ ਸੀ। ਉਹ ਸਮਝ ਚੁੱਕੀ ਸੀ ਕਿ ਉਸਦੇ ਪਤੀ ਗੁਰੂ ਰੂਪ ਧਾਰਣ ਕਰਕੇ ਕੇਵਲ ਆਪਣੇ ਕੁਟੰਬ ਦਾ ਹੀ ਨਹੀਂ ਬਲਕਿ ਸਾਰੇ ਬ੍ਰਹਿਮੰਡ ਦੇ ਪਾਪ ਤੇ ਅਗਿਆਨਤਾ ਨੂੰ ਦੂਰ ਕਰਕੇ ਸਾਰੇ ਜੀਵ-ਜੰਤੂਆਂ ਦਾ ਉਦਾਰ ਕਰਨਗੇ।

ਸ਼੍ਰੀਮਤੀ ਲੋਨਾ ਜੀ ਦੀ ਕੁੱਖੋਂ ਇਕ ਬਾਲਕ ਨੇ ਜਨਮ ਲਿਆ ਜਿਸ ਦਾ ਨਾਮ ਵਿਜੈ ਦਾਸ ਰੱਖਿਆ ਗਿਆ। **ਦਸਤਾਵੇਜ਼ ਪੁਸਤਕ 'ਦੀ ਚਮਾਰਜ਼' ਦੇ ਲੇਖਕ ਮਿ. ਜੀ. ਡਬਲਯੂ ਬ੍ਰਿਗੇਸ ਵੀ ਲਿਖਦੇ ਹਨ: "ਆਪ (ਜਗਤਗੁਰੂ ਰਵਿਦਾਸ ਮਹਾਰਾਜ ਜੀ) ਦੀ ਸੁਪਤਨੀ ਦਾ ਨਾਂ ਲੋਨਾ ਅਤੇ ਸਪੁੱਤਰ ਦਾ ਨਾਂ ਵਿਜੈ ਦਾਸ ਸੀ।"**

* * *

# ਗੁਰਮੁਖੀ ਅੱਖਰਾਂ ਦੀ ਰਚਨਾ ਕਰਨੀ

ਜਿਸ ਸਮਾਜ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਹੋਇਆ ਉਹ ਸਖ਼ਤ ਪਾਬੰਦੀਆਂ ਵਿਚ ਬੱਝਾ ਹੋਇਆ ਸੀ। ਅਗਿਆਨਤਾ ਅਤੇ ਗਰੀਬੀ ਇਸ ਸਮਾਜ ਦੀ ਪਹਿਚਾਣ ਬਣ ਚੁੱਕੀ ਸੀ। ਜਗਤਗੁਰੂ ਰਵਿਦਾਸ ਮਹਾਰਾਜ ਜੀ ਆਪਣੇ ਗਰੀਬ ਸਮਾਜ ਦੀ ਨੁਹਾਰ ਬਦਲਣ ਦੇ ਇੱਛੁਕ ਸਨ, ਉਹ ਹਰ ਪੱਖੋਂ ਸਮਾਜ ਵਿਚ ਤਬਦੀਲੀ ਚਾਹੁੰਦੇ ਸਨ। ਗੁਰੂ ਜੀ ਨੇ ਸਭ ਨੂੰ ਗਿਆਨਵਾਨ ਹੋਣ ਲਈ ਪ੍ਰੇਰਿਆ:-

**ਮਾਧੋ ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥**

**ਵਿਵੇਕ ਦੇ ਦੀਪਕ ਨੂੰ ਜਗਾਉਣ ਲਈ ਆਪ ਨੇ ਗੁਰਮੁਖੀ ਦੇ ਚੌਤੀ ਅੱਖਰਾਂ ਦੀ ਰਚਨਾ ਕੀਤੀ। ਜਿਸ ਨਾਲ ਸਮਾਜ ਵਿਚ ਜਾਗਰੂਕਤਾ ਆਈ ਅਤੇ ਗਿਆਨਵਾਨ ਬਣਨ ਦੀ ਨਵੀਂ ਕਿਰਨ ਬੱਝੀ।** ਜਿਸ ਸਮਾਜ ਨੂੰ ਪੜ੍ਹਨ-ਲਿਖਣ ਨਹੀਂ ਦਿੱਤਾ ਜਾਂਦਾ ਸੀ, ਉਹੀ ਸਮਾਜ ਹੁਣ ਗੁਰੂ ਜੀ ਪਾਸ ਆ ਕੇ **ਆਪਣਾ ਦੀਪਕ ਆਪ ਬਣਨ ਲੱਗ ਪਿਆ।** ਇੱਥੋਂ ਤੱਕ ਕਿ (ਦੇਵ) ਨਾਗਰੀ ਲਿਖੇ ਹੋਏ ਕਾਗਜ਼ 'ਤੇ ਜੇਕਰ ਕਿਸੇ ਸ਼ੂਦਰ ਦੀ ਨਜ਼ਰ ਪੈ ਜਾਵੇ ਤਾਂ ਉਸ ਦੀਆਂ ਅੱਖਾਂ ਕੱਢ ਕੇ ਅੰਨ੍ਹਾ ਕਰ ਦਿੱਤਾ ਜਾਂਦਾ ਸੀ। ਇਨ੍ਹਾਂ ਅਕਹਿ ਕਸ਼ਟਾਂ ਤੋਂ ਬਚਾਉਣ ਲਈ ਦੀਨ ਦਇਆਲ ਪ੍ਰਭੂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਸਮਾਜ ਨੂੰ ਗੁਰਮੁਖੀ ਅੱਖਰ ਪ੍ਰਦਾਨ ਕੀਤੇ। ਸਤਿਗੁਰੂ ਕਬੀਰ ਸਾਹਿਬ ਜੀ ਅਨੁਸਾਰ

**"ਪੰਡਿਤ ਮੁਲਾਂ ਜੋ ਲਿਖਿ ਦੀਆ।**
**ਛਾਡਿ ਚਲੇ ਹਮ ਕਛੂ ਨ ਲੀਆ॥"**

ਹੁਣ ਸਭ ਕੁਝ ਓਹੀ ਭਾਣਾ ਵਰਤ ਰਿਹਾ ਸੀ ਜਿਸ ਤਰ੍ਹਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਚਾਹੁੰਦੇ ਸਨ। ਪ੍ਰਸਿੱਧ ਇਤਿਹਾਸਕਾਰ ਮੈਕਾਲਿਫ਼ ਲਿਖਦਾ ਹੈ, "**ਸ੍ਰੀ ਰਵਿਦਾਸ ਜੀ ਸਾਹਿਬ ਦਾ ਤੇਜ ਪ੍ਰਤਾਪ ਤੇ ਜਸ ਸੂਰਜ ਦੀ ਨਿਆਈਂ ਫੈਲ ਗਿਆ**"। ਗੁਰੂ ਜੀ ਦੀ ਨੇਕ ਤੇ ਸੁਹਿਰਦ ਸੋਚ ਸਾਹਮਣੇ ਕਪਟੀ, ਲਾਲਚੀ ਤੇ ਮਾਨਵ-ਵਿਰੋਧੀਆਂ ਦੀ ਇਕ ਨਾ ਚੱਲੀ।

ਪੁਸਤਕ "ਗੁਰਮੁਖੀ ਅੱਖਰ ਭਗਤ ਰਵਿਦਾਸ ਮਹਾਰਾਜ ਜੀ ਨੇ ਬਣਾਏ" ਦੇ ਲੇਖਕ ਗਿਆਨੀ ਗੁਰਚਰਨ ਸਿੰਘ ਵੈਦ ਲਿਖਦੇ ਹਨ :

(1) "ਗੁਰਬਾਣੀ ਦੁਆਰਾ ਭਗਤ ਰਵਿਦਾਸ ਜੀ ਦੇ ਗੁਰਮੁਖੀ ਅੱਖਰ ਬਣਾਏ ਸਿੱਧ ਹੋਣਾ ਉਨ੍ਹਾਂ ਦੀ ਬਾਣੀ ਰਾਹੀਂ ਪੂਰੀ ਤਰ੍ਹਾਂ ਜਾਣਿਆ ਜਾ ਸਕਦਾ ਹੈ। ਆਪ ਜੀ ਲਿਖਦੇ ਹਨ—

**'ਨਾਨਾ ਖਿਆਨ ਪੁਰਾਨ ਬੇਦ ਬਿਧ ਚੌਤੀਸ ਅਖਰ ਮਾਹੀ॥'**

ਇਸਦਾ ਭਾਵ ਹੈ ਅਸਲ ਵਿਚ ਅੱਖਰ ਚੌਂਤੀ ਹੀ ਹਨ, ਪੰਡਤਾਂ ਨੇ ਗਿਆਨ ਨੂੰ ਕਠਨ ਬਣਾਉਣ ਵਾਸਤੇ ਦੇਵ ਨਾਗਰੀ ਦੇ ਅੱਖਰ ਕੱਚੀ ਲੱਸੀ ਵਾਂਗ ਵਧਾ ਕੇ 52 ਕਰ ਛੱਡੇ ਹਨ। ਇਸ ਤੋਂ ਸਿੱਧ ਹੋ ਗਿਆ ਹੈ ਕਿ ਪਹਿਲਾਂ ਚੌਂਤੀ ਅੱਖਰ ਗੁਰਮੁਖੀ ਦੀ ਲੋੜ ਅਨੁਸਾਰ ਜੋ ਦੱਸੇ ਅਤੇ ਸੰਕੇਤ ਕੀਤੇ ਹਨ ਉਹ ਭਗਤ ਰਵਿਦਾਸ ਜੀਦੀ ਹੀ ਦੇਣ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਨਹੀਂ ਬਣਾਏ।

(2) ਅਛੂਤ ਵਰਗ ਨੂੰ ਸੰਸਕ੍ਰਿਤ ਬੋਲੀ ਪੜ੍ਹਨ/ਪੜ੍ਹਾਉਣ ਦੀ ਪੂਰੀ ਤਰ੍ਹਾਂ ਮਨਾਹੀ ਸੀ। ਅਛੂਤ ਵਰਗ ਦੀ ਲੋੜ ਨੂੰ ਪੂਰਾ ਕਰਨ ਵਾਸਤੇ ਭਗਤ ਰਵਿਦਾਸ ਜੀ ਨੇ ਗੁਰਮੁਖੀ ਅੱਖਰ ਬਣਾਏ ਤਾਂ ਜੋ ਇਹ ਪੱਛੜਿਆਂ ਸ਼ੂਦਰਾਂ ਅਤੇ ਇਸਤਰੀਆਂ ਦਾ ਵਰਗ ਵਿੱਦਿਆ ਪ੍ਰਾਪਤ ਕਰਕੇ ਬ੍ਰਾਹਮਣਾਂ ਦੀ ਪਾਈ ਗੁਲਾਮੀ ਨੂੰ ਉਤਾਰਕੇ ਸਨਮਾਨਤ ਜੀਵਨ ਜੀਅ ਸਕੇ ਅਤੇ ਉੱਨਤ ਹੋ ਸਕੇ। (ਸੰਦਰਭ ਓਹੀ)

ਭਾਰਤ-ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਲਾਹੌਰ ਦੀ ਅਦਾਲਤ ਨੇ (11 ਮਾਰਚ 1932) ਨੂੰ ਇਹ ਫ਼ੈਸਲਾ ਕੀਤਾ ਸੀ ਕਿ 'ਗੁਰਮੁਖੀ ਦੀ ਰਚਨਾ ਗੁਰੂ ਰਵਿਦਾਸ ਮਹਾਰਾਜ ਜੀ ਨੇ ਕੀਤੀ ਹੈ'। ਇਸ ਪ੍ਰਕਾਰ ਗੁਰੂ ਰਵਿਦਾਸ ਮਹਾਰਾਜ ਜੀ ਕੇਵਲ ਇਕ ਧਾਰਮਕ ਆਗੂ ਹੀ ਨਹੀਂ ਬਲਕਿ ਭਾਰਤੀ ਸਾਹਿਤ ਦੇ ਨਿਰਮਾਤਾ ਵੀ ਹਨ। ਗੁਰੂ ਜੀ ਨੇ ਗੁਰਮੁੱਖੀ ਦੇ 34 ਅੱਖਰਾਂ ਦੀ ਰੂਪ-ਰੇਖਾ ਬਣਾ ਕੇ ਸਮਾਜ ਨੂੰ ਇਨ੍ਹਾਂ ਅੱਖਰਾਂ ਤੋਂ ਜਾਣੂ ਕਰਵਾਉਂਦੇ ਹੋਏ ਫ਼ਰਮਾਇਆ :

**ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ॥**

ਗੁਰੂ ਰਵਿਦਾਸ ਮਹਾਰਾਜ ਜੀ ਨੇ ਜਿਹੜੇ 34 ਅੱਖਰਾਂ ਦੀ ਰਚਨਾ ਕੀਤੀ ਉਹ ਹੇਠ ਲਿਖੇ ਅਨੁਸਾਰ ਹਨ :

**"ੳ ਅ ੲ ਸ ਹ ਕ ਖ ਗ ਘ ਙ ਚ ਛ ਜ ਝ ਞ ਟ ਠ ਡ ਢ ਣ ਤ ਥ ਦ ਧ ਨ ਪ ਫ ਬ ਭ ਮ ਯ ਰ ਲ ਵ"**

ਬਹੁਤ ਸਾਰੇ ਵਿਦਵਾਨ ਉਨ੍ਹਾਂ ਨੂੰ ਗੁਰਮੁਖੀ ਦੇ 34 ਅੱਖਰਾਂ ਦੇ ਰਚੇਤਾ ਮੰਨਦੇ ਹਨ ਅਤੇ 'ੜ' ਅੱਖੁਰ ਬਾਰੇ ਉਨ੍ਹਾਂ ਦਾ ਮੱਤ ਹੈ ਕਿ ਇਹ ਅੱਖ਼ਰ ਬਾਅਦ ਵਿਚ ਜੋੜਿਆ ਗਿਆ ਹੈ। ਪਰ ਗੁਰੂ ਜੀ ਦੀ ਬਾਣੀ "**ਹਾਡ ਮਾਸ ਨਾੜੀ ਕੋ ਪਿੰਜਰ**..." ਰਾਹੀਂ ਸਿੱਧ ਹੁੰਦਾ ਹੈ ਕਿ **'ੜ'** ਅੱਖਰ ਦਾ ਪ੍ਰਯੋਗ ਆਪ ਨੇ ਆਪਣੀ ਬਾਣੀ ਵਿਚ ਕੀਤਾ ਹੈ। ਇਸ ਲਈ ਗੁਰਮੁਖੀ ਦੇ ਵਿਸਥਾਰ ਵਾਸਤੇ ਆਪ ਜੀ ਨੇ ਬਾਅਦ ਵਿਚ 'ੜ' ਅੱਖਰ ਦੀ ਰਚਨਾ ਵੀ ਕਰ ਦਿੱਤੀ ਹੋ ਸਕਦੀ ਹੈ। ਇਹ ਕੰਮ ਚੌਂਤੀ ਅੱਖਰਾਂ ਦੇ ਰਚੇਤਾ ਲਈ ਮਾਮੂਲੀ ਸੀ ਪਰ ਇਸਦੀ ਪੰਜਾਬੀ ਜਗਤ ਨੂੰ ਅਦੁੱਤੀ ਦੇਣ ਹੈ।

ਪੁਸਤਕ "ਗੁਰੂ ਰਵਿਦਾਸ ਕਾਵਿ-ਕਲਾ" ਵਿਚ ਡਾ. ਕ੍ਰਿਸ਼ਨਾ ਕਲਸੀਆ ਨੇ 'ਗੁਰੂ ਰਵਿਦਾਸ ਬਾਣੀ ਵਿਚ ਪੰਜਾਬੀ ਪ੍ਰਧਾਨਤਾ' ਸਿਰਲੇਖ ਹੇਠ ਆਪਣੇ ਵਿਚਾਰ ਇੰਞ ਲਿਖੇ ਹਨ :

" ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਗੁਰੂ ਰਵਿਦਾਸ ਬਾਣੀ ਵਿਚ ਪੰਜਾਬੀ ਪ੍ਰਭਾਵ ਵਧੇਰੇ ਉਜਾਗਰ ਹੋਇਆ ਹੈ। ਬਾਹਰਲੀ ਬਾਣੀ ਵਿਚ ਵੀ ਪੰਜਾਬੀ ਪ੍ਰਭਾਵ ਦੀ ਝਲਕ ਮਿਲਦੀ ਹੈ। ਜਿਵੇਂ :-

**ਪਹਿਲੇ ਪਹਰੇ ਰੈਣਿ ਦੇ ਬਣਿਜਾਰਿਆ ਤੈਂ ਜਨਮ ਲਿਯਾ ਸੰਸਾਰ ਵੇ।**
**ਸੇਵਾ ਚੂਕੀ ਰਾਮ ਕੀ ਤੇਰੀ ਬਾਲਕ ਬੁਧਿ ਗੰਵਾਰ ਵੇ ॥੧॥**
**ਬਾਲਕ ਬੁਧਿ ਗੰਬਾਰ ਨ ਚੇਤਿਆਂ ਤੂੰ ਭੂਲਾ ਮਾਯਾ ਜਾਲ ਵੇ।**
**ਕਹਾ ਹੋਇ ਪਾਛੇ ਪਛਿਤਾਏ ਜਲ ਪਹਿਲੇ ਨ ਬਾਂਧੀ ਪਾਲ ਵੇ ॥੨॥**
**ਬੀਸ ਬਰਸ ਕਾ ਭਯਾ ਅਯਾਨਾ ਥਾਂਮਿ ਨ ਸਕਾ ਭਾਵ ਵੇ।**
**ਜਨ ਰਵਿਦਾਸ ਕਹੈ ਬਣਿਜਰਿਆ ਜਨਮ ਲਿਯਾ ਸੰਸਾਰ ਵੇ ॥੩॥**
**ਦੂਜੇ ਪਹਰੈ ਰੈਣ ਦੇ ਬਣਿਜਰਿਆ ਤੂੰ ਨਿਰਖਤ ਚਾਲਿਓ ਛਾਂਹ ਵੇ।**
**ਹਰਿ ਨ ਦਮੋਦਰ ਧਿਆਇਆ ਬਨਿਜਰਿਆ**
**ਤੂੰ ਲੇਈ ਨ ਸਕਾ ਨਾਂਵ ਵੇ ॥੪॥**
**ਨਾਂਵ ਨ ਲੀਆ ਔਗੁਨ ਕੀਆ ਇਸ ਜੋਬਨ ਦੈ ਤਾਨ ਵੇ।**
**ਅਪਨੀ ਪਰਾਈ ਗਿਨੀ ਨ ਕਾਈ ਮੰਦ ਕਰਮ ਕਮਾਨ ਵੇ।।੫॥**
**ਸਾਹਿਬ ਲੇਖਾ ਲੇਸੀ ਤੂੰ ਭਰਿ ਦੇਸੀ ਭੀਰ ਪਰੈ ਤੁਝ ਤਾਂਹ ਵੇ।**
**ਜਨ ਰਵਿਦਾਸ ਕਹੈ ਬਣਿਜਰਿਆ ਤੂੰ ਨਿਰਖਤ ਚਾਲਾ ਛਾਂਹ ਵੇ ॥੬॥**
**ਤੀਜੈ ਪਹਰੇ ਰੈਣ ਦੇ ਬਣਿਜਰਿਆ**
**ਤੇਰੇ ਢਿਲੜੇ ਪੜੇ ਪਿਯ ਪ੍ਰਾਨ ਵੇ।**
**ਕਾਯਾ ਰਵਨੀ ਨਾ ਕਰੈ ਬਣਿਜਰਿਆ ਘਟ ਭੀਤਰ ਬਸੇ ਕੁਜਾਨ ਵੇ ॥੭॥**
**ਏਕ ਬਸੈ ਕਾਯਾਗੜ ਭੀਤਰ ਪਹਿਲਾ ਜਨਮ ਗੰਵਾਇ ਵੇ।**
**ਅਬ ਕੀ ਬੇਰ ਨ ਸੁਕਿਰਿਤ ਕੀਆ ਬਹੁਰਿ ਨ ਯਹਿ ਗੜਿ ਪਾਇ ਵੇ ॥੮॥**
**ਕੰਪੀ ਦੇਹ ਕਾਯਾਗੜ ਖੀਨਾ ਫਿਰ ਲਾਗਾ ਪਛਿਤਾਨ ਵੇ।**
**ਜਨ ਰਵਿਦਾਸ ਕਹੈ ਬਣਿਜਰਿਆ ਤੇਰੇ ਢਿਲੜੇ ਪੜੇ ਪਰਾਨ ਵੇ ॥੯॥**
**ਚੌਥੇ ਪਹਰੇ ਰੈਨ ਦੇ ਬਣਿਜਾਰਿਆ ਤੇਰੀ ਕੰਪਨ ਲਾਗੀ ਦੇਹ ਵੇ।**
**ਸਾਹਿਬ ਲੇਖਾ ਮਾਂਗਿਆ ਬਣਿਜਾਰਿਆ ਤੂ ਛਾਡਿ ਪੁਰਾਨੀ ਦੇਹ ਵੇ ॥੧੦॥**
**ਛਾਡਿ ਪੁਰਾਨੀ ਜਿਦ ਅਜਾਨਾ ਬਾਲਦਿ ਹਾਂਕਿ ਸਬੇਰਿਆ ਵੇ।**

**ਜਮ ਕੇ ਆਏ ਬਾਂਧਿ ਚਲਾਏ ਬਾਰੀ ਪੂਗੀ ਤੇਰਿਆ ਵੇ ॥੧੧॥**

**ਪੰਥ ਚੱਲੇ ਅਕੇਲਾ ਹੋਏ ਦੁਹੇਲਾ ਕਿਸ ਕੋ ਦੇਹ ਸਨੇਹ ਵੇ।**

**ਜਨ ਰਵਿਦਾਸ ਕਹੈ ਬਨਿਜਰਿਆ ਤੇਰੀ ਕੰਪਨ ਲਾਗੀ ਦੇਹ ਵੇ ॥੧੨॥***

ਉਪਰੋਕਤ ਸ਼ਬਦ ਵਿਚ ਬਨਿਜਾਰਿਯਾ, ਬਾਲਕ ਬੁੱਧੀ, ਜੋਬਨ, ਗੰਵਰਾ, ਮੰਦੇ ਕਰਮ, ਥੰਭਿ, ਬਰਸ, ਨਿਖਰੇ, ਪਿਰਾਨ, ਪਾਲ ਆਦਿ ਪੰਜਾਬੀ-ਪ੍ਰਧਾਨ ਕਾਵਿ ਭਾਸ਼ਾ ਨਾਲ ਸੰਬੰਧਿਤ ਹਨ। ਇਸ ਤੋਂ ਇਲਾਵਾ ਬਰਨ ਪਲਟਿ ਭਯੋ, ਧੰਨਿ ਸੋ ਪੰਥੀ, ਘਟਿ ਘਟਿ ਬਯਾਪਿ ਰਹਯੋ, ਸੰਤ ਉਤਾਰੇ ਆਰਤੀ ਦੇਵ ਸਿਰੋਮਨੀਏਂ, ਧੂਪ ਧੂਪਾਈਏ, ਤਨਮਨ ਆਤਮ ਬਾਰਿ, ਸਦਾ ਹਰਿ ਗਾਈਏ, ਸਘਨ ਬਨ ਵਿਕੁ, ਕਾਮ ਕਲੇਸ਼, ਜਬ ਲਗਿ ਤਨ ਮਨ ਸੁਧ ਨ ਹੋਇ, ਭਗਤਿ ਨ ਹੋਇ ਬਹੁ ਗੁਣ ਕੀਨੈ, ਸੰਤੋਂ ਕੁਲ ਪਖੀ ਭਗਤਿ ਹਵੈਸੀ ਕਲਿਯੁਗ ਮੈਂ, ਬਿਨ ਵਿਸਵਾਸ, ਨਿਸਿ ਬਾਸਰ ਦੁਸਕਰਮ ਕਮਾਈ, ਰਾਮ ਕਹਤ ਬੈਕੁੰਠੇ ਜਾਈ। ਮੇਰੀ ਕੁਚੀਲ ਜਾਤਿ ਕੁਚੀਲਾ ਮੇ ਬਾਸ, ਬਰਸ ਸਹਸ ਦਸ ਜੁਧ ਕਰਾਯੋ ਜੁਗਲ ਉਧਾਰਣ ਰਾਜ, ਨਿਰੰਜਨ ਧਯਾਊਂ, ਜਿਸ ਘਰਿ ਜਾਊ ਹੋਂ ਬਹੁਰਿ ਨਾ ਆਊਂ, ਪ੍ਰੇਮ ਕੀ ਪਾਟਿ ਸੁਰਤਿ ਲੇਖਨਿ, ਰਰਾ ਮਮਾ ਲਿਖਿ ਅੰਕ ਦਿਖਾਊਂ॥ **ਆਦਿ ਪੰਜਾਬੀ ਪ੍ਰਧਾਨ ਲੋਕ-ਭਾਸ਼ਾ ਨਾਲ ਸੰਬੰਧਿਤ ਵਾਕ-ਅੰਸ਼ ਹਨ।**

ਪੰਜਾਬੀ ਉਚਾਰਨ ਵਿਚ ਜਦੋਂ ਦੋ ਤੋਂ ਵੱਧ ਅੱਖਰ ਹੋਣ ਅਤੇ ਪਹਿਲੇ ਦੋ ਦੀਰਘ ਸਵਰ ਵਾਲੇ ਹੋਣ ਤਾਂ ਆਰੰਭਿਕ ਸਵਰ ਆਪਣੇ ਆਪ ਲਘੂ ਹੋ ਜਾਂਦਾ ਹੈ। ਜਿਵੇਂ ਆਧਾਰ, ਅਧਾਰ ਵਿਚ ਬਦਲ ਜਾਂਦਾ ਹੈ :-

**- ਕਲਿ ਕੇਵਲ ਨਾਮ ਅਧਾਰ ॥**

**- ਜੀਵਤ ਮੁਕੰਦੇ ਮਰਤ ਮੁਕੰਦੇ। ਤਾ ਕੇ ਸੇਵਕ ਕੋ ਸਦਾ ਅਨੰਦੇ ॥**

ਚੰਦਾ ਜਾਂ ਚਾਂਦ ਦੀ ਤੁਲਨਾ ਤੇ ਚੰਦ ਸ਼ਬਦ, ਨਾਉਂ ਸ਼ਬਦ ਦਾ ਪ੍ਰਯੋਗ, ਸੈਰ ਦੀ ਥਾਂ ਸੈਲ, ਘਨਾ ਦੀ ਥਾਂ ਘਣਾ (ਨ ਦੀ ਥਾਂ ਣ ਦਾ ਪ੍ਰਯੋਗ) ਯੂੰ ਦੀ ਥਾਂ ਇਉਂ, ਪਰਚਣਾ ਸ਼ਬਦ ਦੀ ਵਰਤੋਂ ਪੰਜਾਬੀ ਉਚਾਰਣ ਅਨੁਸਾਰ ਹੋਈ ਹੈ :-

**- ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥-**

**ਤਿਉਂ ਤਿਉਂ ਸੈਲ ਕਰਹਿ, ਜਿਉਂ ਭਾਵੇ**

**ਮਰਹਮ ਮਹਲ ਨ ਕੋ ਅਟਕਾਵੈ ॥**

**- ਘਟ ਅਵਘਟ ਡੂਗਰ ਘਣਾ।**

**- ਇਉਂ ਗੁਰ ਪ੍ਰਸਾਦਿ ਨਰਕ ਨਹੀਂ ਜਾਤਾ।**

**- ਬੇਗਮਪੁਰਾ ਸਹਰ ਕੋ ਨਾਉਂ।**

**- ਫੇੜੇ ਕਾ ਦੁਖ ਸਹੇ ਜੀਉ।**

**- <u>ਪਰਚੈ</u> ਰਾਮੁ ਰਵੈ ਜੋ ਕੋਇ।**

ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਵਿਚ ਪੰਜਾਬੀ ਕਿਰਿਆਵਾਂ ਦਾ ਖਾਸਾ ਪ੍ਰਯੋਗ ਮਿਲਦਾ ਹੈ ਜਿਸ ਨਾਲ ਉਨ੍ਹਾਂ ਦੀ ਕਾਵਿ ਭਾਸ਼ਾ ਪੰਜਾਬੀ-ਪ੍ਰਧਾਨ ਨਜ਼ਰ ਆਉਂਦੀ ਹੈ ਜਿਵੇਂ :-

**- ਟਾਂਡਾ ਲਾਦਿਆ ਜਾਇ ਰੇ ॥**

**- ਮੇਰਾ ਮਨ ਬਿਖਿਆ ਬਿਮੋਹਿਆ ॥ (ਗਾਊੜੀ ਪੂਰਬੀ)**

**- ਨਿਮਤ, ਨਾਮਦੇਉ ਦੂਧੁ ਪੀਆਇਆ ॥**
**ਤਉ ਜਗ ਜਨਮ ਸੰਕਟ ਨਹੀਂ ਆਇਆ ॥ (ਰਾਗੁ ਆਸਾ))**

**- ਨਿੰਦਕੁ ਸੋਧਿ ਸਾਧਿ ਬੀਚਾਰਿਆ ॥**
**ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥ (ਰਾਗੁ ਗੋਂਡ)**

**- ਹੋਇ ਪੁਨੀਤ ਭਗਵੰਤ ਭਜਨ ਤੇ**
**ਆਪੁ ਤਾਰਿ ਤਾਰੇ ਕੁਲ ਦੋਇ ॥ (ਰਾਗੁ ਬਿਲਾਵਲ)**

ਪੰਜਾਬੀ ਵਿਚ ਪਰਸਰਗ, ਲੱਗਣ ਨਾਲ ਸ਼ਬਦ ਦਾ ਅੰਤਲਾ 'ਅ' ਬਲ ਕੇ 'ਏ' ਹੋ ਜਾਂਦਾ ਹੈ **ਰਮਈਏ ਸਿਓ ਇਕ ਬੇਨਤੀ (ਰਾਗ ਗਾਉੜੀ) ਰਮਈਏ ਰੰਗ ਮਜੀਠ ਕਾ (ਰਾਗ ਗਉੜੀ)**

ਉਪਰੋਕਤ ਅਧਿਐਨ ਉਪਰੰਤ ਅਸੀਂ ਬਿਨਾਂ ਝਿਜਕ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਬਾਣੀ ਦੀ ਭਾਸ਼ਾ ਪੰਜਾਬੀ ਪ੍ਰਧਾਨ ਸਹਿਜ ਲੋਕ ਭਾਸ਼ਾ ਹੈ।

ਗੁਰੂ ਰਵਿਦਾਸ ਬਾਣੀ ਦੀ ਕਾਵਿ-ਕਲਾ 'ਤੇ ਆਪਣੀ ਤੀਖਣ ਬੁੱਧੀਮਤਾ ਨਾਲ ਡਾ. ਕਲਸੀਆ ਨੇ ਜੋ ਬਿਆਨ ਕੀਤਾ ਹੈ ਉਹ ਸੱਚਮੁੱਚ ਹੀ ਪ੍ਰਸ਼ੰਸਾਯੋਗ ਹੈ। ਇਸ ਪ੍ਰਕਾਰ ਗੁਰੂ ਰਵਿਦਾਸ ਬਾਣੀ ਦੀ ਕਾਵਿ-ਕਲਾ ਤੋਂ ਵੀ ਇਹੋ ਸਿੱਧ ਹੁੰਦਾ ਹੈ ਕਿ **ਗੁਰੂ ਰਵਿਦਾਸ ਜੀ ਪੰਜਾਬੀ ਦੇ ਗਿਆਤਾ ਹੀ ਨਹੀਂ ਸਗੋਂ ਬਹੁਤ ਬਰੀਕੀ ਨਾਲ ਪੰਜਾਬੀ ਭਾਸ਼ਾ 'ਤੇ ਪਕੜ ਰੱਖਣ ਵਾਲੇ ਸਨ। ਇਸ ਲਈ ਨਿਰਸੰਦੇਹ ਪੰਜਾਬੀ ਦੀ ਰਚਨਾ ਉਨ੍ਹਾਂ ਨੇ ਹੀ ਕੀਤੀ ਹੈ।**

ਗੁਰਮੁਖੀ ਅੱਖਰਾਂ ਦੀ ਰਚਨਾ ਤੋਂ ਬਾਅਦ ਗੁਰੂ ਜੀ ਨੇ ਗਿਆਨ ਦੇ ਦੀਪਕ ਜਗਾਉਣ ਵਿਚ ਕੋਈ ਕਸਰ ਨਹੀਂ ਛੱਡੀ। ਗੁਰੂ ਜੀ ਫ਼ਰਮਾਉਂਦੇ :-

**ਸਤਿ ਵਿਦਿਆ ਕੋ ਪੜੇ ਪ੍ਰਾਪਤ ਕਰੇਂ ਸਦਾ ਗਿਆਨ।**
**ਰਵਿਦਾਸ ਕਹੇ ਬਿਨ ਵਿਦਿਆ ਨਰ ਕੋ ਜਾਨ ਅਜਾਨ ॥**

ਗੁਰੂ ਜੀ ਦੇ ਪ੍ਰਚਾਰ ਦਾ ਢੰਗ ਬਹੁਤ ਮਿਠਾਸ ਭਰਿਆ ਸੀ। ਉਹ ਆਪਣੇ ਤੇਜੱਸਵੀ ਚਿਹਰੇ ਅਤੇ ਮਿੱਠੇ ਵਚਨਾਂ ਨਾਲ ਸਭ ਦਾ ਮਨ ਮੋਹ ਲੈਂਦੇ ਸਨ। ਮਨੁੱਖਤਾ ਨੂੰ ਉਹ ਪ੍ਰੇਮ-ਪਿਆਰ ਅਤੇ ਨੇਕ ਕਮਾਈ ਦਾ ਸਬਕ ਪੜ੍ਹਾਉਣਾ ਚਾਹੁੰਦੇ ਸਨ।

ਚਮਾਰਾਂ ਦੇ ਬੱਚਿਆਂ ਨੂੰ ਇਸ ਤਰ੍ਹਾਂ ਪੜ੍ਹਦਾ ਦੇਖ ਕੇ ਮਾਨਵ-ਵਿਰੋਧੀ ਕੰਬ ਉੱਠੇ ਕਿਉਂਕਿ ਗੁਰੂ ਰਵਿਦਾਸ ਮਹਾਰਾਜ ਜੀ ਦੁਆਰਾ ਇੰਞ ਕਰਨਾ ਭਾਰਤ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਕ੍ਰਾਂਤੀਕਾਰੀ ਕਦਮ ਸੀ। ਇਸ ਕਦਮ ਨਾਲ ਹੀ ਸਦੀਆਂ ਤੋਂ ਪੀੜਤ ਦਲਿਤ ਸਮਾਜ ਵਿਚ ਸੋਚਣ-ਸਮਝਣ ਦੀ ਸ਼ਕਤੀ ਪੈਦਾ ਹੋਈ।

ਗੁਰੂ ਜੀ ਦੀ ਪਾਵਨ ਬਾਣੀ ਤੋਂ ਵੀ ਪ੍ਰਤੀਤ ਹੁੰਦਾ ਹੈ ਕਿ ਆਪ ਨੂੰ ਬਹੁਤ ਸਾਰੀਆਂ ਭਾਸ਼ਾਵਾਂ ਦਾ ਗਿਆਨ ਸੀ। ਗੁਰੂ ਜੀ ਨੇ ਆਪਣੀ ਬਾਣੀ ਵਿਚ ਸਿੱਖਿਅਤ ਹੋਣ ਅਤੇ ਵਿਚਾਰਵਾਨ ਬਣਨ ਦੀ ਸਿੱਖਿਆ ਹੀ ਨਹੀਂ ਦਿੱਤੀ ਸਗੋਂ ਨਿਯਮਤ ਢੰਗ ਨਾਲ ਆਪ ਆਪਣੇ ਸ਼ਿਸ਼ਾਂ ਨੂੰ ਪੜ੍ਹਾਉਂਦੇ ਵੀ ਸਨ। ਬਹੁਤ ਸਾਰੇ ਵਿਦਵਾਨ ਇਸ ਮੱਤ ਨਾਲ ਸਹਿਮਤ ਹਨ ਕਿ ਗੁਰੂ ਜੀ ਨੇ ਆਪਣੇ ਘਰ ਵਿਚ ਪਾਠਸ਼ਾਲਾ ਖੋਲ੍ਹ ਰੱਖੀ ਸੀ ਜਿਸ ਵਿਚ ਬਹੁਤ ਸਾਰੇ ਲੋਕ ਪੜ੍ਹਨ ਆਉਂਦੇ ਸਨ। ਆਪ ਜੀ ਦੇ ਗਿਆਨ ਦਾ ਵੱਡੇ ਵੱਡੇ ਵਿਦਵਾਨ ਲੋਹਾ ਮੰਨਦੇ ਸਨ ਜੋ ਆਪ ਜੀ ਨੇ ਆਪਣੀ ਬਾਣੀ ਵਿਚ ਅਨੇਕ ਵਾਰ ਸਪੱਸ਼ਟ ਕੀਤਾ ਹੈ :

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥**

ਅਤੇ

**ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ**
**ਤਿਨ ਤਨੈ ਰਵਿਦਾਸ ਦਾਸਾਨ ਦਾਸਾ॥**

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਬਾਣੀ ਦੇ ਸਿਰਫ਼ 40 ਸ਼ਬਦ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਗੁਰੂ ਜੀ ਦੁਆਰਾ ਇਨ੍ਹਾਂ 40 ਸ਼ਬਦਾਂ ਵਿਚ ਵਰਤੋਂ ਵਿਚ ਲਿਆਂਦੇ ਕਈ ਸ਼ਬਦ ਅਜਿਹੇ ਹਨ ਜਿਹੜੇ ਪੂਰੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਕਿਸੇ ਵੀ ਗੁਰੂ ਨੇ ਨਹੀਂ ਪ੍ਰਯੋਗ ਕੀਤੇ ਜਿਵੇਂ:- ਸੁਭਾਈ, ਸਾਭਾ, ਬਿਲਾਂਬਾ, ਅੰਦੋਹ, ਤਸਵੀਸ, ਆਬਾਦਾਨ, ਮਾਮੂਰ, ਮਹਰਮ, ਦਾਦਿਰਾ, ਬਿਮੋਹਿਆ, ਉਨਮਨ, ਅਸੋਚ, ਓਲ੍ਹਗ, ਓਲ੍ਹਗਣੀ, ਬਿਗੂਚਾ, ਪਤੀਆਰੁ, ਅਵਿਲੋਕਨੋ, ਮਧੁਕਰੁ , ਭਾਖਉ, ਉਰਸਾ, ਅੰਭੁਲਾ, ਅਭਾਖੈ ਆਦਿ ਜਿਸ ਤੋਂ ਆਪ ਜੀ ਦੇ ਵਿਸ਼ਾਲ ਸ਼ਾਬਦਿਕ ਗਿਆਨ/ਭੰਡਾਰ ਦਾ ਪਤਾ ਚਲਦਾ ਹੈ। ਇੱਥੇ ਹੀ ਬੱਸ ਨਹੀਂ ਆਪ ਜੀ ਦੇ ਵਿਸ਼ਾਲ ਗਿਆਨ ਕਰਕੇ ਹੀ ਉਸ ਸਮੇਂ ਅਧਿਆਤਮਕਵਾਦੀ ਸੰਗੀਤ ਪੱਧਤੀ ਦੇ ਨਿਰਮਾਣ ਨੇ ਜ਼ੋਰ ਫੜਿਆ ਸੀ।

ਪ੍ਰਸਿੱਧ ਲੇਖਕ ਰਤਨ ਗੀਹਲ ਆਪਣੀ ਪੁਸਤਕ "ਗੁਰੂਆਂ ਦੇ ਗੁਰੂ ਸ਼੍ਰੀ ਗੁਰੂ ਰਵਿਦਾਸ ਜੀ" ਵਿਚ ਲਿਖਦੇ ਹਨ: "**ਆਪ ਜੀ ਨੇ ਆਪਣੀ ਬਾਣੀ ਕਈ ਰਾਗਾਂ ਵਿਚ ਉਚਾਰਣ ਕੀਤੀ ਜਿਸ ਤੋਂ ਮਾਲੂਮ ਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਸੰਗੀਤ ਵਿੱਦਿਆ**

**ਦੇ ਮਹਾਨ ਵਿਦਵਾਨ ਸਨ। ਗੁਰੂ ਰਵਿਦਾਸ ਜੀ ਨੇ ਧੁਰੋਂ ਆਈ ਬਾਣੀ ਨੂੰ ਰਾਗਾਂ ਵਿਚ ਉਚਾਰਿਆ।"** ਲੇਖਕ ਅੱਗੇ ਲਿਖਦਾ ਹੈ, "ਹਰ ਮੱਤ ਵਿਚ ਰਾਗ-ਰਾਗਨੀਆਂ ਦੇ ਨਾਮਾਂ, ਨੇਮਾਂ ਅਤੇ ਸਰੂਪਾਂ ਵਿਚ ਢੇਰ ਅੰਤਰ ਪਾਇਆ ਜਾਂਦਾ ਸੀ। ਇਸ ਮੱਤ-ਭੇਦ ਅਤੇ ਅੰਤਰ-ਦੇਸ਼ ਭੇਦ ਕਾਰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਰਾਗ-ਰਾਗਨੀ ਪੱਧਤੀ ਨੂੰ ਅਵਿਗਿਆਨਕ ਹੀ ਨਹੀਂ ਸਮਝਿਆ ਸਗੋਂ ਰਾਗਾਂ ਨੂੰ ਉਨ੍ਹਾਂ ਦੀਆਂ ਸਹੀ ਅੱਠ ਸੁਰਾਂ ਵਿਚ ਬਿਠਾ ਕੇ ਉਨ੍ਹਾਂ ਦੇ ਨਾਵਾਂ ਅਨੁਸਾਰ ਹੀ ਉਨ੍ਹਾਂ ਨੂੰ ਰਾਗ ਬਣਾ ਕੇ ਆਪਣੀ ਵਰਤੋਂ ਵਿਚ ਲਿਆਂਦਾ। ਜਿਸ ਰਾਗ ਵਰਗੀਕਰਣ ਬਾਰੇ ਆਧੁਨਿਕ ਸੰਗੀਤਕਾਰ ਕੁਝ ਵਿਚਾਰ ਕਰਨ ਦੀਆਂ ਹੁਣ ਸੋਚਾਂ ਸੋਚਦੇ ਰਹਿੰਦੇ ਹਨ। **ਉਨ੍ਹਾਂ ਰਾਗਾਂ ਦੀ ਨੀਂਹ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪੰਜ ਸੌ ਸਾਲ ਪਹਿਲਾਂ ਹੀ ਰੱਖ ਚੁੱਕੇ ਹਨ। ਉਨ੍ਹਾਂ ਨੇ ਆਪਣੀ ਬਾਣੀ ਸੋਲ੍ਹਾਂ ਰਾਗਾਂ ਵਿਚ ਉਚਾਰੀ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਗੁਰੂ ਰਵਿਦਾਸ ਮਹਾਰਾਜ ਜੀ ਵਾਲੇ ਸਾਰੇ ਰਾਗਾਂ ਨੂੰ ਆਪਣੀ ਬਾਣੀ ਦਾ ਆਧਾਰ ਬਣਾਇਆ ਹੈ।**

ਇਸਦੇ ਨਾਲ ਨਾਲ ਗੁਰੂ ਜੀ ਨੇ ਪ੍ਰਚਲਿਤ ਧਰਮ 'ਚ ਦਾਖ਼ਲ ਹੋ ਚੁੱਕੇ ਝੂਠੇ ਕਰਮ-ਕਾਂਡ ਤੋਂ ਜਾਣੂ ਹੀ ਨਹੀਂ ਕਰਵਾਇਆ ਸਗੋਂ ਪ੍ਰਭੂ-ਭਗਤੀ ਦਾ ਸੱਚਾ-ਸੁੱਚਾ ਮਾਰਗ ਵੀ ਦਿਖਾਇਆ।

ਗੁਰੂ ਜੀ ਨੇ ਸਮਾਜ ਦੇ ਦੁੱਖਾਂ-ਕਲੇਸ਼ਾਂ ਦੇ ਕਾਰਨਾਂ ਨੂੰ ਹੱਲ ਕਰਨ ਲਈ ਭਗਤੀ ਤੇ ਸ਼ਕਤੀ ਦਾ ਰਾਹ ਅਖ਼ਤਿਆਰ ਕੀਤਾ। ਉਨ੍ਹਾਂ ਨੇ ਸਪੱਸ਼ਟ ਕਰ ਦਿੱਤਾ ਕਿ ਸਾਨੂੰ ਆਪਸ ਵਿਚ ਮਧੂ ਮੱਖੀਆਂ ਵਾਂਗ ਰਲ-ਮਿਲ ਕੇ ਰਹਿਣਾ ਚਾਹੀਦਾ ਹੈ, ਤਾਂ ਹੀ ਭਗਤੀ 'ਤੇ ਸ਼ਕਤੀ ਦਾ ਰੰਗ ਚੜ੍ਹੇਗਾ, ਇਹ ਸੱਚ ਦੀ ਸੰਗਤ ਨਾਲ ਹੀ ਸੰਭਵ ਹੈ :-

**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥**

* * *

# ਪੀਰਾਂ ਦਿੱਤਾ ਮਰਾਸੀ ਦੀ ਈਰਖਾ

ਜਗਤਗੁਰੂ ਰਵਿਦਾਸ ਮਹਾਰਾਜ ਜੀ ਸਰਬੱਤ ਦਾ ਭਲਾ ਚਾਹੁੰਣ ਵਾਲੇ ਮਹਾਂਪੁਰਸ਼ ਸਨ। ਉਹਨਾਂ ਦੇ ਹਿਰਦੇ ਵਿਚ ਸਾਰਿਆਂ ਲਈ ਪਿਆਰ ਸੀ, ਭਾਵੇਂ ਉਹ ਪੁਰਸ਼ ਕਿਸੇ ਵੀ ਜਾਤ ਦਾ ਕਿਉਂ ਨਾ ਹੋਵੇ। ਉਹ ਸਾਰਿਆਂ ਨੂੰ ਸੱਚੇ ਧਰਮ ਦਾ ਉਪਦੇਸ਼ ਦਿੰਦੇ ਸਨ। **ਜੀਵਾਂ ਨੂੰ ਬੁਰਾਈਆਂ ਤੋਂ ਹਟਾ ਕੇ ਸੱਚੇ ਮਾਰਗ ਤੇ ਲਾਉਣਾ ਹੀ ਗੁਰੂ ਜੀ ਦਾ ਮਨਰੋਥ ਸੀ। ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸਾਰੇ ਵਰਣਾਂ ਦੇ ਲੋਕ ਉਹਨਾਂ ਪਾਸ ਆਉਣ ਲੱਗੇ।**

ਪੀਰਾਂ ਦਿੱਤਾ ਮਰਾਸੀ ਨੂੰ ਇਹ ਗੱਲ ਬਿਲਕੁਲ ਚੰਗੀ ਨਾ ਲੱਗੀ। ਉਹ

ਜਗਤਗੁਰੂ ਰਵਿਦਾਸ ਮਹਾਰਾਜ ਜੀ ਨਾਲ ਈਰਖਾ ਕਰਨ ਲੱਗਾ। ਉਸਨੇ ਇਕ ਦਿਨ ਨਗਰ ਤੋਂ ਬਾਹਰ ਇਕ ਸਭਾ ਬੁਲਾਈ ਜਿਸ ਵਿਚ ਸਮਾਜ ਦੇ ਪਤਵੰਤੇ ਸੱਜਣ ਇਕੱਠੇ ਹੋਏ। ਸਾਰਿਆਂ ਨੇ ਪੀਰਾਂ ਦਿੱਤਾ ਦੀ ਗੱਲ ਸੁਣਕੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਮਾਰਨ ਦਾ ਵਿਚਾਰ ਬਣਾ ਲਿਆ। ਜਗਤਗੁਰੂ ਰਵਿਦਾਸ ਮਹਾਰਾਜ ਜੀ ਜਿਵੇਂ ਹੀ ਉਸ ਸਭਾ ਵਿਚ ਪਹੁੰਚੇ ਤਾਂ ਕੁਝ ਲੋਕ ਉਹਨਾਂ ਪ੍ਰਤੀ ਕਠੋਰ ਸ਼ਬਦ ਬੋਲਣ ਲੱਗੇ। ਗੁਰੂ ਜੀ ਨੇ ਉਹਨਾਂ ਲੋਕਾਂ ਨੂੰ ਅਜਿਹਾ ਬੋਲਦਿਆਂ ਸੁਣ ਕੇ ਪੁੱਛਿਆ ਕਿ ਤੁਸੀਂ ਕਠੋਰ ਸ਼ਬਦ ਕਿਉਂ ਬੋਲ ਰਹੇ ਹੋ? ਜੀਭਾ ਨਾਲ ਪਵਿੱਤਰ ਬਚਨ ਬੋਲਣੇ ਚਾਹੀਦੇ ਹਨ, ਜਿਹਨਾਂ ਨੂੰ ਸੁਣ ਕੇ ਦੂਜੇ ਲੋਕਾਂ ਦਾ ਮਨ ਸ਼ਾਂਤ ਹੋਵੇ। ਕਠੋਰ ਸ਼ਬਦ ਬੋਲਣ ਦਾ ਕੀ ਲਾਭ ਹੈ? ਮੇਰਾ ਤੁਹਾਡੇ ਨਾਲ ਕੋਈ ਵਿਰੋਧ ਨਹੀਂ ਹੈ। ਮੇਰੇ ਲਈ ਕੋਈ ਵੀ ਆਦਮੀ ਚੰਗਾ ਜਾਂ ਮਾੜਾ ਨਹੀਂ ਹੈ ਸਗੋਂ ਕਰਮ ਕਰਕੇ ਮਨੁੱਖ ਚੰਗਾ-ਮਾੜਾ ਬਣ ਸਕਦਾ ਹੈ। ਚੰਗੇ ਆਦਮੀ ਤਾਂ ਗੁਰੂ ਜੀ ਦੇ ਮੁਖ਼ਾਰਬਿੰਦ ਤੋਂ ਅੰਮ੍ਰਿਤਮਈ ਬਚਨ ਸੁਣ ਕੇ ਉਹਨਾਂ ਦੀ ਸੋਭਾ ਕਰਨ ਲੱਗੇ ਪਰ ਜਿਹੜੇ ਖੋਟੀ ਮਤ ਵਾਲੇ ਸਨ ਉਹ ਗੁਰੂ ਜੀ ਉੱਤੇ ਹਮਲਾ ਕਰਨ ਲੱਗੇ। ਉਹਨਾਂ ਨੂੰ ਅਜਿਹਾ ਕਰਦੇ ਦੇਖ ਕੇ ਗੁਰੂ ਜੀ ਨੇ ਪਰਮਾਤਮਾ ਦੀ ਸ਼ਰਨ ਲਈ ਤੇ ਉਚਾਰਨ ਕੀਤਾ

**ਰਾਮ ਗੁਸਈਆ ਜੀਅ ਕੇ ਜੀਵਨਾ ॥**
**ਮੋਹਿ ਨਾ ਬਿਸਾਰਹੁ ਮੈ ਜਨੁ ਤੇਰਾ ॥੧ ॥ ਰਹਾਉ ॥**
**ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥**
**ਚਰਣ ਨ ਛਾਡਉ ਸਰੀਰ ਕਲ ਜਾਈ ॥੨ ॥**
**ਕਹੁ ਰਵਿਦਾਸ ਪਰਉ ਤੇਰੀ ਸਾਭਾ ॥**
**ਬੇਗਿ ਮਿਲਹੁ ਜਨ ਕਰਿ ਨਾ ਬਿਲਾਂਬਾ ॥੩ ॥੧ ॥**

ਜਦੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਇਹ ਬਾਣੀ ਉਚਾਰਨ ਕੀਤੀ ਤਾਂ ਇਕ ਦਮ ਤੇਜ਼ ਪ੍ਰਕਾਸ਼ ਪ੍ਰਗਟ ਹੋ ਗਿਆ। ਸਾਰਿਆਂ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਸਰੂਪ ਸਾਰੇ ਪਾਸੇ ਦਿਖਾਈ ਦੇਣ ਲੱਗਾ। ਸਾਰੇ ਲੋਕ ਉੱਥੇ ਹੀ ਦੇਖਦੇ ਰਹਿ ਗਏ ਅਤੇ ਇੱਧਰ ਘਰ ਆ ਕੇ ਗੁਰੂ ਜੀ ਨੇ ਫਿਰ ਸੰਖ ਵਜਾਇਆ। ਸਮਰੱਥ ਪੁਰਸ਼ ਅੱਗੇ ਕਿਸੇ ਦੀ ਕੋਈ ਚਾਲ ਨਹੀਂ ਚਲਦੀ।

ਬਨਾਰਸ ਵਿਚ ਜਦੋਂ ਸੰਗਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਸ਼ਨ ਲਈ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਜਨਮ ਸਥਾਨ ਮੰਦਿਰ ਜਾਂਦੀ ਹੈ ਤਾਂ ਉਥੋਂ ਆ ਕੇ ਲੋਕ ਇਸ ਸਥਾਨ ਬਾਰੇ ਦੱਸਦੇ ਹਨ। ਇਹ ਸਥਾਨ ਲੋਟਾ ਪੀਰ ਦੇ ਨੇੜੇ ਹੀ ਹੈ ਅਤੇ ਸ੍ਰੀ ਗੁਰੂ ਰਵਿਦਾਸ ਮੰਦਿਰ ਅੱਗਿਉਂ ਜਿਹੜੀ ਸੜਕ ਗੰਗਾ ਜੀ ਵੱਲ ਜਾਂਦੀ ਹੈ, ਉੱਥੇ ਸਥਿਤ ਹੈ।

* * *

# ਵਿਸਾਖੀ ਦੇ ਇਤਿਹਾਸਕ ਪੁਰਬ ਤੇ ਠਾਕਰ ਤਾਰਨ ਦੀ ਕਥਾ

ਜਗਤਗੁਰੂ ਰਵਿਦਾਸ ਮਹਾਰਾਜ ਜੀ ਆਪਣੇ ਪਵਿੱਤਰ ਕਰਮਾਂ ਦੇ ਪ੍ਰਭਾਵ ਨਾਲ ਉਸ ਸਮੇਂ ਵਿਚ ਬਹੁਤ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਸਨ। ਇਕ ਛੋਟੀ ਸਮਝੀ ਜਾਂਦੀ ਜਾਤੀ ਦੇ ਮਹਾਂਪੁਰਸ਼ ਦਾ ਸਮਾਜ ਵਿਚ ਅਜਿਹਾ ਪ੍ਰਭਾਵ ਦੇਖ ਕੇ ਕੁਝ ਲੋਕ ਉਹਨਾਂ ਨਾਲ ਈਰਖਾ ਕਰਨ ਲੱਗੇ। ਇਹ ਗੱਲ ਉਸ ਸਮੇਂ ਅਨੁਸਾਰ ਬਿਲਕੁਲ ਅਸਹਿਣ ਯੋਗ ਸੀ।

ਗੁਰੂ ਜੀ ਨੂੰ ਬ੍ਰਹਮ ਗਿਆਨੀ ਅਤੇ ਸੱਚਾ ਉਪਦੇਸ਼ ਦੇਣ ਵਾਲੇ ਸੱਚੇ ਮਹਾਂਪੁਰਸ਼ ਦੇ ਰੂਪ ਵਿਚ ਉਹ ਲੋਕ ਕਿਵੇਂ ਸਹਿਣ ਕਰ ਸਕਦੇ ਸਨ।

ਇਹ ਸਭ ਕੁਝ ਦੇਖ ਕੇ ਕੁਝ ਲੋਕਾਂ ਨੇ ਗੁਰੂ ਜੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਇਸ ਵਿਰੋਧ ਬਾਰੇ ਕਈ ਕਥਾਵਾਂ ਪ੍ਰਚਲਿਤ ਹਨ, ਜਿਹਨਾਂ ਦਾ ਸੰਕੇਤ ਗੁਰੂ ਜੀ ਦੀ ਅੰਮ੍ਰਿਤਬਾਣੀ ਵਿਚ ਮਿਲਦਾ ਹੈ। ਜਦੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਹਰ ਰੋਜ਼ ਆਪਣੀ ਕੁਟੀਆ ਵਿਚ ਸਤਿਸੰਗ ਕਰਨ ਲੱਗੇ ਤਾਂ ਬਹੁਤ ਸਾਰੇ ਲੋਕ ਆਪ ਜੀ ਦੇ ਸਤਿਸੰਗ ਤੋਂ ਪ੍ਰਭਾਵਿਤ ਹੋ ਕੇ ਸਤਿਸੰਗ ਵਿਚ ਆਉਣ ਲੱਗੇ। ਆਪ ਜੀ ਦੀ ਅੰਮ੍ਰਿਤ ਬਾਣੀ ਸੁਣ ਕੇ ਉਹ ਆਪਣਾ ਜੀਵਨ ਸਫ਼ਲ ਬਣਾਉਣ ਲੱਗੇ। ਆਪ ਜੀ ਦੇ ਮੁਖ਼ਾਰਬਿੰਦ ਤੋਂ ਪਵਿੱਤਰ ਪ੍ਰਵਚਨਾਂ ਨੂੰ ਸੁਣ ਕੇ ਲੋਕਾਂ ਨੂੰ ਇਕ ਨਵਾਂ ਜੀਵਨ ਮਾਰਗ ਪ੍ਰਾਪਤ ਹੋਇਆ। ਗੁਰੂ ਜੀ ਨੇ ਕਿਹਾ—

**ਜਨਮੁ ਜਾਤਿ ਕੂੰ ਛਾਂਡਿ ਕਰ ਕਰਨੀ ਜਾਤ ਪ੍ਰਧਾਨ।**
**ਇਹਯੋਂ ਸਾਚਾ ਧਰਮ ਹੈ ਕਹੈ ਰਵਿਦਾਸ ਬਖਾਨ॥**
**ਬ੍ਰਹਮਨ ਖੱਤ੍ਰੀ ਸੂਦ ਬੈਸ ਰਵਿਦਾਸ ਜਨਮੁ ਤੇ ਨਾਂਹਿ।**
**ਜਉ ਚਾਹਇ ਸ਼ਬਰਨ ਕਉ ਪਾਵਈ ਕਰਮਨ ਮਾਹਿ॥**
**ਰਵਿਦਾਸ ਜਨਮੁ ਕੇ ਕਾਰਨੈ ਹੋਤ ਨ ਕੋਊ ਨੀਚੁ।**
**ਨਰ ਕਉ ਨੀਚੁ ਕਰਿ ਡਾਰਿ ਹੈ ਓਛੇ ਕਰਮ ਕੀ ਕੀਚੁ॥**

ਗੁਰੂ ਜੀ ਨੇ ਸਮਾਜ ਵਿਚ ਤਬਦੀਲੀ ਲਿਆਉਣ ਲਈ ਸੱਚ ਦਾ ਮਾਰਗ ਦਿਖਾਇਆ। ਆਪ ਜੀ ਨੇ ਕਿਹਾ ਕਿ ਕੋਈ ਵੀ ਪ੍ਰਾਣੀ ਜਨਮ ਤੋਂ ਸ਼ੂਦਰ ਜਾਂ ਛੋਟਾ ਨਹੀਂ ਹੁੰਦਾ। ਕਿਸੇ ਵੀ ਪ੍ਰਾਣੀ ਦੇ ਜੀਵਨ ਨੂੰ ਦੇਖਣ ਤੋਂ ਪਹਿਲਾਂ ਉਸਦੇ ਗੁਣਾਂ ਨੂੰ ਦੇਖਣਾ ਚਾਹੀਦਾ ਹੈ।

**ਰਵਿਦਾਸ ਬ੍ਰਾਹਮਣ ਮਤਿ ਪੂਜੀਯੇ, ਜੋ ਹੋਵੇ ਗੁਣਹੀਨ।**
**ਪੂਜਹਿੰ ਚਰਨ ਚੰਡਾਲ ਕੇ, ਜਉ ਹੋਵੇ ਗੁਣ ਪਰਬੀਨ।**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਤਰ੍ਹਾਂ ਹੋਰ ਸੰਤ ਮਹਾਂਪੁਰਸ਼ਾਂ ਨੇ ਵੀ

ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਜੋ ਬ੍ਰਹਮ ਨੂੰ ਜਾਨਣ ਵਾਲਾ ਹੈ ਉਹ ਹੀ ਬ੍ਰਾਹਮਣ ਕਹਾਉਣ ਦੇ ਯੋਗ ਹੈ।

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸੱਚੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਰਾਜੇ ਅਤੇ ਰਾਣੀਆਂ ਨੇ ਆਪ ਜੀ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਇਹੀ ਕਾਰਨ ਸੀ ਕਿ ਆਪ ਜੀ ਨੂੰ ਵਿਰੋਧੀਆਂ ਦੇ ਕਰੜੇ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਇਕ ਵਾਰ ਕਾਂਸ਼ੀ ਨਰੇਸ਼ ਵੀਰ ਬਘੇਲ ਸਿੰਘ ਨੂੰ ਕੁਝ ਲੋਕਾਂ ਨੇ ਸ਼ਿਕਾਇਤ ਕੀਤੀ ਕਿ ਉਹਨਾਂ ਦੇ ਰਾਜ ਵਿਚ **ਇਕ ਸ਼ੂਦਰ ਰਵਿਦਾਸ ਜੀ ਧਰਮ ਗੁਰੂ ਬਣ ਕੇ ਲੋਕਾਂ ਨੂੰ ਉਪਦੇਸ਼ ਦਿੰਦਾ ਹੈ, ਇਹ ਗੱਲ ਠੀਕ ਨਹੀਂ। ਇਹ ਕੰਮ ਤਾਂ ਬ੍ਰਾਹਮਣਾਂ ਦਾ ਹੈ।**

ਇਹ ਸ਼ਿਕਾਇਤ ਸੁਣ ਕੇ ਵੀਰ ਬਘੇਲ ਸਿੰਘ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਵਿਰੋਧੀ ਧਿਰ ਨੂੰ ਆਪਣੀ ਸਭਾ ਵਿਚ ਬੁਲਾਇਆ। ਦੋਹਾਂ ਪੱਖਾਂ ਵਿਚ ਸ਼ਾਤ੍ਰਾਰਥ ਕਰਵਾਇਆ ਗਿਆ। ਇਸ ਗੋਸ਼ਟੀ ਨੂੰ ਸੁਣਨ ਲਈ ਬਹੁਤ ਵੱਡੀ ਸੰਖਿਆ ਵਿਚ ਲੋਕ ਹਾਜ਼ਰ ਹੋਏ। ਕਾਫ਼ੀ ਲੰਬੇ ਸਮੇਂ ਤੱਕ ਇਹ ਚਰਚਾ ਚਲਦੀ ਰਹੀ। ਗੁਰੂ ਰਵਿਦਾਸ ਮਹਾਰਾਜ ਜੀ ਦੇ ਸਾਹਮਣੇ ਪੰਡਿਤਾਂ ਦਾ ਪੱਖ ਨਿਰਬਲ ਸਿੱਧ ਹੋਇਆ। ਵਿਰੋਧੀ ਧਿਰ ਨੇ ਜਦੋਂ ਦੇਖਿਆ ਕਿ ਉਹਨਾਂ ਦਾ ਪੱਖ ਨਿਰਬਲ ਹੋ ਰਿਹਾ ਹੈ ਤਾਂ ਉਹਨਾਂ ਨੇ ਯਤਨ ਕੀਤਾ ਕਿ ਕੋਈ ਵੀ ਫੈਸਲਾ ਨਾ ਹੋ ਸਕੇ। ਇਸ ਸਥਿਤੀ ਦੌਰਾਨ ਲੋਕਾਂ ਦੀ ਇੱਛਾ ਅਤੇ ਰਾਜੇ ਦੀ ਆਗਿਆ ਅਨੁਸਾਰ ਫੈਸਲਾ ਹੋਇਆ ਕਿ ਦੋਹਾਂ ਧਿਰਾਂ ਦੁਆਰਾ ਆਪਣੇ-ਆਪਣੇ ਠਾਕੁਰ ਸਭਾ ਵਿਚ ਲਿਆਂਦੇ ਜਾਣ। ਉਹਨਾਂ ਠਾਕੁਰਾਂ ਨੂੰ ਗੰਗਾ ਵਿਚ ਪਾ ਕੇ ਵਾਪਿਸ ਬੁਲਾਉਣ ਦਾ ਆਦੇਸ਼ ਦਿੱਤਾ ਅਤੇ ਸ਼ਰਤ ਇਹ ਰੱਖੀ ਗਈ ਕਿ ਜਿਸਦੇ ਠਾਕੁਰ ਬੁਲਾਉਣ 'ਤੇ ਗੰਗਾ ਜੀ ਉੱਪਰ ਆ ਜਾਣਗੇ ਉਸ ਨੂੰ ਪੂਜਾ ਕਰਨ ਤੇ ਉਪਦੇਸ਼ ਦੇਣ ਦਾ ਅਧਿਕਾਰ ਹੋਵੇਗਾ। ਜਿੱਤਣ ਵਾਲੇ ਨੂੰ ਸੋਨੇ ਦੀ ਪਾਲਕੀ ਵਿਚ ਬਿਠਾ ਕੇ ਨਗਰ ਵਿਚ ਘੁਮਾਇਆ ਜਾਵੇਗਾ।

ਮਿੱਥੇ ਸਮੇਂ ਵਿਸਾਖੀ ਦੇ ਇਤਿਹਾਸਕ ਪੁਰਬ ਤੇ ਬਹੁਤ ਸਾਰੇ ਲੋਕ ਰਾਜ ਘਾਟ ਦੇ ਸਥਾਨ ਤੇ ਗੰਗਾ ਜੀ ਦੇ ਕਿਨਾਰੇ ਵਿਚ ਲੀਲਾ ਦੇਖਣ ਪਹੁੰਚ ਗਏ। ਪੰਡਿਤ ਆਪਣੇ ਠਾਕੁਰ ਕਾਠ ਦੇ ਗੋੜੇ ਲੈ ਕੇ ਪਹੁੰਚ ਗਏ ਅਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਪੱਥਰ ਦੀ ਉਹ ਸਿਲਾ ਲੈ ਕੇ ਆਏ ਜਿਸ ਉੱਪਰ ਉਹ ਆਪਣਾ ਰੋਜ਼ਾਨਾ ਦਾ ਕੰਮ ਕਰਿਆ ਕਰਦੇ ਸਨ। ਬ੍ਰਾਹਮਣ ਇਹ ਦੇਖ ਕੇ ਮਨ ਵਿਚ ਖੁਸ਼ ਹੋ ਰਹੇ ਸਨ ਕਿ ਉਹ ਇਹ ਮੁਕਾਬਲਾ ਜਿੱਤ ਜਾਣਗੇ ਅਤੇ ਰਵਿਦਾਸ ਜੀ ਹਾਰ ਜਾਣਗੇ। ਕਿਉਂਕਿ ਪੱਥਰ ਪਾਣੀ ਵਿਚ ਡੁੱਬ ਜਾਣਗੇ।

ਬਹੁਤ ਭੀੜ ਇਕੱਠੀ ਹੋ ਚੁੱਕੀ ਸੀ। ਸਾਰੇ ਲੋਕ ਇਸ ਉਡੀਕ ਵਿਚ ਸਨ ਕਿ

ਕੌਣ ਮੁਕਾਬਲਾ ਜਿੱਤੇਗਾ? ਲੋਕਾਂ ਵਿਚ ਉਤਸੁਕਤਾ ਵੱਧ ਰਹੀ ਸੀ ਕਿ ਕਦੋਂ ਕਾਂਸ਼ੀ ਨਰੇਸ਼ ਵੀਰ ਬਘੇਲ ਸਿੰਘ ਦਾ ਹੁਕਮ ਹੋਵੇਗਾ ਤੇ ਇਹ ਮੁਕਾਬਲਾ ਸ਼ੁਰੂ ਹੋਵੇਗਾ। ਰਾਜੇ ਦਾ ਹੁਕਮ ਪਾ ਕੇ ਪੰਡਿਤਾਂ ਨੇ ਆਪਣੇ ਠਾਕੁਰਾਂ ਨੂੰ ਗੰਗਾ ਜੀ ਦੀ ਵਹਿ ਰਹੀ ਧਾਰਾ ਵਿਚ ਪਾ ਦਿੱਤਾ। ਇਸ ਉਪਰੰਤ ਮੰਤਰ ਉਚਾਰਨ ਕਰਕੇ ਪੰਡਿਤ ਆਪਣੇ ਠਾਕੁਰਾਂ ਨੂੰ ਵਾਪਿਸ ਬੁਲਾਉਣ ਲੱਗੇ। ਦੂਰ-ਦੂਰ ਤੋਂ ਆਏ ਲੋਕ ਇਹ ਸਭ ਕੁਝ ਦੇਖ ਰਹੇ ਸਨ। ਬਹੁਤ ਦੇਰ ਤੱਕ ਬੁਲਾਉਣ ਤੇ ਵੀ ਜਦੋਂ ਪੰਡਿਤਾਂ ਦੇ ਠਾਕੁਰ ਪਾਣੀ ਉੱਪਰ ਨਹੀਂ ਆਏ ਤਾਂ ਕਾਂਸ਼ੀ ਨਰੇਸ਼ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਹੁਕਮ ਦਿੱਤਾ ਕਿ ਹੇ ਰਵਿਦਾਸ ਜੀ ! ਤੁਸੀਂ ਵੀ ਆਪਣੇ ਠਾਕੁਰ ਜੀ ਨੂੰ ਗੰਗਾ ਵਿਚ ਪਾ ਦਿਉ ਅਤੇ ਉਹਨਾਂ ਨੂੰ ਵਾਪਿਸ ਬੁਲਾਉ।

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਰਾਜੇ ਦਾ ਹੁਕਮ ਸੁਣ ਕੇ ਪਰਮਾਤਮਾ ਨੂੰ ਯਾਦ ਕੀਤਾ ਅਤੇ ਆਪਣੇ ਠਾਕੁਰ ਨੂੰ ਪਾਣੀ ਵਿਚ ਪਾ ਦਿੱਤਾ। ਉਹ ਪਰਮਾਤਮਾ ਨੂੰ ਯਾਦ ਕਰਦੇ ਹੋਏ ਕਹਿਣ ਲੱਗੇ ਕਿ ਹੇ ਪ੍ਰਭੂ ਜੀ ! ਮੈਨੂੰ ਸਿਰਫ਼ ਤੁਹਾਡਾ ਹੀ ਆਸਰਾ ਹੈ। ਮੈਂ ਇਸ ਮੁਸ਼ਕਿਲ ਦੀ ਘੜੀ ਵਿਚ ਤੁਹਾਨੂੰ ਯਾਦ ਕੀਤਾ ਹੈ। ਤੁਸੀਂ ਆ ਕੇ ਦਰਸ਼ਨ ਦਿਉ ਤੇ ਮੇਰੀ ਲਾਜ ਰੱਖੋ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਗੰਗਾ ਦੇ ਕਿਨਾਰੇ ਉੱਤੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ। ਗੁਰੂ ਰਵਿਦਾਸ ਮਹਾਰਾਜ ਜੀ ਪਰਮਾਤਮਾ ਨੂੰ ਕਹਿਣ ਲੱਗੇ ਕਿ ਮੈਂ ਤੁਹਾਡੇ ਨਾਲ ਸੱਚੀ ਪ੍ਰੀਤ ਲਗਾਈ ਹੈ।

**ਜਉ ਤੁਮ ਗਿਰਿਵਰ ਤਉ ਹਮ ਮੋਰਾ ॥**
**ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧ ॥**
**ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥**
**ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧ ॥ ਰਹਾਉ ॥**
**ਜਉ ਤੁਮ ਦੀਵਰਾ ਤਉ ਹਮ ਬਾਤੀ ॥**
**ਜਉ ਤੁਮ ਤੀਰਥ ਤਉ ਹਮ ਜਾਤੀ ॥੨ ॥**
**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩ ॥**
**ਜਹ ਜਹ ਜਾਉ ਤਹਾ ਤੇਰੀ ਸੇਵਾ ॥**
**ਤੁਮ ਸੋ ਠਾਕੁਰ ਅਉਰੁ ਨ ਦੇਵਾ ॥੪ ॥**
**ਤੁਮਰੇ ਭਜਨ ਕਟਹਿ ਜਮ ਫਾਂਸਾ ॥**
**ਭਗਤਿ ਹੇਤ ਗਾਵੈ ਰਵਿਦਾਸਾ ॥੫ ॥**

ਜਿਸ ਤਰ੍ਹਾਂ ਪਰਬਤ ਅਤੇ ਮੋਰ, ਚੰਦਰਮਾ ਅਤੇ ਚਕੋਰ, ਤੀਰਥ ਅਤੇ ਯਾਤਰੀ ਦੀ ਪ੍ਰੀਤ ਹੈ ਅਜਿਹੀ ਪ੍ਰੀਤ ਮੇਰੀ ਤੁਹਾਡੇ ਨਾਲ ਹੈ। ਇਸਦੇ ਨਾਲ ਹੀ ਗੁਰੂ

ਜੀ ਫਿਰ ਪ੍ਰੇਮ ਭਾਵ ਨਾਲ ਪਰਮਾਤਮਾ ਅੱਗੇ ਦਰਸ਼ਨ ਦੇਣ ਲਈ ਬੇਨਤੀ ਕਰਨ ਲੱਗੇ ਅਤੇ ਹੇਠ ਲਿਖਿਆ ਸ਼ਬਦ ਉਚਾਰਨ ਲੱਗੇ—

**ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥**
**ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾਪਾਰੁ ਨ ਸੂਝ ॥੧॥**
**ਸਗਲ ਭਵਨ ਕੇ ਨਾਇਕਾ**
**ਇਕੁ ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥**
**ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥**
**ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥੨॥**
**ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥**
**ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩॥੧॥**

ਗੁਰੂ ਜੀ ਨੇ ਵਿਆਕੁਲ ਹੋ ਕੇ ਇਹ ਸ਼ਬਦ ਵੀ ਉਚਾਰਿਆ—

**ਆਯੌ ਹੋ ਆਯੌ ਦੇਵ ਤੁਮ ਸਰਨਾ।**
**ਜਾਨਿ ਕ੍ਰਿਪਾ ਕੀਜੈ ਆਪਨੋ ਜਨਾ ॥ ਟੇਕ ॥**
**ਤ੍ਰਿਬਿਧਿ ਜੋਨਿ ਬਾਸ, ਜਮ ਦੀ ਅਗਮ ਤ੍ਰਾਸ**
**ਤੁਮਹਰੇ ਭਜਨ ਬਿਨ ਭ੍ਰਮਤ ਫਿਰਯੋ ॥**
**ਮਮਿਤਾ ਅਹੰ ਬਿਖੈ ਮਦਿ ਮਾਤੌਂ**
**ਇਹ ਸੁਖ ਕਬਹੂੰ ਨ ਦੂਤੁਰ ਤਿਰੌਂ ॥੧॥**
**ਤੁਮਹਰੇ ਨਾਂਵ ਬਿਸਾਸ ਛਾਡੀ ਹੈ ਆਨ ਕੀ ਆਸ**
**ਸੰਸਾਰ ਧਰਮ ਮੇਰੇ ਮਨ ਨ ਧੀਜੈ ॥**
**ਰਵਿਦਾਸ ਦਾਸ ਕੀ ਸੇਵਾ ਮਾਨਿ ਹੋ ਦੇਵਾਧਿਦੇਵ**
**ਪਤਿਤ ਪਾਵਨ ਨਾਮ ਪ੍ਰਗਟ ਕੀਜੈ ॥੨॥**

ਇਹ ਸ਼ਬਦ ਪੂਰਾ ਕਹਿਣ ਤੋਂ ਬਾਅਦ ਜਦੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੀਆਂ ਅੱਖਾਂ ਖੋਲ੍ਹੀਆਂ ਤਾਂ ਕੀ ਦੇਖਦੇ ਹਨ ਕਿ ਗੰਗਾ ਜੀ ਦੇ ਪਵਿੱਤਰ ਜਲ ਉੱਪਰ ਸਿਲਾ ਰੂਪ ਠਾਕੁਰ ਜੀ ਤੈਰ ਰਹੇ ਹਨ। ਸਤਿਗੁਰੂ ਰਵਿਦਾਸ ਮਹਾਰਾਜ ਜੀ ਪਿਆਰ ਭਾਵ ਨਾਲ ਠਾਕੁਰ ਜੀ ਨੂੰ ਜਿਸ ਪਾਸੇ ਬੁਲਾਉਂਦੇ ਉਸ ਪਾਸੇ ਹੀ ਠਾਕੁਰ ਜੀ ਦਰਸ਼ਨ ਦਿੰਦੇ ਸਨ। ਸਾਰੀ ਦੁਨੀਆਂ ਇਹ ਅਦਭੁੱਤ ਕੌਤਕ ਦੇਖ ਕੇ ਜੈ-ਜੈ ਕਾਰ ਕਰਨ ਲੱਗੀ। ਸਾਰੇ ਲੋਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਪਰਮਾਤਮਾ ਦੇ ਰੂਪ ਵਿਚ ਦੇਖਣ ਲੱਗੇ। ਸਾਰਿਆਂ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨ ਕੰਵਲਾਂ ਵਿਚ ਝੁੱਕ ਕੇ ਪ੍ਰਣਾਮ ਕੀਤਾ। ਰਾਜਾ ਵੀਰ ਸਿੰਘ ਬਘੇਲ ਨੇ ਵੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਪ੍ਰਣਾਮ ਕੀਤਾ ਅਤੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ

ਉਹ ਉਸਨੂੰ ਆਪਣਾ ਸ਼ਰਧਾਲੂ ਬਣਾ ਲੈਣ। ਰਾਜੇ ਨੇ ਸਾਰੇ ਲੋਕਾਂ ਨੂੰ ਕਿਹਾ ਕਿ ਮੇਰੇ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪਰਮਾਤਮਾ ਦੇ ਸੱਚੇ ਰੂਪ ਹਨ। ਉਹਨਾਂ ਨੇ ਪੰਡਿਤਾਂ ਨੂੰ ਕਿਹਾ ਕਿ ਤੁਹਾਨੂੰ ਗੁਰੂ ਜੀ ਨਾਲ ਈਰਖਾ ਨਹੀਂ ਕਰਨੀ ਚਾਹੀਦੀ। ਅੱਜ ਸਾਨੂੰ ਠਾਕੁਰ ਜੀ ਦੇ ਪ੍ਰਤੱਖ ਦਰਸ਼ਨ ਹੋਏ ਹਨ। ਸਾਡੇ ਸਾਰਿਆਂ ਦੇ ਬਹੁਤ ਚੰਗੇ ਭਾਗ ਹਨ। ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਫਰਮਾਇਆ ਕਿ ਮੈਂ ਬਾਹਰੀ ਆਡੰਬਰਾਂ ਤੇ ਕਰਮ-ਕਾਂਡਾਂ ਦੇ ਵਿਰੁੱਧ ਹਾਂ। ਮੇਰਾ ਇਹ ਸਭ ਕੁਝ ਕਰਨ ਦਾ ਇਹੀ ਉਦੇਸ਼ ਹੈ ਕਿ ਮਾਨਵੀ ਤੌਰ ਤੇ ਸਭ ਜੀਵ ਸਮਾਨ ਹਨ ਤੇ ਸਭਨਾਂ ਨੂੰ ਪ੍ਰਭੂ ਦੀ ਪੂਜਾ ਕਰਨ ਦਾ ਬਰਾਬਰ ਅਧਿਕਾਰ ਹੈ।

ਜਦੋਂ ਸਾਰੇ ਲੋਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਨਮਸਕਾਰ ਕਰ ਚੁੱਕੇ ਸਨ ਤਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਸੋਨੇ ਦੀ ਪਾਲਕੀ ਵਿਚ ਬਿਠਾਇਆ ਗਿਆ। ਸ਼ਾਹੀ ਛੱਤਰ ਸਜਾ ਕੇ ਉਹਨਾਂ ਨੂੰ ਸਾਰੇ ਸ਼ਹਿਰ ਦੀ ਪਰਿਕਰਮਾ ਕਰਵਾਈ ਗਈ। ਸਾਰੇ ਲੋਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਰਹੇ ਸਨ। ਪਾਲਕੀ ਜਿੱਥੋਂ-ਜਿੱਥੋਂ ਲੰਘ ਰਹੀ ਸੀ ਉਸੇ ਰਾਹੇ ਨਗਰ ਨਿਵਾਸੀ ਪ੍ਰੇਮ ਭਾਵ ਨਾਲ ਗੁਰੂ ਜੀ ਦੀ ਪਾਲਕੀ ਉੱਪਰ ਫੁੱਲਾਂ ਦੀ ਵਰਖਾ ਕਰ ਰਹੇ ਸਨ। ਉਸ ਸਮੇਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਅੰਮ੍ਰਿਤਬਾਣੀ ਦਾ ਪਾਵਨ ਸ਼ਬਦ ਉੱਚਾਰਨ ਕੀਤਾ -

**ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥**
**ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ ॥੧॥ ਰਹਾਉ ॥**
**ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ ॥**
**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥**
**ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥**
**ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥੨॥੧॥**

ਸ਼ਾਮ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਉਹਨਾਂ ਦੇ ਗ੍ਰਹਿ ਵਿਖੇ ਠਾਕੁਰ ਜੀ ਸਮੇਤ ਪਹੁੰਚਾਇਆ ਗਿਆ। ਸਾਰੇ ਗਰੀਬ ਲੋਕਾਂ ਨੂੰ ਅੱਜ ਬਹੁਤ ਖੁਸ਼ੀ ਹੋ ਰਹੀ ਸੀ। ਸਾਰੇ ਲੋਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਦੇਸ਼ ਅਨੁਸਾਰ ਕਰਮ ਕਰਨ ਵਿਚ ਲੱਗ ਗਏ। ਸਾਰੇ ਲੋਕ ਹਰ ਰੋਜ਼ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਉਪਦੇਸ਼ ਸੁਣ ਕੇ ਅਤੇ ਆਪਣੇ ਜੀਵਨ ਵਿਚ ਗ੍ਰਹਿਣ ਕਰਕੇ ਮਨੁੱਖੀ ਜਨਮ ਨੂੰ ਸਫ਼ਲ ਬਣਾਉਣ ਲੱਗੇ। ਆਉ ਅੱਜ ਅਸੀਂ ਸਾਰੇ ਮਿਲਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿਚ ਗ੍ਰਹਿਣ ਕਰਕੇ ਆਪਣੇ ਜੀਵਨ ਨੂੰ ਸਜਾ ਲਈਏ ਅਤੇ ਗੁਰੂ ਜੀ ਦੇ ਪਵਿੱਤਰ ਤੇ ਕਲਿਆਣਕਾਰੀ ਉਪਦੇਸ਼ਾਂ ਨੂੰ ਪੜ੍ਹ ਕੇ, ਸੁਣ ਕੇ ਤੇ ਉਹਨਾਂ ਉੱਤੇ ਵਿਚਾਰ ਕਰਕੇ ਆਪਣਾ ਵਡਮੁੱਲਾ ਜੀਵਨ ਸਫ਼ਲ ਕਰੀਏ।

* * *

## ਪਰਮਾਤਮਾ ਦਾ ਸਾਧੂ ਦੇ ਰੂਪ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਪਾਰਸ ਭੇਂਟ ਕਰਨਾ

**ਵਰਸ ਸਾਤ ਕੀ ਮਯੌ ਜਬਹੀ, ਨੌਧਾ ਭਗਤਿ ਚਲਾਈ ਤਬ ਹੀ।**
**ਅਰੁ ਭਗਤਨ ਕੀ ਸੇਵਾ ਕਰਈ, ਸਤਿਗੁਰ ਕਹੋ ਸੋ ਸੀਖ ਨ ਤਰਈ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਜਦੋਂ ਸੱਤ ਸਾਲ ਦੇ ਹੋਏ ਤਾਂ ਪ੍ਰੇਮੀ ਜਨ ਗੁਰੂ ਜੀ ਪਾਸ ਆ ਕੇ ਭਗਤੀ ਦਾ ਆਨੰਦ ਮਾਨਣ ਲੱਗੇ। ਜਿਹੜੀ ਜਨ ਕਲਿਆਣ ਦੀ ਸੇਵਾ ਅਕਾਲ ਪੁਰਖ ਜੀ ਵਲੋਂ ਲਗਾਈ ਗਈ ਸੀ¢। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਉਸ ਸੇਵਾ ਨੂੰ ਨਿਭਾਉਣ ਲੱਗੇ। ਪ੍ਰਤੀ ਦਿਨ ਵੱਡੀ ਤੋਂ ਵੱਡੀ ਸੰਖਿਆ ਵਿਚ ਸੰਗਤ ਦਰਬਾਰ ਵਿਚ ਆਉਣ ਲੱਗੀ।

**ਬਰਸ ਸਾਤ ਅਉਰੇ ਚਲਿ ਗਇਆ,**
**ਬਹੁਤ ਪ੍ਰੀਤਿ ਕੇਸੋ ਸੂ ਭਇਆ।**

ਇਸ ਤਰ੍ਹਾਂ ਹੀ ਪ੍ਰਭੂ ਭਗਤੀ ਵਿਚ ਸੱਤ ਸਾਲ ਹੋਰ ਬਤੀਤ ਹੋ ਗਏ। ਪਰਮਾਤਮਾ ਨਾਲ ਗੁਰੂ ਜੀ ਦਾ ਬਹੁਤ ਡੂੰਘਾ ਪਿਆਰ ਪੈ ਗਿਆ। ਗੁਰੂ ਜੀ ਹਰ ਰੋਜ਼ ਆਪਣੇ ਸੱਚੇ ਕਰਮ ਪ੍ਰਤੀ ਤਿਆਰ ਰਹਿੰਦੇ। ਆਪਣੇ ਹੱਥਾਂ ਨਾਲ ਮਿਹਨਤ ਕਰਕੇ ਸੰਗਤ ਅਤੇ ਆਏ ਹੋਏ ਸੰਤਾਂ ਦੀ ਸੇਵਾ ਕਰਦੇ ਸਨ।

**ਸੀਧੋ ਚਾਮ ਮੋਲਿ ਲੇ ਆਵੇ।**
**ਤਾਕੀ ਪਨਹੀ ਅਧਿਕ ਬਨਾਵੇ।**
**ਟੂਟੇ ਫਾਟੇ ਜਹਵਾ ਜੇਰੇ।**
**ਸਮਕਤਿ ਕਰਿ ਕਾਹੂ ਨ ਨਿਹੌਰੇ।**

ਗੁਰੂ ਜੀ ਆਪ ਚਮੜੇ ਦੇ ਸੋਹਣੇ-ਸੋਹਣੇ ਜੋੜੇ ਤਿਆਰ ਕਰਦੇ ਸਨ। ਕਈ ਵਾਰ ਸੰਤਾਂ ਨੂੰ ਗੁਰੂ ਜੀ ਬਿਨਾਂ ਪੈਸੇ ਦੇ ਹੀ ਇਹ ਜੋੜੇ ਭੇਂਟ ਕਰ ਦਿੰਦੇ ਸਨ। ਇਸ ਢੰਗ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਾਰਿਆਂ ਨੂੰ ਸਮਝਾਇਆ ਕਿ ਆਪਣੀ ਰੋਜ਼ੀ-ਰੋਟੀ ਲਈ ਸਾਨੂੰ ਪੂਰੀ ਮਿਹਨਤ ਕਰਨੀ ਚਾਹੀਦੀ ਹੈ। ਸੰਤਾਂ ਦੀ ਸੰਗਤ ਤੇ ਸੇਵਾ ਕਰਕੇ ਪਰਮਾਤਮਾ ਦੇ ਨਾਮ ਭਜਨ ਦਾ ਲਾਭ ਲੈਣਾ ਚਾਹੀਦਾ ਹੈ।

**ਬਰਸ ਸਾਤ ਐਸੀ ਵਿਧਿ ਗਈਆ,**
**ਕੇਸੋ ਕੇ ਮਨ ਉਪਜੀ ਦਈਆ॥**
**ਤਬ ਹਰਿ ਭਗਤ ਰੂਪ ਧਾਰ ਆਯੌ।**
**ਜਨ ਰਵਿਦਾਸ ਬਹੁਤ ਮਨ ਭਾਇਯੋਂ॥**

ਜਦੋਂ ਆਪ ਇੱਕੀ ਸਾਲਾਂ ਦੇ ਹੋਏ ਤਾਂ ਇਕ ਦਿਨ ਪਰਮਾਤਮਾ ਸਾਧੂ ਦਾ ਰੂਪ

ਧਾਰਨ ਕਰਕੇ ਗੁਰੂ ਜੀ ਕੋਲ ਆਏ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਉਹਨਾਂ ਦੇ ਦਰਸ਼ਨ ਕਰਕੇ ਬਹੁਤ ਖੁਸ਼ ਹੋਏ। ਗੁਰੂ ਜੀ ਨੇ ਭਗਵਾਨ ਦਾ ਬਹੁਤ ਪ੍ਰੇਮ ਨਾਲ ਆਦਰ ਕੀਤਾ ਅਤੇ ਚੰਗੇ ਸਥਾਨ ਤੇ ਬਿਠਾਇਆ। ਪਰਮਾਤਮਾ ਦਾ ਮਿੱਠੇ ਸ਼ਬਦਾਂ ਨਾਲ ਸਵਾਗਤ ਕੀਤਾ ਅਤੇ ਕਿਹਾ ਤੁਸੀਂ ਮੈਨੂੰ ਦਰਸ਼ਨ ਦੇ ਕੇ ਮੇਰੇ ਉੱਤੇ ਬਹੁਤ ਕਿਰਪਾ ਕੀਤੀ ਹੈ। ਅੱਜ ਮੈਂ ਧੰਨ ਹੋ ਗਿਆ ਹਾਂ। ਇਸ ਤਰ੍ਹਾਂ ਪਿਆਰ ਭਰਪੂਰ ਬਾਣੀ ਦਾ ਉਚਾਰਨ ਕਰਕੇ ਭਗਵਾਨ ਦੇ ਚਰਨਾਂ ਨੂੰ ਜਲ ਨਾਲ ਧੋਤਾ। ਇਸ ਨਾਲ ਹੀ ਇਕ ਘੜੀ ਲਈ ਸਤਿਸੰਗ ਹੋਇਆ। ਫਿਰ ਭਗਵਾਨ ਨੂੰ ਭੋਜਨ ਛਕਾਇਆ ਗਿਆ। ਜਦੋਂ ਭਗਵਾਨ ਭੋਜਨ ਕਰ ਚੁੱਕੇ ਤਾਂ ਆਪਸੀ ਚਰਚਾ ਸ਼ੁਰੂ ਹੋਈ। ਹਰਿ ਜੀ ਕਹਿਣ ਲੱਗੇ ਕਿ ਤੁਹਾਡੇ ਕੋਲ ਕੋਈ ਆਪਣੀ ਸੰਪੱਤੀ ਤਾਂ ਦਿਖਾਈ ਨਹੀਂ ਦਿੰਦੀ, ਤੁਸੀਂ ਆਪਣਾ ਗੁਜ਼ਾਰਾ ਕਿਸ ਤਰ੍ਹਾਂ ਕਰਦੇ ਹੋ? ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਉੱਤਰ ਦਿੱਤਾ ਕਿ ਮੇਰੀ ਸੰਪੱਤੀ ਤਾਂ ਪਰਮਾਤਮਾ ਦਾ ਨਾਮ ਹੈ। ਇਸ ਤੋਂ ਵੱਡੀ ਸੰਪੱਤੀ ਮੇਰੇ ਅਨੁਸਾਰ ਕੋਈ ਨਹੀਂ ਹੈ।

**ਕੋਟਿ ਲਛਮੀ ਜਾਕੈ ਚਰਨਾ।**

**ਦੁਖ ਦਾਰਿਦਰ ਨਾਹੀ ਤਿਹਿ ਸਰਨਾ॥**

ਕਰੋੜਾਂ ਦੀ ਗਿਣਤੀ ਵਿਚ ਲੱਛਮੀ ਜੀ ਉਸ ਪਰਮਾਤਮਾ ਦੇ ਚਰਨਾਂ ਵਿਚ ਨਿਵਾਸ ਕਰਦੀ ਹੈ, ਉਸਦੀ ਸ਼ਰਨ ਵਿਚ ਦੁੱਖ ਅਤੇ ਗਰੀਬੀ ਕਿਵੇਂ ਹੋ ਸਕਦੀ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੁਆਰਾ ਅਜਿਹਾ ਉੱਤਰ ਪਾ ਕੇ ਹਰਿ ਜੀ ਬਹੁਤ ਪ੍ਰਸੰਨ ਹੋਏ। ਭਗਵਾਨ ਜੀ ਕਹਿਣ ਲੱਗੇ ਕਿ ਹੇ ਰਵਿਦਾਸ ਜੀ, ਜੇਕਰ ਤੁਸੀਂ ਮੇਰਾ ਇਕ ਬਚਨ ਮੰਨੋ ਤਾਂ ਸਾਰੀ ਗਰੀਬੀ ਅੱਜ ਹੀ ਦੂਰ ਹੋ ਜਾਵੇਗੀ। ਮੈਂ ਬਚਪਨ ਤੋਂ ਹੀ ਵੈਰਾਗੀ ਹਾਂ। ਜਦੋਂ ਮੈਂ ਆਪ ਦੇ ਘਰ ਆ ਰਿਹਾ ਸੀ ਤਾਂ ਰਸਤੇ ਵਿਚੋਂ ਮੈਨੂੰ ਇਕ ਪਾਰਸ ਪੱਥਰ ਲੱਭਿਆ। ਇਹ ਮੇਰੇ ਕਿਸੇ ਕੰਮ ਦਾ ਨਹੀਂ ਹੈ। ਯੋਗ ਅਧਿਕਾਰੀ ਸਮਝਦੇ ਹੋਏ ਮੈਂ ਤੁਹਾਨੂੰ ਇਹ ਪੱਥਰ ਦੇਣਾ ਚਾਹੁੰਦਾ ਹਾਂ। ਇਸ ਪਾਰਸ ਪੱਥਰ ਨਾਲ ਜਦੋਂ ਲੋਹੇ ਦਾ ਸਪਰਸ਼ ਹੁੰਦਾ ਹੈ ਤਾਂ ਉਹ ਸੋਨਾ ਬਣ ਜਾਂਦਾ ਹੈ। ਇਸ ਪਾਰਸ ਨਾਲ ਸੋਨਾ ਬਣਾ ਕੇ ਤੁਸੀਂ ਸੰਗਤ ਦੀ ਖ਼ੂਬ ਸੇਵਾ ਕਰੋ ਅਤੇ ਸੰਗਤ ਲਈ ਵਧੀਆ ਵਿਵਸਥਾ ਦਾ ਪ੍ਰਬੰਧ ਕਰੋ।

ਜਗਤਗੁਰੂ ਰਵਿਦਾਸ ਮਹਾਰਾਜ ਜੀ ਭਗਵਾਨ ਦੇ ਅਜਿਹੇ ਵਚਨ ਸੁਣ ਕੇ ਚੁੱਪ ਹੋ ਗਏ ਅਤੇ ਸੋਚਣ ਲੱਗੇ ਕਿ ਇਹ ਮੇਰੀ ਬੁੱਧੀ ਨੂੰ ਵਿਗਾੜਨ ਜਾਂ ਭਗਤੀ ਨੂੰ ਖਤਮ ਕਰਨ ਆਏ ਹਨ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਇਕ ਘੜੀ ਲਈ ਚੁੱਪ ਹੋ ਗਏ।

**ਘਰੀ ਏਕ ਰਵਿਦਾਸ ਨ ਬੋਲਿਆ,**

**ਹਰਿ ਕੀ ਗਾਂਠਿ ਤੇ ਪਾਰਸ ਖੋਲਿਆ।**

**ਤੂ ਜਿਨਿ ਮੈਨੈ ਡਹਕੈ ਹਮਕੋ, ਨਿਹਚੈ ਕੀਆ ਦੇਤ ਹੋਂ ਤੁਮਕੋ ॥**

ਤਦ ਭਗਵਾਨ ਨੇ ਪਾਰਸ ਆਪਣੀ ਗਠੜੀ ਵਿਚੋਂ ਕੱਢਿਆ ਅਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਕਿਹਾ ਕਿ ਤੁਸੀਂ ਜੋ ਮਰਜ਼ੀ ਸਮਝੋ ਪਰ ਇਹ ਜ਼ਰੂਰੀ ਹੈ ਕਿ ਪਾਰਸ ਮੈਂ ਤੁਹਾਨੂੰ ਹੀ ਦੇਵਾਂਗਾ। ਫਿਰ ਭਗਵਾਨ ਨੇ ਪਾਰਸ ਨੂੰ ਸੂਈ ਨਾਲ ਲਗਾਇਆ ਤਾਂ ਉਹ ਸੋਨੇ ਦੀ ਬਣ ਗਈ। ਇਹ ਦੇਖ ਕੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਭਗਵਾਨ ਨੂੰ ਕਿਹਾ ਕਿ ਇਸ ਪਾਰਸ ਨੂੰ ਲੈਣਾ ਤਾਂ ਇਕ ਪਾਸੇ ਰਿਹਾ, ਮੈਂ ਇਸ ਵੱਲ ਦੇਖਾਂਗਾ ਵੀ ਨਹੀਂ। ਗੁਰੂ ਰਵਿਦਾਸ ਮਹਾਰਾਜ ਜੀ ਨੇ ਕਿਹਾ ਕਿ ਜੇਕਰ ਸੋਨੇ ਨਾਲ ਹੀ ਸਾਰੇ ਕਾਰਜ ਸਿੱਧ ਹੋ ਜਾਣ ਤਾਂ ਰਾਜਿਆਂ ਨੇ ਰਾਜ ਕਿਉਂ ਛੱਡ ਦਿੱਤੇ। ਉਹਨਾਂ ਨੇ ਭਿੱਖਿਆ ਮੰਗ ਕੇ ਆਪਣਾ ਜੀਵਨ ਗੁਜ਼ਾਰਿਆ ਅਤੇ ਕਾਮਨੀ ਨੂੰ ਦੋਸ਼ੀ ਕਿਹਾ ਹੈ। ਤਦ ਭਗਵਾਨ ਨੇ ਕਿਹਾ ਕਿ ਸੋਨੇ ਨੂੰ ਦੋਸ਼ ਨਾ ਦਿਉ। ਸੋਨੇ ਨਾਲ ਸੁੰਦਰ-ਸੁੰਦਰ ਮੰਦਿਰ ਬਣਾਏ ਜਾਂਦੇ ਹਨ। ਸੋਨੇ ਨਾਲ ਭਗਵਾਨ ਦੀ ਸੇਵਾ ਕੀਤੀ ਜਾਂਦੀ ਹੈ। ਸੋਨੇ ਨਾਲ ਬੈਕੁੰਠ ਪੁਰੀ ਬਣਾਈ ਜਾ ਸਕਦੀ ਹੈ। ਸੋਨੇ ਨਾਲ ਭੰਡਾਰਾ ਕੀਤਾ ਜਾਂਦਾ ਹੈ। ਤਦ ਗੁਰੂ ਜੀ ਨੇ ਕਿਹਾ ਕਿ ਸੋਨੇ ਨਾਲ ਬਹੁਤ ਪਾਪ ਹੁੰਦੇ ਹਨ ਅਤੇ ਜੀਵ ਨਰਕ ਵਿਚ ਜਾਂਦਾ ਹੈ। ਸੋਨੇ ਨਾਲ ਮਨੁੱਖ ਜੂਆ ਖੇਡਣ ਵਾਲਾ, ਸ਼ਰਾਬ ਪੀਣ ਵਾਲਾ, ਕਾਮੀ ਅਤੇ ਮਾਸ ਖਾਣ ਵਾਲਾ ਬਣ ਜਾਂਦਾ ਹੈ। ਤਾਂ ਤੁਸੀਂ ਹੀ ਦੱਸੋ ਸੋਨਾ ਕਿਸ ਤਰ੍ਹਾਂ ਭਲਾ ਕਰ ਸਕਦਾ ਹੈ। ਜੇਕਰ ਭੰਡਾਰੇ ਦੀ ਗੱਲ ਹੈ ਤਾਂ ਤੁਸੀਂ ਆਪ ਭੰਡਾਰਾ ਕਿਉਂ ਨਹੀਂ ਕਰਦੇ? ਮੈਨੂੰ ਕਿਉਂ ਇਹ ਪੱਥਰ ਦੇ ਰਹੇ ਹੋ? ਭਗਵਾਨ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਕਿਹਾ ਕਿ ਮੈਨੂੰ ਤੁਹਾਡੇ ਉੱਪਰ ਪੂਰਾ ਭਰੋਸਾ ਹੈ, ਪਰ ਗੁਰੂ ਜੀ ਨੇ ਇਸ ਗੱਲ ਨੂੰ ਬਿਲਕੁਲ ਨਹੀਂ ਮੰਨਿਆ। ਇਹ ਦੇਖ ਕੇ ਭਗਵਾਨ ਨੇ ਪਾਰਸ ਆਪਣੀ ਗਠੜੀ ਵਿਚੋਂ ਕੱਢ ਕੇ ਉੱਥੇ ਰੱਖ ਦਿੱਤਾ। ਜਗਤਗੁਰੂ ਰਵਿਦਾਸ ਮਹਾਰਾਜ ਜੀ ਪਿੱਛੇ ਹਟ ਗਏ। ਭਗਵਾਨ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਕਿਹਾ ਕਿ ਇਹ ਮੇਰੀ ਅਮਾਨਤ ਤੁਸੀਂ ਆਪਣੇ ਕੋਲ ਰੱਖ ਲਉ। ਮੈਂ ਕੁਝ ਦਿਨਾਂ ਲਈ ਅੱਗੇ ਜਾ ਰਿਹਾ ਹਾਂ ਅਤੇ ਵਾਪਿਸ ਆਉਂਦੇ ਹੋਏ ਮੈਂ ਇਹ ਲੈ ਜਾਵਾਂਗਾ। ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਭਗਵਾਨ ਨੂੰ ਕਿਹਾ ਕਿ ਇਸ ਕੁਟੀਆ ਵਿਚ ਜਿੱਥੇ ਤੁਸੀਂ ਚਾਹੁੰਦੇ ਹੋ ਇਹ ਪਾਰਸ ਰੱਖ ਦਿਉ ਅਤੇ ਵਾਪਿਸ ਆ ਕੇ ਉਥੋਂ ਹੀ ਲੈ ਲੈਣਾ। ਭਗਵਾਨ ਸੋਚ ਰਹੇ ਸਨ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਮੇਰੇ ਜਾਣ ਤੋਂ ਬਾਅਦ ਇਸ ਪਾਰਸ ਨੂੰ ਕੱਢ ਕੇ ਇਸ ਦੀ ਵਰਤੋਂ ਕਰ ਲੈਣਗੇ। ਤੇਰਾਂ ਮਹੀਨੇ ਬੀਤ ਗਏ ਅਤੇ ਗੁਰੂ ਜੀ ਨੇ ਉਸ ਪੱਥਰ ਵੱਲ ਅੱਖ ਚੁੱਕ ਕੇ ਵੀ ਨਹੀਂ ਦੇਖਿਆ।

**ਜਨ ਰਵਿਦਾਸ ਨ ਦੇਖੈ ਕਾਈ।**

**ਮਾਸ ਤੇਰੁਵੇਂ ਬਹੁਟਯੋ ਆਈ।**

ਜਦੋਂ ਭਗਵਾਨ ਜੀ ਵਾਪਿਸ ਆਏ ਤਾਂ ਉਹਨਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਪਾਰਸ ਕਿੱਥੇ ਹੈ? ਤਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਉੱਤਰ ਦਿੱਤਾ ਕਿ ਜਿੱਥੇ ਤੁਸੀਂ ਰੱਖ ਗਏ ਸੀ ਉੱਥੇ ਹੀ ਹੋਵੇਗਾ। ਤਦ ਭਗਵਾਨ ਨੇ ਕਿਹਾ ਕਿ ਤੁਸੀਂ ਇਸ ਪਾਰਸ ਨੂੰ ਕਿਉਂ ਨਹੀਂ ਕੱਢਿਆ, ਇਸ ਵਿਚ ਕੀ ਔਗੁਣ ਹੈ?

**ਕਾਹੇ ਸਵਾਮੀ ਕਾਢਿ ਨ ਲੀਨਾ,**

**ਕੌਨ ਦੋਸ਼ ਪਾਰਸ ਕੋ ਦੀਨਾ॥**

**ਜਨ ਰਵਿਦਾਸ ਕਹੇ ਕਰਿ ਜੋਰੇ,**

**ਮੈਂ ਛਾਡਿਯੋ ਪਾਥਰ ਕੈ ਮੋਰੇ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਕਿਹਾ ਕਿ ਇਹ ਪੱਥਰ ਮੇਰੇ ਕਿਸੇ ਕੰਮ ਦਾ ਨਹੀਂ ਹੈ। ਮੇਰੇ ਕੋਲ ਪਰਮਤਮਾ ਦੇ ਨਾਮ ਦਾ ਪਾਰਸ ਹੈ ਜੋ ਸਰਵ-ਸ਼੍ਰੇਸ਼ਟ ਹੈ।

**ਪਾਰਸ ਮੋਰਿ ਹਰਿ ਕਉ ਨਾਮੂ। ਪਥਰ ਸੋ ਮੋਹਿ ਨਾਹੀ ਕਾਮੂ॥**

**ਹਰਿ ਪਾਰਸ ਕੰਚਨ ਕੀ ਰਾਸੀ।**

**ਅਵਉਰ ਸਕਲ ਮਾਇਆ ਕੀ ਫਾਸੀ॥**

ਹਰਿ ਪਾਰਸ ਹੀ ਸਭ ਤੋਂ ਵੱਡੀ ਸੋਨੇ ਦੀ ਰਾਸ਼ੀ ਹੈ ਅਤੇ ਬਾਕੀ ਸਭ ਕੁਝ ਮਾਇਆ ਦੇ ਫੰਦੇ ਦੇ ਬਰਾਬਰ ਹੈ।

**ਅੰਗੀਕਾਰ ਰਵਿਦਾਸ ਨ ਕੀਨੌਂ॥**

**ਤਬ ਹਰਿ ਅਪਨੌਂ ਪਾਰਸ ਲੀਨੌਂ॥**

**ਲੇ ਪਾਰਸ ਰਮਿ ਚਲੇ ਮੁਰਾਰੀ॥**

ਜਦੋਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਪਾਰਸ ਨੂੰ ਸਵੀਕਾਰ ਨਹੀਂ ਕੀਤਾ ਤਾਂ ਹਰਿ (ਭਗਵਾਨ) ਪਾਰਸ ਲੈ ਕੇ ਉਥੋਂ ਅੰਤਰ ਧਿਆਨ ਹੋ ਗਏ। ਇਸ ਕਥਾ ਤੋਂ ਜਿਹੜਾ ਉਪਦੇਸ਼ ਸਾਨੂੰ ਪ੍ਰਾਪਤ ਹੁੰਦਾ ਹੈ ਉਸਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਸਾਨੂੰ ਸਮਝਾਇਆ ਕਿ ਸਾਨੂੰ ਹਮੇਸ਼ਾਂ ਸੱਚੇ ਧਰਮ ਦੀ ਪਾਲਣਾ ਕਰਨੀ ਚਾਹੀਦੀ ਹੈ। ਕਿਸੇ ਵੀ ਲਾਲਚ ਵਿਚ ਆ ਕੇ ਪ੍ਰਭੂ ਭਗਤੀ ਦਾ ਤਿਆਗ ਨਹੀਂ ਕਰਨਾ ਚਾਹੀਦਾ। ਪਰਮਾਤਮਾ ਦਾ ਨਾਮ ਸਭ ਤੋਂ ਉੱਤਮ ਪਾਰਸ ਪੱਥਰ ਹੈ। ਇਸ ਨਾਮ ਰੂਪੀ ਪਾਰਸ ਨੂੰ ਗੁਰੂ ਜੀ ਪਾਸੋਂ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਸੋਨੇ ਵਾਂਗ ਬਣਾਉਣਾ ਚਾਹੀਦਾ ਹੈ। ਪੱਕੇ ਵਿਸ਼ਵਾਸ ਨਾਲ ਸਤਿਸੰਗਤ ਸਿਮਰਨ ਅਤੇ ਸੇਵਾ ਵਿੱਚ ਲੱਗੇ ਰਹਿਣਾ ਚਾਹੀਦਾ ਹੈ।

* * *

# ‘ਹਰਿ’ ਦੁਆਰਾ ਸੰਗਤ ਦੀ ਸੇਵਾ ਲਈ ਮੋਹਰਾਂ ਦਾ ਵਰਦਾਨ

**ਸੁਪਨਾਂਤਰ ਨੇ ਬਿਨਤੀ ਕਰਈ।**
**ਮੋਹਰ ਪਾਂਚ ਸੰਪਟੁ ਮੇਂ ਧਰਈ।**
**ਲੇਹੁ ਕਨਕ ਜਿਨ ਕਰੋ ਕੁਭਾਉ।**
**ਪੂਜੋ ਭਗਤ ਰਿਦੈ ਧਰ ਭਾਉ॥**

ਪਿਛਲੇ ਪ੍ਰਸੰਗ ਵਿਚ ਅਸੀਂ ਪੜ੍ਹਿਆ ਹੈ ਕਿ ਸਾਧੂ ਰੂਪ ਵਿਚ ਭਗਵਾਨ ਆਪ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਸ ਪਾਰਸ ਪੱਥਰ ਲੈ ਕੇ ਉਹਨਾਂ ਦੀ ਪ੍ਰੀਖਿਆ ਲੈਣ ਆਏ। ਭਗਵਾਨ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਕਿਹਾ ਕਿ ਇਹ ਪਾਰਸ ਪੱਥਰ ਮੈਂ ਤੁਹਾਨੂੰ ਯੋਗ ਅਧਿਕਾਰੀ ਸਮਝ ਕੇ ਦਿੰਦਾ ਹਾਂ। ਇਸ ਨਾਲ ਤੁਸੀਂ ਸੋਨਾ ਬਣਾ ਕੇ ਸੁੰਦਰ-ਸੁੰਦਰ ਮੰਦਿਰ ਬਣਾਉ ਅਤੇ ਸੰਗਤ ਦੀ ਸੇਵਾ ਕਰੋ। ਗੁਰੂ ਜੀ ਨੇ ਅਜਿਹਾ ਕਰਨ ਤੋਂ ਬਿਲਕੁਲ ਇਨਕਾਰ ਕਰ ਦਿੱਤਾ।

ਇਸ ਤੋਂ ਬਾਅਦ ਭਗਵਾਨ ਨੇ ਫਿਰ ਦਰਸ਼ਨ ਦਿੱਤੇ ਤੇ ਕਿਹਾ ਕਿ ਹੇ ਰਵਿਦਾਸ ਜੀ! ਹੁਣ ਤੁਹਾਨੂੰ ਮੇਰੀ ਇਕ ਗੱਲ ਜ਼ਰੂਰ ਮੰਨਣੀ ਪਵੇਗੀ। ਤੁਹਾਡੇ ਕੋਲ ਸੰਗਤ ਅਤੇ ਸੰਤ ਸਮਾਜ ਆਉਂਦਾ ਹੈ। ਉਹਨਾਂ ਦੀ ਸੇਵਾ ਲਈ ਤੁਹਾਨੂੰ ਚੰਗਾ ਪ੍ਰਬੰਧ ਕਰਨਾ ਚਾਹੀਦਾ ਹੈ। ਹਰ ਰੋਜ਼ ਤੁਹਾਨੂੰ ਦਰਬਾਰ ਵਿਚੋਂ ਪੰਜ ਸੋਨੇ ਦੀਆਂ ਮੋਹਰਾਂ ਮਿਲਿਆ ਕਰਨਗੀਆਂ। ਤੁਸੀਂ ਉਹਨਾਂ ਮੋਹਰਾਂ ਨੂੰ ਸੰਗਤ ਦੀ ਸੇਵਾ ਲਈ ਖਰਚ ਕਰਨਾ ਹੈ। ਕਹਿੰਦੇ ਹਨ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਬਾਰ ਵਿਚ ਹਰ ਰੋਜ਼ ਦੇਸ਼ਾਂ ਵਿਦੇਸ਼ਾਂ ਦੇ ਬਾਦਸ਼ਾਹ ਅਤੇ ਸੰਗਤ ਸਤਿਸੰਗ ਲਈ ਆਉਂਦੇ ਸਨ। ਗੁਰੂ ਜੀ ਨੇ ਸੇਵਾਦਾਰਾਂ ਦੀ ਸੇਵਾ ਲਗਾ ਕੇ ਬਹੁਤ ਸੁੰਦਰ ਸਤਿਸੰਗ ਭਵਨ ਨਿਵਾਸ ਸਥਾਨ ਅਤੇ ਧਰਮਸ਼ਾਲਾ ਦਾ ਨਿਰਮਾਣ ਕਰਵਾਇਆ।

**ਮੰਦਰ ਮਹਲ ਕਿਯਾ ਬਹੁਤੇਰਾ,**
**ਜਹਾਂ ਤਹਾਂ ਭਗਤਨ ਕਾ ਡੇਰਾ।**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਉਪਦੇਸ਼ਾਂ ਅਨੁਸਾਰ ਅੱਜ ਵੀ ਜੀਵਨ ਵਿਚ ਸਤਿਸੰਗ ਦੀ ਓਨੀ ਹੀ ਜ਼ਰੂਰਤ ਹੈ ਜਿੰਨੀ ਪ੍ਰਾਚੀਨ ਸਮੇਂ ਵਿਚ ਹੁੰਦੀ ਸੀ। ਸਾਨੂੰ ਸਾਰਿਆਂ ਨੂੰ ਸਤਿਸੰਗ ਨਾਲ ਜੁੜਨਾ ਚਾਹੀਦਾ ਹੈ। ਸਤਿਗੁਰਾਂ ਦੇ ਅੰਮ੍ਰਿਤਮਈ ਉਪਦੇਸ਼ਾਂ ਨੂੰ ਸੁਣ ਕੇ ਅਮੋਲਕ ਜਨਮ ਦਾ ਲਾਭ ਉਠਾਉਣਾ ਚਾਹੀਦਾ ਹੈ।

* * *

# ਇਕ ਸੇਠ ਨੂੰ ਅੰਮ੍ਰਿਤ ਦਾ ਨਿਰਾਦਰ ਕਰਕੇ ਕੁਸ਼ਟ ਰੋਗ ਹੋਣਾ

ਸੰਤ ਮਹਾਂਪੁਰਸ਼ ਸਾਰੇ ਸਮਾਜ ਦੇ ਹੁੰਦੇ ਹਨ। ਉਹਨਾਂ ਦਾ ਸੰਬੰਧ ਕੇਵਲ ਇਕ ਜਾਤੀ ਜਾਂ ਵਰਣ ਨਾਲ ਨਹੀਂ ਹੁੰਦਾ। ਉਹ ਸਰਵਹਿਤਕਾਰੀ ਹੁੰਦੇ ਹਨ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਜੀਵਨ ਅਤੇ ਭਗਤੀ ਨੂੰ ਦੇਖਦੇ ਹੋਏ ਚਾਰੇ ਵਰਣਾਂ ਦੇ ਲੋਕ ਸਤਿਸੰਗ ਵਿਚ ਆਉਣ ਲੱਗੇ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪਵਿੱਤਰ ਆਹਾਰ, ਪਵਿੱਤਰ ਕਰਮ ਅਤੇ ਪਵਿੱਤਰ ਵਿਚਾਰਾਂ ਬਾਰੇ ਵਾਰ-ਵਾਰ ਚਰਚਾ ਕਰਦੇ।

ਇਕ ਦਿਨ ਇਕ ਅਮੀਰ ਸੇਠ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਤਿਸੰਗ ਵਿਚ ਆਇਆ। ਉਸਨੇ ਦੇਖਿਆ ਕਿ ਬਹੁਤ ਸਾਰੀ ਸੰਗਤ ਸਤਿਸੰਗ ਸੁਣਨ ਲਈ ਆਈ ਹੋਈ ਹੈ। ਉਸਨੇ ਦੇਖਿਆ ਕਿ ਉੱਥੇ ਅਮੀਰ, ਗਰੀਬ ਅਤੇ ਚਾਰੇ ਵਰਣਾਂ ਦੇ ਲੋਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਸਤਿਸੰਗ ਸੁਣਨ ਲਈ ਬੈਠੇ ਸਨ। ਸੇਠ ਦੇ ਮਨ ਤੇ ਇਹ ਸਾਰਾ ਕੁਝ ਦੇਖ ਕੇ ਬਹੁਤ ਪ੍ਰਭਾਵ ਪਿਆ ਤੇ ਉਹ ਵੀ ਸਤਿਸੰਗ ਸੁਣਨ ਲਈ ਬੈਠ ਗਿਆ। ਗੁਰੂ ਜੀ ਨੇ ਕਿਹਾ ਕਿ ਮਨੁੱਖੀ ਸਰੀਰ ਬਹੁਤ ਅਨਮੋਲ ਹੈ ਅਤੇ ਇਹ ਬਹੁਤ ਦੁਰਲੱਭਤਾ ਨਾਲ ਮਿਲਦਾ ਹੈ।

**ਦੁਲਭ ਜਨਮ ਪੁੰਨ ਫਲ ਪਾਇਓ ਬਿਰਥਾ ਜਾਤਿ ਅਬਿਬੇਕੈ ॥**

ਇਸ ਅਨਮੋਲ ਜੀਵਨ ਨੂੰ ਪ੍ਰਭੂ ਬੰਦਗੀ ਵਿਚ ਲਗਾ ਕੇ ਸਫ਼ਲ ਬਣਾਉਣਾ ਚਾਹੀਦਾ ਹੈ। ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾਂ ਸੰਸਾਰ ਦੇ ਸਾਰੇ ਪਸਾਰੇ ਝੂਠੇ ਹਨ।

**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥**

ਗੁਰੂ ਜੀ ਨੇ ਕਿਹਾ ਕਿ ਪ੍ਰਭੂ ਭਗਤੀ ਕਰਨ ਦਾ ਸਾਰੀਆਂ ਜਾਤਾਂ ਤੇ ਵਰਣਾਂ ਦੇ ਲੋਕਾਂ ਨੂੰ ਅਧਿਕਾਰ ਹੈ। ਕੋਈ ਚਾਹੇ ਕਿਸੇ ਵੀ ਜਾਤ ਜਾਂ ਵਰਣ ਦਾ ਵਿਅਕਤੀ ਹੋਵੇ ਪ੍ਰਭੂ ਭਗਤੀ ਦੁਆਰਾ ਉੱਤਮ ਹੋ ਜਾਂਦਾ ਹੈ।

**ਬ੍ਰਹਮਨ ਬੈਸ ਸੂਦ ਅਰੁ ਖੵਤ੍ਰੀ**
**ਡੋਮ ਚੰਡਾਰ ਮਲੇਛ ਮਨ ਸੋਇ ॥**
**ਹੋਇ ਪੁਨੀਤ ਭਗਵੰਤ ਭਜਨ ਤੇ**
**ਆਪੁ ਤਾਰਿ ਤਾਰੇ ਕੁਲ ਦੋਇ ॥੧॥**

ਪਰਮਾਤਮਾ ਦਾ ਸਿਮਰਨ ਕਰਨ ਵਾਲਾ ਬ੍ਰਾਹਮਣ, ਵੈਸ਼, ਸ਼ੂਦਰ, ਖੱਤਰੀ, ਡੋਮ, ਚੰਡਾਲ, ਮਲੇਛ ਭਾਵ ਕੋਈ ਵੀ ਪ੍ਰਾਣੀ ਹੋਵੇ ਪਰਮਾਤਮਾ ਦੇ ਸਿਮਰਨ ਦੁਆਰਾ ਭਵ ਸਾਗਰ ਤੋਂ ਪਾਰ ਹੋ ਸਕਦਾ ਹੈ ਅਤੇ ਆਪਣੇ ਸਕੇ ਸੰਬੰਧੀਆਂ ਨੂੰ ਵੀ ਨੂੰ

ਤਾਰ ਦਿੰਦਾ ਹੈ। ਗੁਰੂ ਜੀ ਨੇ ਕਿਹਾ ਕਿ ਪਰਮਾਤਮਾ ਦਾ ਸਿਮਰਨ ਸਾਰਿਆਂ ਲਈ ਜ਼ਰੂਰੀ ਹੈ।

ਸਤਿਸੰਗ ਸਮਾਪਤ ਹੋਣ ਤੋਂ ਬਾਅਦ ਸਾਰੇ ਸ਼ਰਧਾਲੂਆਂ ਨੂੰ ਉਸ ਦੌਰੀ ਵਿਚੋਂ ਅੰਮ੍ਰਿਤ ਵੰਡਿਆ ਗਿਆ ਜਿਸ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਚਮੜਾ ਭਿਉਂਦੇ ਸਨ। ਸੇਠ ਨੇ ਚਰਨਾਮ੍ਰਿਤ ਲੈ ਤਾਂ ਲਿਆ ਪਰ ਅੰਮ੍ਰਿਤ ਨੂੰ ਪੀਣ ਦੀ ਬਜਾਇ ਸਿਰ ਦੇ ਪਿੱਛੇ ਸੁੱਟ ਦਿੱਤਾ। ਚਰਨ ਅੰਮ੍ਰਿਤ ਦੇ ਕੁਝ ਛਿੱਟੇ ਉਸਦੇ ਕੱਪੜਿਆਂ ਉੱਪਰ ਪੈ ਗਏ। ਸੇਠ ਨੇ ਘਰ ਜਾ ਕੇ ਕੱਪੜਿਆਂ ਨੂੰ ਅਪਵਿੱਤਰ ਮੰਨ ਕੇ ਇਕ ਭੰਗੀ ਨੂੰ ਦਾਨ ਕਰ ਦਿੱਤੇ। ਭੰਗੀ ਨੇ ਜਿਉਂ ਹੀ ਉਹ ਕੱਪੜੇ ਪਹਿਨੇ ਉਸਦਾ ਸਰੀਰ ਰੂਹਾਨੀ ਸ਼ਕਤੀ ਨਾਲ ਚਮਕਣ ਲੱਗਾ ਅਤੇ ਸੇਠ ਨੂੰ ਕੁਸ਼ਟ ਰੋਗ ਹੋ ਗਿਆ। ਸੇਠ ਨੇ ਹਕੀਮਾਂ ਤੇ ਵੈਦਾਂ ਤੋਂ ਬਹੁਤ ਇਲਾਜ ਕਰਵਾਇਆ ਪਰ ਕੁਸ਼ਟ ਰੋਗ ਠੀਕ ਨਹੀਂ ਹੋਇਆ। ਸੇਠ ਨੂੰ ਧਿਆਨ ਆਇਆ ਕਿ ਉਸਨੇ ਸੱਚੇ ਗੁਰੂ ਦਾ ਨਿਰਾਦਰ ਕੀਤਾ ਹੈ, ਜਿਸ ਕਾਰਨ ਉਸਨੂੰ ਇਹ ਰੋਗ ਝੱਲਣਾ ਪਿਆ ਹੈ ਤਾਂ ਉਹ ਦੁਖੀ ਹੋ ਕੇ ਗੁਰੂ ਜੀ ਦੀ ਸ਼ਰਨ ਵਿਚ ਚਲਾ ਗਿਆ। ਦਿਆਲੂ ਹਿਰਦੇ ਵਾਲੇ ਗੁਰੂ ਜੀ ਨੇ ਸੇਠ ਨੂੰ ਮੁਆਫ਼ ਕਰ ਦਿੱਤਾ ਅਤੇ ਉਹ ਫਿਰ ਤੋਂ ਠੀਕ ਹੋ ਗਿਆ ਅਤੇ ਹਰਿ ਦਾ ਸਿਮਰਨ ਕਰਨ ਲੱਗਾ।

* * *

# ਇਕ ਹਿਰਨੀ ਦੀ ਰੱਖਿਆ

ਜਗਤਗੁਰੂ ਰਵਿਦਾਸ ਮਹਾਰਾਜ ਜੀ ਬਹੁਤ ਕੋਮਲ ਹਿਰਦੇ ਵਾਲੇ ਮਹਾਂਪੁਰਸ਼ ਸਨ। ਇਹ ਗੱਲ ਲਹਿਰਤਾਰਾ ਤਲਾਬ ਦੀ ਹੈ ਜੋ ਸ੍ਰੀ ਗੁਰੂ ਕਬੀਰ ਸਾਹਿਬ ਦਾ ਪ੍ਰਗਟ ਸਥਾਨ ਹੈ। ਉਹਨਾਂ ਦਿਨਾਂ ਵਿਚ ਇੱਥੇ ਬਹੁਤ ਸੰਘਣਾ ਜੰਗਲ ਸੀ। ਇਸ ਇਕਾਂਤ ਸਥਾਨ ਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਸਮਾਧੀ ਅਵਸਥਾ ਵਿਚ ਬੈਠੇ ਪਰਮਾਤਮਾ ਦਾ ਸਿਮਰਨ ਕਰ ਰਹੇ ਸਨ। ਆਸ-ਪਾਸ ਵਿਚ ਕੁਦਰਤ ਦਾ ਬਹੁਤ ਪਿਆਰਾ ਦ੍ਰਿਸ਼ ਮਨ ਨੂੰ ਮੋਹਿਤ ਕਰ ਰਿਹਾ ਸੀ।

ਇਸ ਸਮੇਂ ਇਕ ਹਿਰਨੀ ਦੌੜਦੀ ਹੋਈ ਇੱਧਰ ਆਈ, ਜਿਸਦੇ ਪਿੱਛੇ ਸ਼ਿਕਾਰੀ ਲੱਗਾ ਹੋਇਆ ਸੀ। ਸ਼ਿਕਾਰੀ ਨੇ ਹਿਰਨੀ ਨੂੰ ਕਾਬੂ ਕਰ ਲਿਆ ਅਤੇ ਉਸਨੂੰ ਮਾਰਨ ਲਈ ਤਿਆਰ ਹੋ ਗਿਆ। ਹਿਰਨੀ ਨੇ ਦੇਖਿਆ ਕਿ ਹੁਣ ਉਸਦਾ ਜੀਵਨ ਮੁਸ਼ਕਿਲ ਵਿਚ ਫਸ ਗਿਆ ਹੈ ਤੇ ਸ਼ਿਕਾਰੀ ਉਸਨੂੰ ਮਾਰ ਦੇਵੇਗਾ। ਹਿਰਨੀ ਸੋਚਣ ਲੱਗੀ ਕਿ ਹੁਣ ਤਾਂ ਉਹ ਆਪਣੇ ਬੱਚਿਆਂ ਨੂੰ ਵੀ ਨਹੀਂ ਮਿਲ ਸਕਦੀ, ਦੁੱਧ ਪਿਲਾਉਣਾ ਤਾਂ ਬਹੁਤ ਦੂਰ ਦੀ ਗੱਲ ਸੀ। ਹਿਰਨੀ ਮਨ ਵਿਚ ਬਹੁਤ ਦੁਖੀ ਹੋ ਰਹੀ ਸੀ। ਬੱਚਿਆਂ ਦੇ ਪਿਆਰ ਨੂੰ ਯਾਦ ਕਰਕੇ ਉਸਦੀਆਂ ਅੱਖਾਂ ਵਿਚੋਂ ਹੰਝੂ ਡਿਗਣ ਲੱਗੇ। ਇਹ ਦੇਖ ਕੇ ਸ਼ਿਕਾਰੀ ਨੇ ਹਿਰਨੀ ਨੂੰ ਪੁੱਛਿਆ ਕਿ ਤੇਰੀਆਂ ਅੱਖਾਂ ਵਿਚ ਹੰਝੂ

ਆਉਣ ਦਾ ਕੀ ਕਾਰਨ ਹੈ? ਤਾਂ ਹਿਰਨੀ ਨੇ ਦੱਸਿਆ ਕਿ ਉਸਦਾ ਆਪਣੇ ਬੱਚਿਆਂ ਦੀ ਯਾਦ ਆਉਣ ਕਰਕੇ ਇਹ ਹਾਲ ਹੈ। ਹਿਰਨੀ ਨੇ ਸ਼ਿਕਾਰੀ ਨੂੰ ਕਿਹਾ ਕਿ ਉਹ ਉਸਨੂੰ ਦੋ ਘੜੀਆਂ ਲਈ ਛੱਡ ਦੇਵੇ, ਮੈਂ ਆਪਣੇ ਬੱਚਿਆਂ ਨੂੰ ਦੁੱਧ ਪਿਲਾ ਕੇ ਥੋੜ੍ਹੀ ਦੇਰ ਬਾਅਦ ਵਾਪਿਸ ਆ ਜਾਵਾਂਗੀ। ਸ਼ਿਕਾਰੀ ਨੇ ਕਿਹਾ ਕਿ ਜੇਕਰ ਕੋਈ ਤੇਰੀ ਜਮਾਨਤ ਦੇ ਸਕਦਾ ਹੈ ਤਾਂ ਮੈਂ ਤੈਨੂੰ ਛੱਡ ਸਕਦਾ ਹਾਂ।

ਨੇੜੇ ਹੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਭਗਤੀ ਕਰ ਰਹੇ ਸਨ। ਉਹਨਾਂ ਨੇ ਜਦੋਂ ਹਿਰਨੀ ਦੀ ਕਥਾ ਸੁਣੀ ਤਾਂ ਸ਼ਿਕਾਰੀ ਨੂੰ ਕਿਹਾ ਕਿ ਮੈਂ ਇਸਦੀ ਜਮਾਨਤ ਦਿੰਦਾ ਹਾਂ। ਮੈਂ ਉਦੋਂ ਤੱਕ ਤੇਰੇ ਕੋਲ ਰਹਾਂਗਾ ਜਦੋਂ ਤੱਕ ਹਿਰਨੀ ਵਾਪਿਸ ਨਹੀਂ ਆ ਜਾਂਦੀ। ਹਿਰਨੀ ਤੇਜ਼ੀ ਨਾਲ ਦੌੜਦੀ ਹੋਈ ਆਪਣੇ ਬੱਚਿਆਂ ਕੋਲ ਪਹੁੰਚੀ। ਬੱਚਿਆਂ ਨੇ ਜਦੋਂ ਦੇਖਿਆ ਕਿ ਉਹਨਾਂ ਦੀ ਮਾਂ ਆ ਗਈ ਹੈ ਤਾਂ ਉਹ ਇਕ ਦਮ ਆਪਣੀ ਮਾਂ ਨਾਲ ਚਿੰਬੜ ਗਏ। ਉਹ ਦੁੱਧ ਪੀਣ ਲੱਗੇ ਸਨ ਕਿ ਉਹਨਾਂ ਦੇਖਿਆ ਉਹਨਾਂ ਦੀ ਮਾਂ ਉਦਾਸ ਹੈ। ਬੱਚਿਆਂ ਨੇ ਜਦੋਂ ਆਪਣੀ ਮਾਂ ਨੂੰ ਉਦਾਸੀ ਦਾ ਕਾਰਨ ਪੁੱਛਿਆ ਤਾਂ ਹਿਰਨੀ ਨੇ ਸਾਰੀ ਗੱਲ ਆਪਣੇ ਬੱਚਿਆਂ ਨੂੰ ਦੱਸ ਦਿੱਤੀ। ਬੱਚਿਆਂ ਨੇ ਆਪਣੀ ਮਾਂ ਨੂੰ ਕਿਹਾ ਕਿ ਉਹ ਦੁੱਧ ਨਹੀਂ ਪੀਣਗੇ ਸਗੋਂ ਉਸਦੇ ਨਾਲ ਹੀ ਉਸ ਸ਼ਿਕਾਰੀ ਕੋਲ ਜਾਣਗੇ। ਤੁਹਾਡੇ ਤੋਂ ਪਹਿਲਾਂ ਅਸੀਂ ਆਪਣਾ ਜੀਵਨ ਕੁਰਬਾਨ ਕਰਾਂਗੇ, ਇਸ ਤੋਂ ਬਾਅਦ ਤੁਹਾਡੀ ਵਾਰੀ ਆਵੇਗੀ। ਹਿਰਨੀ ਕੁਝ ਸਮੇਂ ਬਾਅਦ ਆਪਣੇ ਬੱਚਿਆਂ ਸਮੇਤ ਉਸ ਸਥਾਨ ਤੇ ਪਹੁੰਚ ਗਈ ਜਿੱਥੇ ਸ਼ਿਕਾਰੀ ਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਬੈਠੇ ਸਨ। ਹਿਰਨੀ ਨੇ ਸ਼ਿਕਾਰੀ ਨੂੰ ਕਿਹਾ ਕਿ ਹੁਣ ਇਹਨਾਂ ਮਹਾਂਪੁਰਸ਼ਾਂ ਨੂੰ ਛੁੱਟੀ ਦਿੱਤੀ ਜਾਵੇ ਕਿਉਂਕਿ ਅਸੀਂ ਦੋ ਘੜੀਆਂ ਤੋਂ ਪਹਿਲਾਂ ਹੀ ਤੁਹਾਡੇ ਕੋਲ ਪਹੁੰਚ ਗਏ ਹਾਂ। ਜਦੋਂ ਸ਼ਿਕਾਰੀ ਹਿਰਨੀ ਨੂੰ ਮਾਰਨ ਲਈ ਕਟਾਰ ਨਾਲ ਵਾਰ ਕਰਨ ਲੱਗਾ ਤਾਂ ਉਸਦਾ ਕਟਾਰ ਵਾਲਾ ਹੱਥ ਉੱਪਰ ਦਾ ਉੱਪਰ ਹੀ ਰਹਿ ਗਿਆ। ਉਸਦਾ ਹੱਥ ਸੈਲ ਪੱਥਰ ਦੇ ਸਮਾਨ ਹੋ ਗਿਆ। ਉਸਨੂੰ ਆਪਣੀਆਂ ਅੱਖਾਂ ਸਾਹਮਣੇ ਮੌਤ ਨੱਚਦੀ ਦਿਖਾਈ ਦੇਣ ਲੱਗੀ। ਉਹ ਮਨ ਹੀ ਮਨ ਪਛਤਾਉਣ ਲੱਗਾ ਅਤੇ ਵਾਰ-ਵਾਰ ਗੁਰੂ ਜੀ ਨੂੰ ਨਮਸਕਾਰ ਕਰਨ ਲੱਗਾ। ਸ਼ਿਕਾਰੀ ਗੁਰੂ ਜੀ ਤੋਂ ਮੁਆਫ਼ੀ ਮੰਗਣ ਲੱਗ ਪਿਆ। ਗੁਰੂ ਜੀ ਨੇ ਸ਼ਿਕਾਰੀ ਨੂੰ ਅੱਗੇ ਤੋਂ ਅਜਿਹਾ ਕਰਨ ਤੋਂ ਮਨ੍ਹਾਂ ਕੀਤਾ ਅਤੇ ਉਸਨੂੰ ਧਰਮ ਦਾ ਉਪਦੇਸ਼ ਦੇ ਕੇ ਆਪਣਾ ਸ਼ਿਸ਼ ਬਣਾ ਲਿਆ। ਇਸ ਸ਼ਿਕਾਰੀ ਨੂੰ ਹੀਰੂ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਹ ਸ਼ਿਕਾਰੀ ਗੁਰੂ ਜੀ ਦਾ ਸੱਚਾ ਭਗਤ ਬਣ ਗਿਆ। ਬਾਅਦ ਵਿਚ ਉਹ ਇਕ ਚੰਗੇ ਆਦਮੀ ਦੇ ਰੂਪ ਵਿਚ ਸਮਾਜ ਵਿਚ ਵਿਚਰਿਆ।

ਹਿਰਨੀ ਅਤੇ ਉਸਦੇ ਬੱਚੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਧੰਨਵਾਦ ਕਰਦੇ ਹੋਏ ਸਿਰ ਝੁਕਾ ਕੇ ਜੈ-ਜੈ ਕਾਰ ਕਰਦੇ ਹੋਏ ਜੰਗਲ ਵੱਲ ਚਲੇ ਗਏ। * * *

# ਇਕ ਸ਼ੇਖ਼ ਦੁਆਰਾ ਜਗਤਗੁਰੂ ਰਵਿਦਾਸ ਮਹਾਰਾਜ ਜੀ ਪਾਸੋਂ ਪ੍ਰੇਮ ਦੀ ਜਾਚਨਾ ਕਰਨੀ

ਜਗਤਗੁਰੂ ਰਵਿਦਾਸ ਮਹਾਰਾਜ ਜੀ ਹਰ ਰੋਜ਼ ਸੰਗਤ ਨੂੰ ਸਤਿਸੰਗ ਸੁਣਾਇਆ ਕਰਦੇ ਸਨ। ਆਪ ਦੇ ਭੇਦ-ਭਾਵ ਰਹਿਤ ਵਿਚਾਰਾਂ ਦਾ ਸੰਗਤ ਉੱਤੇ ਬਹੁਤ ਪ੍ਰਭਾਵ ਸੀ। ਹਿੰਦੂ ਅਤੇ ਮੁਸਲਮਾਨ ਆਪ ਜੀ ਪਾਸੋਂ ਪਰਮਾਰਥ ਲਾਭ ਬਾਰੇ ਉਪਦੇਸ਼ ਸੁਣਨ ਆਉਂਦੇ ਸਨ।

ਇਕ ਵਾਰ ਇਕ ਸ਼ੇਖ਼ ਨੇ ਗੁਰੂ ਜੀ ਪਾਸ ਆ ਕੇ ਬੇਨਤੀ ਕੀਤੀ ਕਿ ਸੁਆਮੀ ਜੀ! ਮੈਨੂੰ ਵੀ ਪ੍ਰੇਮ ਦਾ ਰੰਗ ਪ੍ਰਦਾਨ ਕਰੋ। ਜਗਤਗੁਰੂ ਰਵਿਦਾਸ ਮਹਾਰਾਜ ਜੀ ਜਿਸ ਦੌਂਗੀ ਵਿਚ ਚਮੜਾ ਧੋ ਰਹੇ ਸਨ ਉਸ ਵਿਚੋਂ ਪਾਣੀ ਸ਼ੇਖ਼ ਨੂੰ ਪੀਣ ਲਈ ਦੇ ਦਿੱਤਾ। ਸ਼ੇਖ਼ ਨੇ ਉਸ ਪਾਣੀ ਤੋਂ ਘ੍ਰਿਣਾ ਕੀਤੀ ਅਤੇ ਲੁਕੋ ਕੇ ਉਸ ਪਾਣੀ ਨੂੰ ਸੁੱਟ ਦਿੱਤਾ। ਸ਼ੇਖ਼ ਦੀ ਕਮੀਜ਼ ਉੱਪਰ ਉਸ ਪਾਣੀ ਦਾ ਦਾਗ ਪੈ ਗਿਆ। ਘਰ ਜਾ ਕੇ ਸ਼ੇਖ਼ ਨੇ ਉਹ ਕਮੀਜ਼ ਨੌਕਰਾਣੀ ਨੂੰ ਧੋਣ ਲਈ ਦੇ ਦਿੱਤੀ ਅਤੇ ਕਿਹਾ ਕਿ ਇਸ ਦਾਗ ਨੂੰ ਚੰਗੀ ਤਰ੍ਹਾਂ ਧੋ ਕੇ ਲਿਆਉ।

ਜਦੋਂ ਨੌਕਰਾਣੀ ਉਸ ਕਮੀਜ਼ ਨੂੰ ਧੋਣ ਲੱਗੀ ਤਾਂ ਉਹ ਦਾਗ਼ ਨਹੀਂ ਸੀ ਉਤਰ ਰਿਹਾ। ਬਹੁਤ ਯਤਨ ਕਰਨ ਤੇ ਵੀ ਜਦੋਂ ਉਹ ਦਾਗ਼ ਨਹੀਂ ਉਤਰਿਆ ਤਾਂ ਨੌਕਰਾਣੀ ਦਾਗ਼ ਉਤਾਰਨ ਲਈ ਉਸ ਥਾਂ ਤੋਂ ਕੱਪੜੇ ਨੂੰ ਮੂੰਹ ਵਿਚ ਪਾ ਕੇ ਚੂਸਣ ਲੱਗੀ। ਜਿਵੇਂ ਹੀ ਨੌਕਰਾਣੀ ਨੇ ਉਸ ਦਾਗ ਨੂੰ ਚੂਸਿਆ ਤਾਂ ਉਸ ਵਿਚ ਅਨੇਕਾਂ ਪ੍ਰਕਾਰ ਦੀਆਂ ਰੂਹਾਨੀ ਸ਼ਕਤੀਆਂ ਆ ਗਈਆਂ ਤੇ ਉਹ ਧਰਤੀ ਤੋਂ ਉੱਪਰ-ਉੱਪਰ ਤੁਰਨ ਲੱਗੀ। ਨੌਕਰਾਣੀ ਨੂੰ ਇਸ ਰੰਗ ਵਿਚ ਦੇਖ ਕੇ ਸ਼ੇਖ਼ ਨੇ ਪੁੱਛਿਆ ਕਿ 'ਇਹ ਸਿੱਧੀ ਉਸਨੂੰ ਕਿੱਥੋਂ ਪ੍ਰਾਪਤ ਹੋਈ ਹੈ'? ਤਾਂ ਨੌਕਰਾਣੀ ਨੇ ਦੱਸਿਆ ਕਿ ਕਮੀਜ਼ ਉੱਪਰ ਲੱਗੇ ਉਸ ਦਾਗ ਨੂੰ ਚੂਸਣ ਨਾਲ ਹੀ ਉਸਨੂੰ ਇਹ ਸਿੱਧੀ ਪ੍ਰਾਪਤ ਹੋਈ ਹੈ। ਉਸ ਸ਼ਖ਼ ਨੂੰ ਇਹ ਸਭ ਕੁਝ ਦੇਖ ਕੇ ਬਹੁਤ ਹੈਰਾਨੀ ਹੋਈ ਤੇ ਉਹ ਆਪਣੀ ਗਲਤੀ ਤੇ ਪਛਤਾਉਣ ਲੱਗਾ। ਇਸ ਤੋਂ ਬਾਅਦ ਉਹ ਸ਼ੇਖ਼ ਦੂਜੀ ਵਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪਾਸ ਆਇਆ। ਨਿਮਰਤਾ ਸਹਿਤ ਗੁਰੂ ਜੀ ਤੋਂ ਅੰਮ੍ਰਿਤ ਦੀ ਮੰਗ ਕੀਤੀ। ਗੁਰੂ ਜੀ ਨੇ ਸ਼ੇਖ਼ ਨੂੰ ਕਿਹਾ ਕਿ ਉਹ ਸਮਾਂ ਹੁਣ ਬੀਤ ਗਿਆ ਹੈ। ਸ਼ੇਖ਼ ਨੇ ਵਾਰ-ਵਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅੱਗੇ ਬੇਨਤੀ ਕੀਤੀ ਤਾਂ ਦਿਆਲੂ ਹਿਰਦੇ ਵਾਲੇ ਗੁਰੂ ਜੀ ਨੇ ਉਸਨੂੰ ਆਪਣਾ ਸ਼ਿਸ਼ ਬਣਾ ਲਿਆ। ਗੁਰੂ ਜੀ ਨੇ ਉਸਨੂੰ ਪ੍ਰਭੂ ਬੰਦਗੀ ਦੁਆਰਾ ਆਪਣਾ ਜੀਵਨ ਸਫ਼ਲ ਬਣਾਉਣ ਦਾ ਸੰਦੇਸ਼ ਦਿੱਤਾ। ਗੁਰੂ ਜੀ ਦਾ ਕਥਨ ਹੈ—

**ਕਰਿ ਬੰਦਿਗੀ ਛਾਡਿ ਮੈ ਮੇਰਾ। ਹਿਰਦੈ ਨਾਮ ਸਮ੍ਹਾਰਿ ਸਵੇਰਾ॥੨॥**

**ਜਨਮ ਸਿਰਾਨੋ ਪੰਥੁ ਨ ਸਵਾਰਾ ॥ ਸਾਂਝ ਪਰੀ ਦਹ ਦਿਸ ਅੰਧਿਆਰਾ ॥**
**ਕਹਿ ਰਵਿਦਾਸ ਨਿਦਾਨਿ ਦਿਵਾਨੇ ।**
**ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥**

ਅੱਜ ਵੀ ਜੇਕਰ ਕੋਈ ਆਪਣੇ ਜੀਵਨ ਨੂੰ ਸਾਰਥਕ ਬਣਾਉਣਾ ਚਾਹੁੰਦਾ ਹੈ ਅਤੇ ਪ੍ਰਭੂ ਪਿਆਰ ਦੇ ਰੰਗ ਦੀ ਰੰਗਣ ਵਿਚ ਜੀਵਨ ਰੰਗਣਾ ਚਾਹੁੰਦਾ ਹੈ ਤਾਂ ਇਹ ਜ਼ਰੂਰੀ ਹੈ ਕਿ ਉਹ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੁਆਰਾ ਦਿੱਤੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿਚ ਅਪਣਾਏ।

* * *

# ਮ੍ਰਿਤਕ ਬਾਲਕ ਨੂੰ ਜੀਵਨ ਦਾਨ ਦੇਣਾ

ਕਾਂਸ਼ੀ ਵਿਚ ਇਕ ਵਿਧਵਾ ਸੇਠਾਣੀ ਰਹਿੰਦੀ ਸੀ। ਸੇਠਾਣੀ ਦਾ ਬਹੁਤ ਵੱਡਾ ਪਰਿਵਾਰ ਸੀ। ਇਕ ਵਾਰ ਉਹ ਪੂਰੇ ਪਰਿਵਾਰ ਸਮੇਤ ਤੀਰਥ ਯਾਤਰਾ ਲਈ ਗਈ। ਸੰਯੋਗਵਸ ਨਾਵ (ਕਿਸ਼ਤੀ) ਦੁਰਘਟਨਾ ਗ੍ਰਸਤ ਹੋ ਗਈ, ਜਿਸ ਦੌਰਾਨ ਸੇਠਾਣੀ ਅਤੇ ਉਸਦਾ ਸਾਰਾ ਪਰਿਵਾਰ ਮਰ ਗਿਆ। ਪੂਰੇ ਪਰਿਵਾਰ ਵਿੱਚੋਂ ਸਿਰਫ਼ ਉਸਦੀ ਨੂੰਹ ਹੀ ਬਚ ਸਕੀ ਜਿਹੜੀ ਗਰਭਵਤੀ ਸੀ। ਰੋਂਦੀ ਕੁਰਲਾਉਂਦੀ ਤੇ ਅਨੇਕ ਕਸ਼ਟਾਂ ਨੂੰ ਸਹਿੰਦੀ ਹੋਈ ਉਹ ਆਪਣੇ ਘਰ ਵਾਪਿਸ ਆ ਗਈ। ਸਮਾਂ ਪਾ ਕੇ ਉਸਦੇ ਇੱਕ ਲੜਕਾ ਪੈਦਾ ਹੋਇਆ। ਬੱਚੇ ਦਾ ਮੂੰਹ ਦੇਖ ਕੇ ਉਹ ਬਹੁਤ ਖੁਸ਼ ਹੋਈ ਕਿਉਂਕਿ ਬੱਚਾ ਹੀ ਹੁਣ ਉਸਦੇ ਜੀਵਨ ਦਾ ਇੱਕੋ ਇੱਕ ਸਹਾਰਾ ਸੀ। ਬੱਚਾ ਜਦੋਂ ਵੱਡਾ ਹੋ ਕੇ ਖੇਡਣ ਕੁੱਦਣ ਲੱਗਾ ਤਾਂ ਸੰਯੋਗਵਸ ਉਹ ਬਿਮਾਰ ਰਹਿਣ ਲੱਗ ਪਿਆ। ਉਸਦੀ ਮਾਂ ਨੇ ਉਸਦਾ ਇਲਾਜ ਕਰਵਾਉਣ ਅਤੇ ਪਾਠ ਪੂਜਾ ਕਰਨ ਉੱਤੇ ਬਹੁਤ ਧਨ ਖ਼ਰਚ ਕੀਤਾ। ਪਰ ਉਸਨੂੰ ਕੋਈ ਲਾਭ ਨਾ ਹੋਇਆ। ਬੱਚੇ ਦੀ ਬਿਮਾਰੀ ਦਿਨ-ਬ-ਦਿਨ ਭਿਅੰਕਰ ਰੂਪ ਧਾਰਨ ਕਰਦੀ ਗਈ। ਉਹ ਹਰ ਇਕ ਅੱਗੇ ਰੋ-ਰੋ ਕੇ ਆਪਣੇ ਬੱਚੇ ਨੂੰ ਬਚਾਉਣ ਲਈ ਫ਼ਰਿਆਦ ਕਰਦੀ। ਕਿਸੇ ਨੇ ਉਸਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਬਾਰੇ ਦੱਸਿਆ। ਉਹ ਆਪਣੇ ਬਿਮਾਰ ਬੱਚੇ ਨੂੰ ਲੈ ਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪਾਸ ਚਲੀ ਗਈ। ਅਚਾਨਕ ਉੱਥੇ ਪਹੁੰਚਦੇ ਹੀ ਉਸਦੇ ਬੱਚੇ ਦੀ ਮੌਤ ਹੋ ਗਈ। ਅਜਿਹਾ ਦੇਖਦੇ ਹੀ ਸੇਠਾਣੀ ਚੀਖ-ਚੀਖ ਕੇ ਰੋਣ ਲੱਗੀ। ਉਸਦਾ ਕਰੁਣਾ ਭਰਪੂਰ ਵਿਰਲਾਪ ਦੇਖ ਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪਰਮਾਤਮਾ ਅੱਗੇ ਉਸਦੇ ਬੱਚੇ ਲਈ ਅਰਦਾਸ ਕਰਨ ਲੱਗੇ। ਉਹਨਾਂ ਦੀ ਦਿਆਲੂ ਸੇਵਕ ਲੋਨਾ ਬਾਈ ਉਸ ਬੱਚੇ ਨੂੰ ਆਪਣੀ ਗੋਦ ਵਿਚ ਲੈ ਕੇ ਬੈਠ ਗਈ। ਉਹ ਉਸ ਮਰੇ ਹੋਏ ਬੱਚੇ ਦੇ ਸਿਰ ਉੱਪਰ ਹੱਥ ਫੇਰਨ ਲੱਗੀ। ਗੁਰੂ ਜੀ ਨੇ ਉਸ ਬੱਚੇ ਦੇ ਮੂੰਹ ਵਿਚ ਜਲ ਪਾਇਆ। ਜਿਵੇਂ ਹੀ ਜਲ ਉਸ ਬੱਚੇ ਦੇ ਅੰਦਰ ਗਿਆ ਉਸਦੇ ਸੁਆਸ ਚੱਲਣ

ਲੱਗੇ ਅਤੇ ਥੋੜ੍ਹੀ ਦੇਰ ਬਾਅਦ ਹੀ ਉਸ ਬੱਚੇ ਨੇ ਅੱਖਾਂ ਖੋਲ੍ਹ ਲਈਆਂ। ਸੇਠਾਣੀ ਖੁਸ਼ੀ ਅਤੇ ਪ੍ਰੇਮ ਨਾਲ ਭਰਪੂਰ ਹੋ ਗਈ ਅਤੇ ਬੱਚੇ ਨੂੰ ਲੈ ਕੇ ਆਪਣੇ ਘਰ ਵਾਪਿਸ ਆ ਗਈ। ਬੱਚਾ ਉਸ ਦਿਨ ਤੋਂ ਹੌਲੀ-ਹੌਲੀ ਠੀਕ ਹੋਣ ਲੱਗ ਪਿਆ ਤੇ ਜਲਦੀ ਹੀ ਬਿਲਕੁਲ ਤੰਦਰੁਸਤ ਹੋ ਗਿਆ। ਸੇਠਾਣੀ ਗੁਰੂ ਜੀ ਦੀ ਪਰਮ ਭਗਤ ਬਣ ਗਈ। ਉਸਨੇ ਬਹੁਤ ਸਾਰਾ ਧਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਭੇਂਟ ਕਰਨਾ ਚਾਹਿਆ, ਪਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਇਹ ਧਨ ਸਵੀਕਾਰ ਨਾ ਕੀਤਾ। ਗੁਰੂ ਜੀ ਨੇ ਉਹ ਧਨ ਸੇਠਾਣੀ ਨੂੰ ਦੀਨ-ਦੁਖੀਆਂ ਦੀ ਸੇਵਾ ਲਈ ਖ਼ਰਚ ਕਰਨ ਦਾ ਆਦੇਸ਼ ਦਿੱਤਾ। ਉਸ ਤੋਂ ਬਾਅਦ ਸੇਠਾਣੀ ਨੇ ਗੁਰੂ ਜੀ ਅੱਗੇ ਬੇਨਤੀ ਕਰਕੇ ਗੁਰੂ ਜੀ ਦੇ ਸਤਿਸੰਗ ਭਵਨ ਵਿਚ ਇਕ ਲੰਗਰ ਹਾਲ ਬਣਵਾਇਆ, ਜਿਥੇ ਸਾਧੂ-ਸੰਤਾਂ ਅਤੇ ਸੰਗਤ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ।

* * *

# ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਕਬੀਰ ਮਹਾਰਾਜ ਜੀ ਦੀ ਗੋਸ਼ਟੀ

ਇੱਕ ਵਾਰ ਦੀ ਗੱਲ ਹੈ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਸ਼ੋਭਾ ਸੁਣ ਕੇ ਸਤਿਗੁਰੂ ਕਬੀਰ ਮਹਾਰਾਜ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਕੋਲ ਆਏ ਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਸਤਿਗੁਰੂ ਕਬੀਰ ਮਹਾਰਾਜ ਜੀ ਦਾ ਬਹੁਤ ਸਨਮਾਨ ਕੀਤਾ। ਸੁੰਦਰ ਆਸਣ ਦੇ ਕੇ ਆਦਰ ਨਾਲ ਬਿਠਾਇਆ ਅਤੇ ਜਲ ਪਾਨ ਨਾਲ ਸੰਤੁਸ਼ਟ ਕੀਤਾ। ਫਿਰ ਉਹਨਾਂ ਦੇ ਆਉਣ ਦਾ ਕਾਰਣ ਪੁੱਛਿਆ।

ਜਗਤਗੁਰੂ ਰਵਿਦਾਸ ਮਹਾਰਾਜ ਜੀ ਬੋਲੇ, "ਹੇ ਮਹਾਰਾਜ ਜੀ ਆਪਣੇ ਆਉਣ ਦਾ ਕਾਰਨ ਦੱਸੋ, ਮੈਂ ਆਪ ਜੀ ਦੀ ਸੇਵਾ ਕਰਾਂ।" ਸਤਿਗੁਰੂ ਕਬੀਰ ਜੀ ਬੋਲੇ, "ਹੇ ਮਹਾਰਾਜ ਜੀ ਆਪ ਜੀ ਦੀ ਕੀਰਤੀ ਸੁਣ ਕੇ ਅਸੀਂ ਆਪ ਜੀ ਦੇ ਕੋਲ ਆਏ ਹਾਂ। ਆਪ ਜੀ ਦੇ ਸ਼੍ਰੀ ਮੁਖ ਤੋਂ ਸਤਿਸੰਗ ਗਿਆਨ ਸੁਣਨ ਦੀ ਬਹੁਤ ਇੱਛਾ ਸੀ।" ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਸਤਿਗੁਰੂ ਕਬੀਰ ਮਹਾਰਾਜ ਜੀ ਦੇ ਵਚਨ ਸੁਣ ਕੇ ਪ੍ਰਸ਼ਨ ਕੀਤਾ, "ਹੇ ਮਹਾਰਾਜ ਜੀ ਆਪ ਸਾਨੂੰ ਇਹ ਦੱਸੋ ਕਿ ਮਨੁੱਖ ਰਾਤ ਦਿਨ ਵਿੱਚ ਕਿੰਨੇ ਸਵਾਸ ਲੈਂਦਾ ਹੈ।" ਸਤਿਗੁਰੂ ਰਵਿਦਾਸ ਜੀ ਬੋਲੇ, "ਮਨੁੱਖ ਦਿਨ ਰਾਤ ਵਿੱਚ ਇੱਕੀ ਹਜ਼ਾਰ ਛੇ ਸੌ ਸਵਾਸ ਲੈਂਦਾ ਹੈ।" ਸਤਿਗੁਰੂ ਕਬੀਰ ਜੀ ਮਹਾਰਾਜ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਉੱਤਰ ਸੁਣ ਕੇ ਬਹੁਤ ਖੁਸ਼ ਹੋਏ ਅਤੇ ਬੋਲੇ, "ਹੇ ਮਹਾਰਾਜ ਜੀ ਇਸ ਮਨੁੱਖ ਦੇਹ ਵਿੱਚ ਕਿੰਨੇ ਰੋਮ ਹਨ।" ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਉੱਤਰ ਦਿੱਤਾ, "ਇਸ ਸਰੀਰ ਵਿਚ ਸਾਢੇ ਤਿੰਨ ਕਰੋੜ ਰੋਮ ਹਨ।" ਸਤਿਗੁਰ ਕਬੀਰ ਮਹਾਰਾਜ ਜੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਉੱਤਰ ਸੁਣ ਕੇ ਬਹੁਤ ਖੁਸ਼ ਹੋਏ ਅਤੇ ਉਹਨਾਂ ਫਿਰ ਪ੍ਰਸ਼ਨ ਕੀਤਾ, "ਹੇ ਸੁਆਮੀ ਜੀ, ਕਿਰਪਾ ਕਰਕੇ ਇਹ ਦੱਸੋ ਕਿ ਜੀਵ ਕਿੱਥੋਂ ਆਇਆ ਹੈ ਅਤੇ ਕਿੱਥੇ ਜਾਣਾ ਹੈ।" ਸਤਿਗੁਰੂ ਰਵਿਦਾਸ ਮਹਾਰਾਜ ਜੀ ਬੋਲੇ, "ਇਹ ਜੀਵ ਅਗਮ ਤੋਂ ਆਇਆ ਹੈ, ਨਿਗਮ ਤੋਂ ਹੋ ਕੇ ਅਗਮ ਵਿੱਚ ਹੀ ਪਹੁੰਚ ਜਾਵੇਗਾ।" ਸਤਿਗੁਰ ਕਬੀਰ ਜੀ

ਮਹਾਰਾਜ ਆਪਣੇ ਪ੍ਰਸ਼ਨਾਂ ਦਾ ਠੀਕ ਉੱਤਰ ਪਾ ਕੇ ਸੰਤੁਸ਼ਟ ਹੋ ਗਏ ਅਤੇ ਸਤਿਸੰਗ ਚਰਚਾ ਵਿੱਚ ਮਗਨ ਹੋ ਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਲਗਾਤਾਰ ਪ੍ਰਸ਼ਨ ਕਰਦੇ ਜਾ ਰਹੇ ਸਨ। ਥੋੜੀ ਦੇਰ ਬਾਅਦ ਸਤਿਗੁਰੂ ਕਬੀਰ ਮਹਾਰਾਜ ਜੀ ਨੇ ਫਿਰ ਪ੍ਰਸ਼ਨ ਕੀਤਾ ਕਿ, "ਹੇ ਅੰਤਰਜਾਮੀ ਮਹਾਰਾਜ ਜੀ ਵਿਸ਼ੇ ਕਿਸ ਪ੍ਰਕਾਰ ਸ਼ਾਤ ਹੁੰਦੇ ਹਨ।" ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਉੱਤਰ ਦਿੱਤਾ, "ਹੇ ਮਹਾਰਾਜ ਜੀ ਜਦੋਂ ਜੀਵ ਪ੍ਰਮਾਤਮਾ ਦੇ ਨਾਮ ਵਿੱਚ ਲੀਨ ਹੋ ਜਾਂਦਾ ਹੈ, ਵਿਸ਼ੇ ਭਲੀ ਭਾਂਤ ਸ਼ਾਤ ਹੋ ਜਾਂਦੇ ਹਨ। ਉਸ ਸਮੇਂ ਪਰਮ ਅਨੰਦ ਵਿੱਚ ਮਗਨ ਹੋ ਜਾਈਦਾ ਹੈ।" ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਉੱਤਰ ਸੁਣ ਕੇ ਕਬੀਰ ਮਹਾਰਾਜ ਜੀ ਨੇ ਫਿਰ ਪ੍ਰਸ਼ਨ ਕੀਤਾ ਕਿ, " ਮੋਕਸ਼ ਕਿਸਨੂੰ ਕਹਿੰਦੇ ਹਨ।" ਸਤਿਗੁਰੂ ਰਵਿਦਾਸ ਮਹਾਰਾਜ ਜੀ ਉੱਤਰ ਦਿੰਦੇ ਹੋਏ ਬੋਲੇ, "ਇੱਛਾਵਾਂ, ਮਨੋਕਾਮਨਾਵਾਂ ਦੀ ਨਿਵਿਰਤੀ ਹੀ ਮੋਖਸ਼ ਹੈ, ਜਦ ਇਹ ਪ੍ਰਾਣੀ ਇੱਛਾਵਾਂ ਨੂੰ ਆਪਣੀ ਆਸਕਤਾ ਨੂੰ ਤਿਆਗ ਦਿੰਦਾ ਹੈ, ਉਸ ਸਮੇਂ ਇਹ ਮੋਖਸ਼ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਇੱਛਾਵਾਂ ਦੇ ਕਾਰਨ ਹੀ ਜੀਵ ਦੇਹ ਬੰਧਨ ਵਿੱਚ ਪੈਂਦਾ ਹ ਮੋਕਸ਼ ਪ੍ਰਾਪਤ ਹੋ ਜਾਣ ਤੇ ਇਹ ਜੀਵਨ ਜਨਮ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦਾ ਹੈ।" ਫਿਰ ਸਤਿਗੁਰੂ ਕਬੀਰ ਜੀ ਮਹਾਰਾਜ ਨੇ ਪ੍ਰਸ਼ਨ ਕੀਤਾ ਕਿ "ਸਰੀਰ ਅਤੇ ਆਤਮਾ ਦਾ ਮੁੱਖ ਸਥਾਨ ਰੂਪ ਕੀ ਹੈ।" ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਹੁਕਮ ਦਿੱਤਾ ਕਿ "ਸਰੀਰ ਵਿੱਚ ਭ੍ਰੂੰਕੁਟੀ ਮੱਧ ਅੰਦਰ ਆਤਮਾ ਨਿਵਾਸ ਕਰਦੀ ਹੈ ਅਤੇ ਜੋਤੀ ਰੂਪ ਹੈ। ਗੁਰੂ ਕਿਰਪਾ ਹੋ ਜਾਣ ਤੇ ਇਹ ਜੀਵਨ ਆਪਣੇ ਨਿੱਜ ਸਵਰੂਪ ਦੇ ਦਰਸ਼ਨ ਕਰਕੇ ਅਨੰਦਮਈ ਹੋ ਜਾਂਦਾ ਹੈ।"ਸਤਿਗੁਰੂ ਕਬੀਰ ਜੀ ਮਹਾਰਾਜ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਸਤਿਸੰਗ ਸੁਣ ਕੇ ਬਹੁਤ ਖੁਸ਼ ਹੋਏ ਅਤੇ ਬੋਲੇ, "ਸਤਿਗੁਰੂ ਰਵਿਦਾਸ ਮਹਾਰਾਜ ਜੀ ਆਪ ਤੱਤਵ ਗਿਆਨੀ ਹੋ। ਆਪ ਗਿਆਨ ਦੇ ਸਾਗਰ ਅਤੇ ਸਾਖਸ਼ਾਤ ਭਗਵਾਨ ਹੋ। ਆਪ ਜੀ ਦੀ ਸਦਾ ਹੀ ਜੈ ਹੋ।" ਇਹ ਕਹਿ ਕੇ ਮਹਾਰਾਜ ਕਬੀਰ ਜੀ ਚੱਲਣ ਲੱਗੇ ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੀ ਕੱਠਵਤ (ਕੁਠੋਤੀ) ਤੋਂ ਜਲ ਤੂੰਬੀ ਵਿੱਚ ਭਰ ਕੇ ਦਿੱਤਾ। ਫਿਰ ਕਿਹਾ "ਮਹਾਰਾਜ ਜੀ ਇਹ ਪ੍ਰਸ਼ਾਦ ਹੈ ਇਸਨੂੰ ਗ੍ਰਹਿਣ ਕਰੋ" ਤਾਂ ਸਤਿਗੁਰੂ ਕਬੀਰ ਜੀ ਪ੍ਰਣਾਮ ਕਰਕੇ ਤੂੰਬੀ ਲੈ ਕੇ ਚੱਲ ਪਏ।

* * *

# ਕੁਮਾਲੀ ਜੀ ਨੂੰ ਗਿਆਨ ਦੀ ਪ੍ਰਾਪਤੀ

ਸਤਿਗੁਰੂ ਕਬੀਰ ਮਹਾਰਾਜ ਜੀ ਨੂੰ ਜਦੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਜਿਹੜਾ ਅੰਮ੍ਰਿਤ ਜਲ ਦਿੱਤਾ ਸੀ, ਉਹਨਾਂ ਦੇ ਬਹੁਤ ਆਦਰ ਨਾਲ ਘਰ ਲਿਜਾ ਕੇ ਰੱਖ ਦਿੱਤਾ, ਪਰ ਥੋੜ੍ਹਾ ਜਿਹਾ ਅੰਮ੍ਰਿਤ ਤੂੰਬੀ ਵਿੱਚ ਰਹਿ ਗਿਆ ਸੀ। ਸਤਿਗੁਰੂ ਕਬੀਰ ਮਹਾਰਾਜ ਜੀ ਦੇ ਘਰ ਦੋ ਸੰਤਾਨ ਸੀ ਲੜਕੀ ਦਾ ਨਾਮ ਕੁਮਾਲੀ ਅਤੇ ਲੜਕੇ ਦਾ ਨਾਮ ਕੁਮਾਲ ਸੀ। ਕੁਮਾਲੀ ਭਗਵਾਨ ਦੀ ਭਗਤ ਸੀ। ਉਸ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਬਹੁਤ ਜੱਸ ਸੁਣਿਆ ਸੀ। ਕੁਮਾਲੀ ਨੇ ਜਦ ਵੇਖਿਆ ਕਿ ਪਿਤਾ ਜੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਸ਼ਨ ਕਰਕੇ ਆ ਰਹੇ ਹਨ,ਉਹਨਾਂ ਪਾਸੋਂ ਅੰਮ੍ਰਿਤ ਜਲ ਤੂੰਬੀ ਵਿੱਚ ਲੈ ਕੇ ਆਏ ਤਾਂ ਆਪਣੇ ਪਿਤਾ ਜੀ ਪਾਸੋਂ ਉਹ ਤੂੰਬੀ ਲੈ ਲਈ ਜੋ ਬਚਿਆ ਅੰਮ੍ਰਿਤ ਸੀ ਉਹ ਕੁਮਾਲੀ ਨੇ ਪੀ ਲਿਆ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਦਿੱਤੇ

ਹੋਏ ਅੰਮ੍ਰਿਤ ਜਲ ਨੂੰ ਪੀਂਦੇ ਹੀ ਕੁਮਾਲੀ ਨੂੰ ਤਿੰਨਾਂ ਲੋਕਾਂ ਦਾ ਗਿਆਨ ਹੋ ਗਿਆ। ਤਿੰਨਾਂ ਲੋਕਾਂ ਦਾ ਗਿਆਨ ਹੋ ਜਾਣ ਤੇ ਕੁਮਾਲੀ ਨੂੰ ਸਭ ਕੁਝ ਦਿਖਾਈ ਦੇਣ ਲੱਗਾ।

ਮੁਲਤਾਨ ਸ਼ਹਿਰ ਵਿੱਚ ਅੱਗ ਲੱਗੀ ਹੋਈ ਸੀ ਤਾਂ ਕੁਮਾਲੀ ਖੂਹ ਤੋਂ ਜਲ ਭਰ ਕੇ ਬਾਹਰ ਸੁੱਟਣ ਲੱਗੀ, ਤਾਂ ਜੋ ਲੱਗੀ ਹੋਈ ਅੱਗ ਬੁਝ ਜਾਵੇ। ਦੇਖਣ ਵਾਲੇ ਸਾਰੇ ਲੋਕ ਬੜੇ ਹੈਰਾਨ ਸੀ ਕਿ ਕੁਮਾਲੀ ਪਾਣੀ ਦੇ ਡੋਲ ਭਰ-ਭਰ ਕੇ ਕਿੱਥੇ ਸੁੱਟ ਰਹੀ ਹੈ। ਜਦ ਅੱਗ ਬੁਝ ਗਈ ਤਾਂ ਕੁਮਾਲੀ ਨੇ ਪਾਣੀ ਸੁੱਟਣਾ ਬੰਦ ਕਰ ਦਿੱਤਾ ਤਾਂ ਲੋਕਾਂ ਨੇ ਪੁਛਿਆ, ਪਤਾ ਨਹੀਂ ਲੱਗਾ ਕਿ ਜਿਹੜਾ ਕੁਮਾਲੀ ਨੇ ਪਾਣੀ ਸੁੱਟਿਆ ਉਹ ਕਿਥੇ ਗਿਆ। ਫਿਰ ਕੁਮਾਲੀ ਨੇ ਲੋਕਾਂ ਨੂੰ ਕਿਹਾ ਕਿ ਇਹ ਪਾਣੀ ਮੁਲਤਾਨ ਸ਼ਹਿਰ ਨੂੰ ਅੱਗ ਲੱਗੀ ਸੀ, ਉਥੇ ਗਿਆ ਹੈ, ਉਸ ਪਾਣੀ ਨਾਲ ਅੱਗ ਬੁਝਾਈ, ਲੋਕਾਂ ਨੇ ਮੁਲਤਾਨ ਸ਼ਹਿਰ ਵਿੱਚ ਜਾ ਕੇ ਪਤਾ ਕੀਤਾ ਤਾਂ ਸੱਚ ਹੀ ਇਹ ਗੱਲ ਹੋਈ। ਲੋਕ ਬੜੇ ਹੈਰਾਨ ਹੋਏ ਕਮਾਲੀ ਨੂੰ ਲੋਕ ਪੁੱਛਣ ਲੱਗੇ ਕਿ ਤੁਸੀਂ ਕਿਹਦੀ ਭਗਤੀ ਕੀਤੀ ਹੈਜਿਸ ਦੇ ਨਾਲ ਤੁਹਾਡੀ ਦਿੱਬ ਦ੍ਰਿਸ਼ਟੀ ਖੁੱਲ ਗਈ, ਗਿਆਨ ਹੋ ਗਿਆ ਕਿ ਪਤਾ ਲੱਗਾ ਕਿ ਮੁਲਤਾਨ ਸ਼ਹਿਰ ਵਿੱਚ ਅੱਗ ਲੱਗੀ ਹੋਈ ਹੈ। ਤਾਂ ਕੁਮਾਲੀ ਨੇ ਕਿਹਾ ਮੈਨੂੰ ਮੁਕਤੀ ਮਿਲੀ ਹੈ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਅੰਮ੍ਰਿਤ ਜਲ ਪੀਣ ਕਰਕੇ। ਮੇਰੇ ਪਿਤਾ ਜੀ ਤੂੰਬੀ ਵਿੱਚ ਲਿਆਏ ਸੀ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਅੰਮ੍ਰਿਤ ਜਲ ਅਤੇ ਉਹਨਾਂ ਦੀ ਭਗਤੀ ਦੀ ਪ੍ਰਸਿੱਧੀ ਚਾਰੇ ਪਾਸੇ ਫੈਲ ਗਈ।

* * *

# ਕੁਮਾਲੀ ਜੀ ਦਾ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਸ਼ਰਨ ਵਿੱਚ ਜਾਣਾ

ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਪਿਆਰੇ ਭਗਤੋ ਜਿਸ ਸਮੇਂ ਕੁਮਾਲੀ ਨੂੰ ਦਿਬ ਗਿਆਨ ਦੀ ਪ੍ਰਾਪਤੀ ਹੋ ਗਈ ਤਾਂ ਕੁਮਾਲੀ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਸ ਜਾ ਕੇ ਗੁਰੂ ਮੰਤਰ, ਗੁਰੂ ਦੀਖਸ਼ਾ ਲੈਣ ਦਾ ਨਿਸ਼ਚਾ ਕਰ ਲਿਆ। ਇਹ ਸੋਚ ਕੇ ਕੁਮਾਲੀ ਜੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਕੋਲ ਪਹੁੰਚ ਗਈ ਅਤੇ ਪਹੁੰਚ ਕੇ ਵਿਧੀ ਪੂਰਵਕ ਪ੍ਰਣਾਮ ਕੀਤਾ ਅਤੇ ਫੁੱਲਾਂ ਦੀ ਮਾਲਾ ਪਹਿਨਾ ਕੇ ਗੁਰੂ ਜੀ ਦੀ ਪੂਜਾ ਅਰਚਨਾ ਕੀਤੀ।

ਜਗਤਗੁਰੂ ਰਵਿਦਾਸ ਮਹਾਰਾਜ ਜੀ ਇਹ ਜਾਣਦੇ ਕਿ ਕੁਮਾਲੀ ਦੇਵੀ ਨੂੰ ਦਿਬ ਦ੍ਰਿਸ਼ਟੀ ਦੀ ਪ੍ਰਾਪਤੀ ਹੋ ਚੁੱਕੀ ਹੈ, ਇਸ ਕਰਕੇ ਇਹ ਸਾਡੇ ਕੋਲ ਆਈ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਸਾਰੀ ਗੱਲ ਜਾਣਦੇ ਹੋਏ ਵੀ ਪੁੱਛਣ ਲੱਗੇ, "ਕਿ ਕੁਮਾਲੀ ਪੁੱਤਰੀ ਆਪਣੇ ਆਉਣ ਦਾ ਕਾਰਣ ਦੱਸੋ, ਕਿਸ ਕਰਕੇ ਆਈ ਹੋ।" ਕੁਮਾਲੀ ਜੀ ਬੋਲੀ, "ਹੇ ਭਗਵਾਨ ਆਪ ਤਾਂ ਸਾਰਿਆਂ ਦੇ ਮੰਨ ਦੀ ਗੱਲ ਜਾਣਦੇ ਹੋ, ਆਪ ਜੀ ਦੀ ਸ਼ਰਨ ਵਿੱਚ ਆਈ ਹਾਂ, ਮੇਰਾ ਓਦਾਰ ਕਰੋ, ਕਿਰਪਾ ਕਰੋ ਮਹਾਰਾਜ ਜੀ।"

ਹੇ ਸੱਚੇ ਸਤਿਗੁਰੂ ਜੀ ਮੈਨੂੰ ਐਸਾ ਉਪਦੇਸ਼ ਕਰੋ, ਜਿਸ ਨਾਲ ਮੇਰਾ ਜੀਵਨ ਸਫਲ ਹੋ ਜਾਵੇ, ਤਾਂ ਸਤਿਗੁਰੂ ਰਵਿਦਾਸ ਜੀ ਉਚਾਰਨ ਕੀਤਾ, "ਹੇ ਪੁੱਤਰੀ ਜਿੰਨੀਆਂ ਵੀ ਰਿੱਧੀਆਂ-ਸਿੱਧੀਆਂ ਹਨ ਉਹ ਜੀਵ ਆਤਮਾ ਨੂੰ ਬੰਧਨ ਵਿੱਚ ਪਾਉਦੀਆਂ ਹਨ, ਦਿਬ ਦ੍ਰਿਸ਼ਟੀ ਦੀ ਸਿੱਧੀ ਪ੍ਰਾਪਤ ਹੋ ਜਾਣ ਨਾਲ ਕੋਈ ਮੋਕਸ਼ ਗਤੀ ਪ੍ਰਾਪਤ ਨਹੀਂ ਕਰ ਸਕਦਾ ਅਤੇ ਜੀਵ ਆਤਮਾ ਦੇ ਜੀਵਨ ਦਾ ਲਕਸ਼ ਜਨਮ ਮਰਨ ਤੋਂ ਮੁਕਤੀ ਪਾਉਣੀ ਹੈ।।ਹੇ

ਪੁੱਤਰੀ ਇਹ ਜੀਵ ਆਤਮਾ ਜਨਮ ਜਮਾਂਤਰਾਂ ਤੋਂ ਕਾਲ ਦੇ ਬੰਧਨ ਵਿੱਚ ਪਈ ਹੋਈ ਹੈ।ਜਨਮ ਮਰਨ ਦਾ ਦੁੱਖ ਭੋਗ ਰਹੀ ਹੈ। ਹੇ ਪੁੱਤਰੀ ਜਦ ਤੱਕ ਇਹ ਜੀਵ ਆਤਮਾ ਆਪਣੇ ਸ਼ੁੱਧ ਆਤਮ ਰੂਪ ਦੇ ਦਰਸ਼ਨ ਨਾ ਕਰ ਲਵੇ, ਤਦ ਤੱਕ ਇਹ ਦਿਵ ਦ੍ਰਿਸ਼ਟੀ ਸ਼ਾਂਤੀ ਨੂੰ ਪ੍ਰਾਪਤ ਨਹੀਂ ਕਰ ਸਕਦੀ।

ਹੇ ਪੁੱਤਰੀ ਕੁਮਾਲੀ, ਨਾਰੀ ਦੇਹ ਵਿੱਚ ਉਸ ਆਤਮਾ ਨੂੰ ਜਿੰਨਾ ਵਿਯੋਗ ਦਾ ਅਭਿਆਸ ਹੁੰਦਾ ਹੈ, ਓਨਾ ਪੁਰਸ਼ ਦੇਹ ਵਿੱਚ ਨਹੀਂ ਹੁੰਦਾ, ਪਰ ਜਦ ਤੱਕ ਆਪਣੇ ਸੱਚੇ ਪਤੀ ਪ੍ਰਮੇਸ਼ਵਰ ਨੂੰ ਪ੍ਰਾਪਤ ਨਾ ਕਰ ਲਵੇ, ਇਹ ਸੱਚੇ ਸੁੱਖ ਨੂੰ ਨਹੀਂ ਪਾ ਸਕਦੀ।

ਹੇ ਪੁੱਤਰੀ ਕੁਮਾਲੀ ਇਸ ਨਾਰੀ ਦੇਹ ਨੂੰ ਪਾ ਕੇ ਸੰਸਾਰਿਕ ਪਤੀ ਨੂੰ ਪ੍ਰਾਮਾਤਮਾ ਦੇ ਪ੍ਰਤੀ ਮੂਰਤੀਮਾਨ ਕਰ ਉਸ ਦੀ ਸੇਵਾ ਕਰਦੇ ਹੋਏ ਸੱਚੇ ਪਤੀ ਪ੍ਰਮਾਤਮਾ ਦਾ ਧਿਆਨ ਕਰਨਾ ਚਹੀਦਾ ਹੈ। ਤਾਂ ਹੀ ਇਸ ਨਾਰੀ ਸਰੀਰ ਤੋਂ ਮੁਕਤੀ ਹੋ ਕੇ ਮੋਕਸ਼ਗਤੀ ਪ੍ਰਾਪਤ ਕਰ ਸਕਦੀ ਹੈ।

ਹੇ ਪੁੱਤਰੀ, ਪਤੀ ਨੂੰ ਪ੍ਰਮੇਸ਼ਵਰ ਜਾਣ ਕੇ ਜਿਹੜੀ ਇਸਤਰੀ ਆਪਣੇ ਪਤੀ ਦੇ ਸਿਵਾ ਕਿਸੇ ਹੋਰ ਪੁਰਸ਼ ਦਾ ਧਿਆਨ ਨਾ ਕਰ ਕੇਵਲ ਪ੍ਰਮਾਤਮਾ ਦਾ ਹੀ ਧਿਆਨ ਕਰਦੀ ਹੈ, ਉਹ ਇਸਤਰੀ ਤਿੰਨਾਂ ਲੋਕਾਂ ਵਿੱਚ ਪੂਜੀ ਜਾਂਦੀ ਹੈ।

ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਇਸ ਤਰ੍ਹਾਂ ਕੁਮਾਲੀ ਨੂੰ ਸ਼ੁੱਧ ਗਿਆਨ ਸੁਣਾ ਕੇ ਉਸ ਦਾ ਅਗਿਆਨ ਦੂਰ ਕਰ ਦਿੱਤਾ। ਫਿਰ ਹਰਿ ਹਰਿ ਦੇ ਜਾਪ ਦਾ ਮੰਤਰ ਦੇ ਕੇ ਦਿਕਸ਼ਾ ਦਿੱਤੀ। ਕੁਮਾਲੀ ਦੇਵੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਅੰਮ੍ਰਿਤ ਵਚਨ ਸੁਣ ਕੇ ਤੇ ਗੁਰੂ ਮੰਤਰ ਪ੍ਰਾਪਤ ਕਰ ਕੇ ਧੰਨ ਹੋ ਗਈ, ਜਿਸਦੇ ਪ੍ਰਤਾਪ ਨਾਲ ਉਹ ਜੀਵਨ ਦਾ ਸੁੱਖ ਭੋਗ ਕੇ ਮੋਕਸ਼ਗਤੀ ਨੂੰ ਪ੍ਰਾਪਤ ਹੋ ਗਈ।

**ਸੰਤ ਰਵਿਦਾਸ ਮਿਲੇ ਗੁਰ ਪੂਰੇ ਮਨ ਕੀ ਘੁੰਡੀ ਖੋਲੇ।**
**ਕਹਿ ਕਮਾਲੀ ਸੁਣ ਰੇ ਮੀਰਾਂ ਗੁਰ ਅੰਮ੍ਰਿਤਬਾਣੀ ਬੋਲੇ॥**

**(ਸੰਤ ਕੁਮਾਲੀ ਜੀ)**

* * *

# ਜਗਤਗੁਰੂ ਰਵਿਦਾਸ ਕੁੰਡ ਜੂਨਾਗੜ੍ਹ (ਗੁਜਰਾਤ) ਦੀ ਇਤਿਹਾਸਕ ਮਹਾਨਤਾ

ਗੁਜਰਾਤ ਰਾਜ ਦੇ ਜ਼ਿਲ੍ਹਾ ਜੂਨਾਗੜ੍ਹ ਤਹਿਸੀਲ ਵਿਸ਼ਾਦਪੁਰ ਦੇ ਇੱਕ ਪਿੰਡ ਸਰਸਈ ਜਿਸ ਨੂੰ ਜਗਤਗੁਰੂ ਰਵਿਦਾਸ ਜੀ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਹੈ। ਇਸ ਪਾਵਨ ਧਰਤੀ ਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ 4-5 ਸਾਲ ਬਤੀਤ ਕੀਤੇ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਸੱਚ ਦਾ ਉਪਦੇਸ਼ ਬਖਸ਼ਿਸ਼ ਕੀਤਾ। ਇਸ ਪਾਵਨ ਅਸਥਾਨ ਉੱਪਰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਆਉਣ ਬਾਰੇ ਬਹੁਤ ਸਾਰੇ ਲੇਖਕਾਂ ਨੇ ਆਪਣੀਆਂ ਪੁਸਤਕਾਂ ਵਿੱਚ ਜ਼ਿਕਰ ਕੀਤਾ ਹੈ।

ਸੰਤ ਭਾਣ ਦਾਸ ਜੀ ਨੇ ਦੱਸਿਆ ਕਿ ਸ਼੍ਰੀ ਗੁਰੂ ਰਵਿਦਾਸ ਆਸ਼ਰਮ ਗੰਗਾ ਕੁੰਡ ਜੋ ਕਿ ਪਿੰਡ ਸਰਸਈ ਤਹਿਸੀਲ ਵਿਸਾਦਪੁਰ ਜ਼ਿਲ੍ਹਾ ਜੂਨਾਗੜ੍ਹ ਵਿੱਚ ਸਥਿਤ ਹੈ। ਇਹ ਕੁੰਡ ਜੰਗਲ ਤੋਂ ਕਰੀਬ 5 ਕਿਲੋਮੀਟਰ ਨੇੜੇ ਹੈ। ਕਰੀਬ 2500 ਮੀਲ ਦੇ ਏਰੀਏ ਵਿੱਚ ਘਣਾ

ਜੰਗਲ ਹੈ ਜਿਸ ਵਿੱਚ ਬਹੁਤ ਖੂੰਖਾਰ ਜਾਨਵਰ ਰਹਿੰਦੇ ਹਨ। ਜੰਗਲੀ ਏਰੀਏ ਦੇ ਇਸ ਪਿੰਡ ਵਿੱਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ 4-5 ਸਾਲ ਬਤੀਤ ਕੀਤੇ ਅਤੇ ਇਹ ਅੰਮ੍ਰਿਤ ਕੁੰਡ ਸਥਾਪਿਤ ਕੀਤਾ। ਅਨੇਕਾਂ ਵਾਰ ਜੰਗਲ ਦੇ ਸ਼ੇਰ ਵੀ ਇਸ ਕੁੰਡ ਵਿੱਚੋਂ ਜਲ ਪੀ ਜਾਂਦੇ ਹਨ। ਇਸ ਮੁਕੱਦਸ ਸਥਾਨ ਤੇ ਇਕ 600 ਸਾਲ ਪੁਰਾਣਾ ਦਰਖਤ ਹੈ ਜੋ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੇ ਕਰ ਕਮਲਾਂ ਨਾਲ ਲਗਾਇਆ ਹੈ। ਗੌਂਡਲਾ ਦੇ ਮਹਾਰਾਜਾ ਭਗਵਤ ਜੀ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਤੋਂ ਪ੍ਰਭਾਵਿਤ ਹੋ ਕੇ ਇਹ ਕੁੰਡ ਬਣਾਇਆ ਸੀ।

ਸਮੇਂ-ਸਮੇਂ ਦੇ ਬ੍ਰਾਹਮਣਵਾਦੀ ਸੋਚ ਦੇ ਧਾਰਨੀ ਲੋਕਾਂ ਨੇ ਇਸ ਕੁੰਡ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਸੀ। ਇਸ ਇਲਾਕੇ ਵਿੱਚ ਜਾਤ-ਪਾਤ ਦਾ ਅੱਜ ਵੀ ਬਹੁਤ ਬੋਲਬਾਲਾ ਹੈ। ਮਹੰਤ ਭਾਣ ਦਾਸ ਜੀ ਨੇ ਦੱਸਿਆ ਕਿ ਉਹ ਇਸ ਸਥਾਨ ਤੇ ਕਰੀਬ 40 ਸਾਲ ਸੇਵਾ ਨਿਭਾਅ ਰਹੇ ਹਨ। ਇਸ ਆਸ਼ਰਮ ਦੀ ਮੁੱਢਲੀ ਉਸਾਰੀ ਮੇਰੇ ਗੁਰੂ ਸ਼੍ਰੀ 108 ਸੰਤ ਨਾਜਾ ਰਾਮ ਜੀ ਨੇ ਕਰਵਾਈ ਸੀ ਜੋ ਗ੍ਰਹਿਸਥੀ ਸੰਤ ਸਨ ਅਤੇ ਇਸ ਆਸ਼ਰਮ ਦੀ ਉਸਾਰੀ ਕਰਕੇ ਆਪਣੇ ਜੱਦੀ ਪਿੰਡ ਕੇਸਵਾਲਾ, ਤਹਿਸੀਲ ਗੰਢਲ, ਜ਼ਿਲ੍ਹਾਂ ਰਾਜਕੋਟ, ਗੁਜਰਾਤ ਚਲੇ ਗਏ ਸਨ। ਉਥੇ ਹੀ ਸੰਸਾਰਕ ਯਾਤਰਾ ਸੰਪੂਰਨ ਕੀਤੀ। ਸੰਤ ਜੀ ਬਹੁਤ ਮਿਸ਼ਨਰੀ ਅਤੇ ਤਪੱਸਵੀ ਸੰਤ ਸਨ।

ਇਸ ਪਾਵਨ ਅਸਥਾਨ ਤੇ ਸਾਲ ਦੇ ਵੱਡੇ ਸਮਾਗਮ ਹੁੰਦੇ ਹਨ ਅਤੇ ਭਾਰੀ ਦੀਵਾਨ ਸਜਦੇ ਹਨ। ਪਹਿਲਾ ਸਮਾਗਮ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਤੇ ਮਨਾਉਂਦੇ ਹਨ। ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਜਾਂਦਾ ਹੈ। ਸੰਗਤਾਂ ਆਪਣੇ ਧਾਰਮਿਕ ਗ੍ਰੰਥ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸਰੂਪ ਅੱਗੇ ਅਰਦਾਸਾਂ ਬੇਨਤੀਆਂ ਕਰਕੇ ਹੱਥਾਂ ਵਿੱਚ ਹਰਿ ਦੇ ਨਿਸ਼ਾਨ ਸਾਹਿਬ ਫੜ੍ਹ ਕੇ ਚੱਲਦੀਆਂ ਹਨ। ਇਹ ਸ਼ੋਭਾ ਯਾਤਰਾ ਪੰਜ ਕਿਲੋਮੀਟਰ ਦੇ ਏਰੀਏ ਵਿੱਚ ਪ੍ਰਕਰਮਾ ਕਰਦੀ ਹੈ।

ਜਿਨ੍ਹਾਂ ਵਿੱਚ ਅਹਿਮਦਾਬਾਦ, ਬੜੌਦਾ, ਸੂਰਤ, ਮੈਸਾਣਾ, ਗਾਂਧੀ ਨਗਰ, ਭਾਵਨਗਰ, ਅੰਬਰੇਲੀ, ਜੂਨਾਗੜ੍ਹ, ਗਿਰਸੋਮਨਾਥ, ਰਾਜਕੋਟ, ਗੁਰਿੰਦਰਨਗਰ, ਜਾਮ ਨਗਰ, ਕੱਛ ਭੁੱਜ ਅਤੇ ਭਾਰਤ ਦੇ ਇਲਾਕੇ ਇਲਾਕੇ ਦੀਆਂ ਸੰਗਤਾਂ ਆਪੋ ਆਪਣੇ ਸਾਧਨਾਂ ਰਾਹੀ ਭਜਨ ਮੰਡਲੀਆਂ ਲੈ ਕੇ ਪੁਜਦੀਆਂ ਹਨ। ਇਹ ਸ਼ੋਭਾ ਯਾਤਰਾ ਸਵੇਰ ਤੋਂ ਸ਼ਾਮ ਪੰਜ ਵਜੇ ਤੱਕ ਚਲਦੀ ਹੈ। ਕੀਰਤਨ ਸ਼ਬਦ ਅੰਮ੍ਰਿਤਬਾਣੀ ਪੜ੍ਹੀ ਜਾਂਦੀ ਹੈ।

ਦੂਸਰਾ ਸਮਾਗਮ ਸਾਵਨ ਮਹੀਨੇ ਦੀ ਸਮਾਪਤੀ ਤੇ 24 ਭਾਦੋਂ ਨੂੰ ਮਨਾਉਂਦੇ ਹਾ।ਇਸ ਅਸਥਾਨ ਤੇ ਸਾਵਨ ਮਹੀਨਾ ਖ਼ਤਮ ਹੋਣ ਤੋਂ ਇਕ ਦਿਨ ਪਹਿਲਾਂ ਗੰਗਾ ਪ੍ਰਗਟ ਹੁੰਦੀ ਹੈ। ਇਨ੍ਹਾਂ ਸਮਾਗਮਾਂ ਵਿੱਚ ਇਲਾਕੇ ਦੀਆਂ ਸੰਗਤਾਂ, ਸੰਤ-ਮਹਾਂਪੁਰਸ਼, ਭਜਨ ਮੰਡਲੀਆਂ ਸ਼ਿਰਕਤ ਕਰਦੀਆਂ ਹਨ।

ਇਥੇ ਹੀ ਰਾਜਾ ਸਿਕੰਦਰ ਲੋਧੀ ਦੇ ਦੋ ਮੌਲਵੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਏ ਸਨ। ਜਿਨ੍ਹਾਂ ਦੇ ਨਾਮ ਹਜ਼ਰਤ ਨਵਰੰਗ ਸ਼ਾਹ ਅਤੇ ਹਜ਼ਰਤ ਅਵਰੰਗ ਸ਼ਾਹ ਸੀ। ਉਹਨਾਂ ਦੀਆਂ ਕਬਰਾਂ ਵੀ ਆਸ਼ਰਮ ਦੇ ਨਜ਼ਦੀਕ ਹੀ ਹਨ। ਮੁਸਲਮਾਨ (ਪਠਾਨ) ਲੋਕ ਅੱਜ ਵੀ ਅਸਥਾਨ ਦੀ ਪੂਜਾ ਕਰਦੇ ਹਨ। ਗੁਰੂ ਜੀ ਦੇ ਕੁੰਡ ਤੋਂ ਜਲ ਲੈ ਕੇ ਪ੍ਰਸ਼ਾਦ ਤਿਆਰ ਕਰਦੇ ਹਨ। ਇੱਥੇ ਵਰਣਨ ਯੋਗ ਹੈ ਕਿ **ਰਾਜਾ ਸਿਕੰਦਰ ਲੋਧੀ ਦੀ ਸਵੈ-ਜੀਵਨੀ**

ਪੁਸਤਕ ਵਿੱਚ 9 ਅਪ੍ਰੈਲ 1509 ਵਿੱਚ ਰਾਜਾ ਸਿਕੰਦਰ ਲੋਧੀ ਜੀ ਗੁਰੂ ਜੀ ਪਾਸ ਆਏ ਸਨ।

ਸੋਮਨਾਥ ਦਾ ਮੰਦਰ ਵੀ ਇਥੋਂ 60-70 ਕਿਲੋਮੀਟਰ ਦੀ ਦੂਰੀ ਤੇ ਹੈ। ਪਿੰਡ ਅਜੋਠਾ ਸਰਸਈ ਤੋਂ 10 ਕਿਲੋਮੀਟਰ ਦੂਰੀ ਤੇ ਹੈ ਅਤੇ ਉਥੇ ਮਾਧਵ ਰਾਓ ਠਾਕਰ (ਭਗਵਾਨ) ਸੀ। ਅਜੋਠਾ ਨਗਰ ਦੇ ਬ੍ਰਾਹਮਣ ਅਛੂਤਾਂ ਨੂੰ ਪ੍ਰਮਾਤਮਾ ਦਾ ਨਾਮ ਜਪਣ ਨਹੀਂ ਸਨ ਦਿੰਦੇ ਅਤੇ ਉਹਨਾਂ ਨੂੰ ਮੰਦਿਰਾਂ ਵਿੱਚ ਜਾਣ ਦੀ ਮਨਾਹੀ ਸੀ। ਜਦ ਪਰਾਚੀ ਪਿੰਡ ਦੇ ਵਾਸੀਆਂ ਨੂੰ ਅਜੋਠਾ ਦੇ ਮੰਦਰ ਵਿੱਚ ਬ੍ਰਾਹਮਣ ਨੇ ਪ੍ਰਵੇਸ਼ ਦੀ ਮਨਾਹੀ ਕੀਤੀ ਤਾਂ ਪਰਾਚੀ ਵਾਸੀਆਂ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਪਾਸ ਬੇਨਤੀ ਕੀਤੀ।

ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਅਜਿਹਾ ਕੌਤਕ ਵਰਤਾਇਆ ਕਿ ਅਜੋਠਾਂ ਦੇ ਮੰਦਰ ਦੀਆਂ ਮੂਰਤੀਆਂ ਚੱਲ ਕੇ ਪਰਾਚੀ ਪਿੰਡ ਗੁਰੂ ਰਵਿਦਾਸ ਜੀ ਮਹਾਰਾਜ ਕੋਲ ਆ ਗਈਆਂ। ਮਾਧੋ ਰਾਓ ਭਗਵਾਨ ਦੀ ਮੂਰਤੀ ਅੱਜ ਤੱਕ ਉਥੇ ਮੌਜੂਦ ਹੈ। ਇਕ ਦਰੱਖਤ ਇਸੇ ਮੰਦਰ ਦੇ ਪਾਸ ਨਦੀ ਕਿਨਾਰੇ ਹੈ ਜੋ ਗੁਰੂ ਜੀ ਦੇ ਕਰ ਕਮਲਾਂ ਨਾਲ ਲਗਾਇਆ ਗਿਆ। ਨਜ਼ਦੀਕ ਇੱਕ ਪਿੱਪਲ ਦਾ ਦਰਖਤ ਵੀ ਹੈ। ਇਸ ਅਸਥਾਨ ਤੇ ਸੰਤ ਗੋਰਖ ਨਾਥ ਜੀ, ਸਤਿਗੁਰੂ ਕਬੀਰ ਜੀ, ਸੰਤ ਮੀਰਾਂ ਬਾਈ ਜੀ ਨੇ ਵੀ ਮਹਾਰਾਜ ਜੀ ਦੀ ਸੰਗਤ ਕੀਤੀ।

ਜੂਨਾਗੜ੍ਹ ਜ਼ਿਲ੍ਹੇ ਵਿੱਚ ਨਾਗਰ ਨਰਸੀ ਮਹਿਤਾ ਪੰਡਿਤ ਸੀ ਜੋ ਜਨਮ ਤੋਂ ਗੂੰਗਾ ਅਤੇ ਬੋਲਾ ਸੀ। ਉਸ ਦੇ ਮਾਤਾ ਪਿਤਾ ਕਈ ਵੈਦਾਂ ਪਾਸ ਲੈ ਕੇ ਗਏ ਪਰ ਕਿਧਰੇ ਵੀ ਠੀਕ ਨਾ ਹੋਇਆ। ਆਖਿਰ ਕਿਸੇ ਦੇ ਕਹਿਣ ਤੇ ਉਸ ਦੇ ਦਾਦੀ ਬਾਬਾ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ। ਜਿਵੇਂ ਹੀ ਗੁਰੂ ਜੀ ਨੇ ਨਰਸੀ ਮਹਿੰਤਾ ਦੇ ਸਿਰ ਤੇ ਹੱਥ ਰੱਖਿਆ ਪੰਡਿਤ ਨਰਸੀ ਮਹਿਤਾ ਸਤਿਗੁਰੂ ਜੀ ਦੀ ਕਿਰਪਾ ਨਾਲ ਬੋਲਣ ਤੇ ਸੁਣਨ ਲੱਗ ਪਿਆ।

ਇਕ ਹੋਰ ਗਾਥਾ ਅਨੁਸਾਰ ਇਸ ਇਲਾਕੇ ਵਿੱਚ ਕਣਕਈ ਨਗਰੀ ਵਿੱਚ ਕਣਕਚਾਵੜਾ ਨਾਮ ਦਾ ਰਾਜਾ ਸੀ ਜੋ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਸ਼ਰਨ ਵਿਚ ਆਉਂਦਾ ਸੀ।

* * *

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਪੰਜਾਬ ਯਾਤਰਾ ਅਤੇ ਇਤਿਹਾਸਕ ਅਸਥਾਨ ਖਰਾਸ (ਆਟਾ ਪੀਸਣ ਵਾਲੀ ਚੱਕੀ) ਅਤੇ (ਅੰਮ੍ਰਿਤ ਗੰਗਾ ਖੁਰਾਲਗੜ ਸਾਹਿਬ)

ਜਗਤਗੁਰੂ ਰਵਿਦਾਸ ਮਹਾਰਾਜ ਜੀ ਆਪਣੀ ਬਿਰਧ ਅਵਸਥਾ ਵਿੱਚ 1515 ਈਸਵੀ ਵਿੱਚ ਅਣਵੰਡੇ ਪੰਜਾਬ ਦੀ ਧਰਤੀ ਉੱਪਰ ਵਿਸ਼ਵ ਦੇ ਕਲਿਆਣ ਹਿੱਤ ਆਰੰਭੀ ਹੋਈ ਯਾਤਰਾ ਦੌਰਾਨ ਪਹੁੰਚੇ ਸਨ। ਆਪ ਜੀ ਲੁਧਿਆਣੇ ਤੋਂ ਫਗਵਾੜੇ ਹੁੰਦੇ ਹੋਏ ਜਿਲ੍ਹਾ ਹੁਸ਼ਿਆਰਪੁਰ ਤਹਿਸੀਲ ਗੜ੍ਹਸ਼ੰਕਰ ਦੇ ਇੱਕ ਛੋਟੇ ਜਿਹੇ ਪਹਾੜੀ ਇਲਾਕੇ ਦੇ ਪਿੰਡ ਖੁਰਾਲੀ ਵਿਖੇ ਪਹੁੰਚੇ ਆਪ ਜੀ ਥੋੜ੍ਹਾ ਜਿਹਾ ਸਮਾਂ ਜੀ.ਟੀ.ਰੋੜ ਫਗਵਾੜਾ ਠਹਿਰੇ ਜਿਥੇ ਵੇਖਣਯੋਗ ਸਥਾਨ ਸ਼੍ਰੀ ਗੁਰੂ ਰਵਿਦਾਸ ਮੰਦਰ ਨਜ਼ਦੀਕ ਚੱਕ ਹਕੀਮ ਬਣਿਆ ਹੋਇਆ

ਹੈ। ਇੱਥੇ ਹਰ ਸਾਲ ਹਾੜ੍ਹ ਦੀ ਸੰਗਰਾਂਦ ਨੂੰ ਧਾਰਮਿਕ ਸਮਾਗਮ ਵੀ ਹੁੰਦੇ ਹਨ।

ਪਿੰਡ ਖੁਰਾਲੀ ਜੋ ਖੁਰਾਲਗੜ੍ਹ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਪਿੰਡ ਰਾਜਾ ਬੈਨ ਸਿੰਘ ਦੀ ਰਿਆਸਤ ਦਾ ਇੱਕ ਪਿੰਡ ਸੀ ਰਾਜਾ ਬੈਨ ਸਿੰਘ ਸੰਤ ਮੀਰਾਂ ਬਾਈ ਜੀ ਦਾ ਰਿਸ਼ਤੇ ਵਿੱਚ ਮਾਸੜ ਲੱਗਦਾ ਸੀ ਰਾਜਾ ਬੈਨ ਸਿੰਘ ਬਹੁਤ ਹੀ ਕਠੋਰ ਸੁਭਾਅ ਦਾ ਬਹੁਤ ਹੀ ਨਿਰਦਈ ਰਾਜਾ ਸੀ ਅਤੇ ਆਪਣੇ ਬ੍ਰਾਹਮਣਵਾਦੀ ਹੁਕਮਾਂ ਨੂੰ ਸਖ਼ਤੀ ਨਾਲ ਲੋਕਾਂ ਤੇ ਲਾਗੂ ਕਰਦਾ ਸੀ। ਇਲਾਕੇ ਦੀਆ ਸੰਗਤਾਂ ਖਾਸ ਕਰਕੇ ਦੱਬਿਆ ਹੋਇਆ ਸ਼ੂਦਰ ਵਰਗ ਉਸਦੇ ਇਹਨਾਂ ਨਾਦਰਸ਼ਾਹੀ ਹੁਕਮਾਂ ਤੋਂ ਬਹੁਤ ਪਰੇਸ਼ਾਨ ਤੇ ਦੁਖੀ ਸੀ। ਕੋਈ ਵੀ ਧਾਰਮਿਕ ਆਗੂ ਜਾਂ ਸੰਤ ਮਹਾਂਪੁਰਸ਼ ਉਸਦੀ ਰਿਆਸਤ ਵਿੱਚ ਨਹੀਂ ਸੀ ਜਾਂਦਾ ਕਿਉਂਕਿ ਉਹ ਬਹੁਤ ਤਸੀਹੇ ਦਿੰਦਾ ਸੀ। ਇਸ ਗੱਲ ਦੀ ਜਾਣਕਾਰੀ ਸ਼ਾਇਦ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਪਤਾ ਸੀ। ਉਹ ਪਿੰਡ ਖੁਰਾਲੀ ਵਿਖੇ ਗਏ।ਇਸ ਇਲਾਕੇ ਵਿੱਚ ਸਤਿਸੰਗ ਰਾਹੀਂ ਲੋਕਾਂ ਨੂੰ ਉਪਦੇਸ਼ ਬਖਸ਼ਿਸ ਕੀਤੇ। ਭਾਰੀ ਗਿਣਤੀ ਵਿੱਚ ਸੰਗਤਾਂ ਆਉਂਣ ਲੱਗ ਪਈਆਂ। ਮਹਾਰਾਜ ਜੀ ਨੇ ਇਸ ਨਗਰ ਵਿੱਚ ਉਸ ਸਮੇਂ ਦੇ ਬਜ਼ੁਰਗ ਬਾਬਾ ਧੰਨਾ ਜੀ ਅਤੇ ਬਾਬਾ ਦੇਵਿਆ ਜੀ ਦੇ ਘਰਾਂ ਨੂੰ ਆਪਣੇ ਮੁਬਾਰਕ ਚਰਨਾਂ ਨਾਲ ਪਵਿੱਤਰ ਕੀਤਾ। ਜਗਤਗੁਰੂ ਰਵਿਦਾਸ ਮਹਾਰਾਜ ਜੀ ਇਸ ਨਗਰ ਵਿੱਚ ਚਾਰ ਸਾਲ ਤੋਂ ਵੱਧ ਸਮਾਂ ਰਹੇ।

ਸਤਿਗੁਰੂ ਜੀ ਦੇ ਸੰਤ ਮਤ ਦੇ ਵਧਦੇ ਹੋਏ ਪ੍ਰਭਾਵ ਨੂੰ ਦੇਖਦੇ ਹੋਏ ਸਮੇਂ ਦੇ ਬ੍ਰਾਹਮਣਵਾਦੀ ਲੋਕਾਂ ਕੋਲ ਇਹ ਨਾ ਸਹਾਰ ਹੋਇਆ ਉਹਨਾਂ ਨੇ ਮਹਾਰਾਜ ਜੀ ਦੀ ਸ਼ਿਕਾਇਤ ਮਹਾਰਾਜਾ ਬੈਨ ਸਿੰਘ ਪਾਸ ਕਰ ਦਿੱਤੀ। ਰਾਜਾ ਬੈਨ ਸਿੰਘ ਭੜਕ ਉੱਠਿਆ ਅਤੇ ਤੁਰੰਤ ਸਤਿਗੁਰੂ ਜੀ ਨੂੰ ਪਕੜ ਕੇ ਜੇਲ੍ਹ ਵਿੱਚ ਬੰਦ ਕਰਨ ਦੇ ਸ਼ਾਹੀ ਫ਼ਰਮਾਨ ਸੁਣਾ ਦਿੱਤੇ। ਰਾਜੇ ਦੇ ਸਿਪਾਹੀ ਨੇ ਬਾਬਾ ਦੇਵਿਆਂ ਜੀ ਜੋ ਉਸ ਸਮੇਂ ਚੌਕੀਦਾਰ ਸਨ ਦੇ ਕੱਚੇ ਘਰ ਵਿੱਚੋਂ ਸਤਿਗੁਰੂ ਜੀ ਨੂੰ ਗ੍ਰਿਫਤਾਰ ਕਰ ਲਿਆ। ਸਾਰੀ ਬਸਤੀ ਸ਼ੂਦਰ ਕਹਾਉਣ ਵਾਲੇ ਲੋਕਾਂ ਦੀ ਸੀ ਅਤੇ ਮਕਾਨ ਕੱਚੇ ਹੀ ਸਨ। ਸੰਗਤਾਂ ਦੇ ਤਰਲੇ ਕਰਨ ਤੇ ਵੀ ਰਾਜੇ ਦੇ ਸਿਪਾਹੀ ਨਾ ਰੁਕੇ ਅਤੇ ਸਤਿਗੁਰੂ ਜੀ ਨੂੰ ਗ੍ਰਿਫਤਾਰ ਕਰ ਕੇ ਲੈ ਗਏ। ਲਿਜਾ ਕੇ ਰਾਜੇ ਦੀ ਕਚਿਹਰੀ ਵਿੱਚ ਪੇਸ਼ ਕੀਤਾ। ਰਾਜੇ ਨੇ ਗੁੱਸੇ ਵਿੱਚ ਆਖਿਆ ਇਹ ਹੈ ਉਹ ਸੰਤ ਜੋ ਸ਼ੂਦਰਾਂ ਨੂੰ ਨਾਮ ਜਪਣ ਦਾ ਉਪਦੇਸ਼ ਦੇ ਰਿਹਾ ਹੈ। ਇਸਦੀ ਏਨੀ ਜੁੱਰਅਤ ਕਿਵੇਂ? ਇਸਨੇ ਰਾਜਾ ਬੈਨ ਸਿੰਘ ਦੀ ਰਿਆਸਤ ਵਿੱਚ ਪੈਰ ਪਾਉਣ ਅਤੇ ਧਰਮ ਪ੍ਰਚਾਰ ਕਰਨ ਦਾ ਹੌਂਸਲਾ ਕਿਵੇਂ ਕੀਤਾ? ਸਾਡੇ ਧਾਰਮਿਕ ਗ੍ਰੰਥਾਂ ਦੀ ਤੌਹੀਨ ਕਰ ਰਿਹਾ ਹੈ।

**ਢੋਰ ਗਵਾਰ ਸ਼ੁਦਰ ਪਸ਼ੂ ਨਾਰੀ,**
**ਯੇ ਸਭ ਤਾੜਨ ਕੇ ਅਧਿਕਾਰੀ।**

ਸਲੋਕ ਦੀ ਸੰਹਿਤਾਂ ਅਨੁਸਾਰ ਇਸਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਇਸਨੂੰ ਜੇਲ੍ਹ ਵਿੱਚ ਸਰਕਾਰੀ ਖਰਾਸ ਚਲਾਉਣ ਦੇ ਹੁਕਮ ਦਿੱਤੇ ਜਾਂਦੇ ਹਨ। ਸਿਪਾਹੀਆਂ ਨੇ ਸਤਿ ਬਚਨ ਕਹਿ ਕੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਤਿਗੁਰੂ ਜੀ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ। ਇੱਕ ਬਹੁਤ ਵੱਡੇ ਖਰਾਸ ਵਾਲੀ ਚੱਕੀ ਹੱਥ ਨਾਲ ਚਲਾਉਣ ਲਈ ਦੇ ਦਿੱਤੀ। ਜੇਲ੍ਹ ਦੇ ਅਧਿਕਾਰੀ ਹੈਰਾਨ ਰਹਿ ਗਏ ਕਿ ਸਤਿਗੁਰ ਜੀ ਦੀ ਕ੍ਰਿਪਾ ਨਾਲ ਇਹ ਖਰਾਸ ਆਪ ਹੀ ਚਲਣ ਲੱਗ ਪਏ ਅਤੇ ਜੇਲ੍ਹ ਵਿੱਚ ਜੰਦਰੇ ਲੱਗਣ ਦੇ ਬਾਵਜੂਦ ਵੀ ਮਹਾਰਾਜ ਜੀ ਜੇਲ੍ਹ ਤੋਂ ਬਾਹਰ ਆਉਂਦੇ ਜਾਂਦੇ ਦਿਸਣ ਲੱਗੇ। ਜੇਲ੍ਹ ਅਧਿਕਾਰੀਆਂ ਨੇ ਇਸਦੀ ਸੂਚਨਾ ਰਾਜਾ ਬੈਨ ਸਿੰਘ ਨੂੰ ਦਿੱਤੀ। ਉਹ ਮੌਕੇ ਤੇ ਆ ਕੇ ਹੈਰਾਨ ਹੋ ਗਿਆ। ਰਾਜੇ ਦਾ ਹੰਕਾਰ ਟੁੱਟ ਗਿਆ

ਅਤੇ ਉਹ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਝੁਕ ਗਿਆਅਤੇ ਕਹਿਣ ਲੱਗਾ ਕਿ ਮਹਾਰਾਜ ਜੀ ਆਪ ਜੀ ਮਹਾਨ ਹੋ ਮੈਨੂੰ ਬਖ਼ਸ਼ ਦਿਓ। ਮੇਰੇ ਪਾਪ ਮੁਆਫ ਕਰ ਦਿਓ। ਮੈਂ ਗੁਨਾਹਗਾਰ ਹਾਂ ਅੱਗੇ ਤੋਂ ਕਿਸੇ ਵੀ ਸੰਤ ਮਹਾਂਪੁਰਸ਼ ਨੂੰ ਤੰਗ ਨਹੀਂ ਕਰਾਂਗਾ ਅਤੇ ਕਿਸੇ ਗਰੀਬ ਤੇ ਜੁਲਮ ਨਹੀਂ ਕਰਾਂਗਾ। ਰਾਜਾ ਬੈਨ ਜਗਤਗੁਰੂ ਰਵਿਦਾਸ ਮਹਾਰਾਜ ਜੀ ਤੋਂ ਨਾਮ ਦੀ ਦਾਤ ਲੈ ਕੇ ਸੇਵਕ ਬਣ ਗਿਆ।

ਫਿਰ ਰਾਜੇ ਨੇ ਅਤੇ ਇਲਾਕੇ ਦੀਆਂ ਸੰਗਤਾਂ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ ਇਲਾਕੇ ਵਿੱਚ ਪਾਣੀ ਦੀ ਬਹੁਤ ਸਮੱਸਿਆ ਹੈ। ਕੋਈ ਫ਼ਸਲ ਨਹੀਂ ਹੁੰਦੀ। ਕਾਲ ਪੈ ਚੁੱਕਾ ਹੈ। ਆਪ ਜੀ ਦਇਆ ਮੇਹਰ ਕਰੋ। ਮਹਾਰਾਜ ਜੀ ਨੇ ਕਿਹਾ ਕਿ ਸ਼ੂਦਰਾਂ ਦੀ ਬਸਤੀ ਵਿੱਚ ਬੀਬੀ ਗੁਰਦਾਸੀ ਹੈ ਉਸਦੇ ਘਰੋਂ ਦਾਣੇ ਲੈ ਕੇ ਆਓ। ਜਦੋਂ ਸਿਪਾਹੀ ਬੀਬੀ ਗੁਰਦਾਸੀ ਦੇ ਘਰ ਗਏ ਉਥੋਂ ਦਾਣੇ ਮੰਗੇ ਤਾਂ ਬੀਬੀ ਜੀ ਨੇ ਕਿਹਾ ਕਿ ਅੰਦਰ ਮਿੱਟੀ ਦੀ ਮਟਕੀ ਹੈ ਉਸ ਵਿੱਚ ਕੋਈ ਵੀ ਦਾਣਾ ਨਹੀਂ ਹੈ।ਸਿਪਾਹੀਆਂ ਤਲਾਸ਼ੀ ਲੈਣ ਤੇ ਉਹ ਮਟਕੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਮਿਹਰ ਸਦਕਾ ਭਰੀ ਹੋਈ ਮਿਲੀ। ਬੀਬੀ ਗੁਰਦਾਸੀ ਜੀ ਵੀ ਹੈਰਾਨ ਰਹਿ ਗਈ। ਸਿਪਾਹੀ ਦਾਣੇ ਲੈ ਕੇ ਸਤਿਗੁਰੂ ਪਾਸ ਪਹੁੰਚੇ।ਬੀਬੀ ਗੁਰਦਾਸੀ ਵੀ ਪਿੱਛੇ ਹੀ ਜੈ ਸਤਿਗੁਰੂ ਰਵਿਦਾਸ ਜੀ ਜੈ ਸਤਿਗੁਰੂ ਰਵਿਦਾਸ ਜੀ ਕਰਦੀ ਪਹੁੰਚ ਗਈ। ਸਤਿਗੁਰ ਜੀ ਨੇ ਬੀਬੀ ਗੁਰਦਾਸੀ ਨੂੰ ਆਸ਼ੀਰਵਾਦ ਬਖ਼ਸ਼ਿਸ਼ ਕੀਤਾ ਅਤੇ ਸਾਰੇ ਦਾਣੇ ਖਰਾਸ ਵਿੱਚ ਪਾਉਣ ਲਈ ਕਿਹਾ। ਸਤਿਗੁਰੂ ਜੀ ਦੀ ਕਿਰਪਾ ਨਾਲ ਪ੍ਰਬੰਧਕਾਂ ਅਨੁਸਾਰ ਇਹ ਖਰਾਸ ਸਵਾ ਸਾਲ ਚਲਦਾ ਰਿਹਾ ਆਟਾ ਨਾ ਮੁੱਕਾ ਇਲਾਕੇ ਵਿੱਚ ਕਾਲ ਦੀ ਸਥਿਤੀ ਖਤਮ ਹੋ ਗਈ ਅਤੇ ਘਰ ਘਰ ਅਨਾਜ ਮਿਲਣ ਲੱਗਾ। ਫਿਰ ਮਹਾਰਾਜ ਜੀ ਨੇ ਉਥੋਂ ਉੱਤਰ ਵਲ ਕਰੀਬ ਇਕ ਕਿਲੋਮੀਟਰ ਗਏ ਉਥੇ ਆਪਣੇ ਪਾਵਨ ਚਰਨਾਂ ਨਾਲ ਇਕ ਪੱਥਰ ਨੂੰ ਹਿਲਾਇਆ ਜਿਥੋ ਆਪ ਮੁਹਾਰੇ ਪਾਣੀ ਨੀਵੀਂ ਜਗ੍ਹਾ ਤੋਂ ਉਚਾਈ ਵਾਲੀ ਦਿਸ਼ਾ ਵੱਲ ਚਲਣ ਲੱਗਾ ਸਾਰੀਆਂ ਸੰਗਤਾਂ ਹੈਰਾਨ ਹੋ ਗਈਆਂ। ਇਥੇ ਸੰਗਤਾਂ ਨੂੰ ਸੱਚ ਦਾ ਉਪਦੇਸ਼ ਬਖ਼ਸ਼ਿਸ਼ ਕਰਕੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਰਾਜਸਥਾਨ ਨੂੰ ਚੱਲ ਪਏ। ਅੱਜ ਇਥੋਂ ਦੀ ਪਾਵਨ ਧਰਤੀ ਤੇ ਲੋਕ ਸ਼ਰਧਾਪੂਰਵਕ ਆਉਂਦੇ ਹਨ। ਇਸ ਸਥਾਨ ਤੇ ਗੁਰੂ ਘਰ ਉਸਾਰੇ ਹੋਏ ਹਨ ਤੇ ਹਰਿ ਦੇ ਨਿਸ਼ਾਨ ਸਾਹਿਬ ਝੁਲਾਏ ਗਏ ਹਨ। ਇਥੇ ਦੇਸ਼ ਵਿਦੇਸ਼ ਤੋਂ ਸੰਗਤਾਂ ਵਿਸਾਖੀ ਦੇ ਇਤਿਹਾਸਕ ਪੁਰਬ ਤੇ ਪਹੁੰਚਦੀਆਂ ਹਨ।ਇਤਿਹਾਸਕ ਸਥਾਨ ਖਰਾਸ ਅਤੇ ਖੁਰਾਲਗੜ੍ਹ ਸਾਹਿਬ ਪੂਜਣਯੋਗ ਸਥਾਨ ਹਨ। ਸੰਤ ਬਾਬਾ ਸੁੰਦਰ ਦਾਸ ਰਮਤਾ ਜੀ ਨੇ ਇਥੋਂ ਦੀ ਮੁੱਢਲੀ ਉਸਾਰੀ ਵਿੱਚ ਵਿਸ਼ੇਸ਼ ਸੇਵਾਵਾਂ ਨਿਭਾਈਆਂ ਹਨ।

* * *

# ਜਗਤਗੁਰੂ ਰਵਿਦਾਸ ਜੀ ਦੀ ਨਰਸਿੰਘ ਮਹਿਤਾ ਉੱਪਰ ਕਿਰਪਾ ਹੋਣੀ

ਸੰਤ ਨਰਸਿੰਘ ਮਹਿਤਾ ਜੀ ਨੂੰ ਸਰਲ ਭਾਸ਼ਾ ਵਿੱਚ ਨਰਸੀ ਮਹਿਤਾ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ। ਗੁਜਰਾਤ ਰਾਜ ਦੇ ਜ਼ਿਲ੍ਹਾ ਜੂਨਾਗੜ੍ਹ ਦੇ ਪਿੰਡ ਤਲਾਜ਼ਾ ਵਿੱਚ ਸੰਤ ਨਰਸਿੰਗ ਮਹਿਤਾ ਜੀ ਦਾ ਜਨਮ 1470 ਬਿਕ੍ਰਮੀ ਨੂੰ ਪਿਤਾ ਸ਼੍ਰੀ ਕ੍ਰਿਸ਼ਣ ਦਮੋਦਰ ਦਾਸ ਜੀ ਦੇ ਗ੍ਰਹਿ ਵਿਖੇ ਮਾਤਾ ਲਕਸ਼ਮੀ ਗੌਰੀ ਜੀ ਦੀ ਕੁੱਖੋਂ ਬ੍ਰਾਹਮਣ ਜਾਤੀ ਵਿੱਚ ਹੋਇਆ ਜਿਸ ਦਾ ਕੁਝ ਪੁਸਤਕਾਂ ਵਿੱਚ ਜ਼ਿਕਰ ਮਿਲਦਾ ਹੈ।

ਆਪ ਜੀ ਦੇ ਇੱਕ ਹੋਰ ਵੱਡੇ ਭਾਈ ਸਨ। ਜਿਨ੍ਹਾਂ ਦਾ ਨਾਮ ਵੰਸੀਧਰ ਸੀ ਜੋ ਉਸ ਸਮੇਂ ਫੌਜ਼ ਦੇ ਉਚ ਅਧਿਕਾਰੀ ਸਨ। ਬਚਪਨ ਵਿੱਚ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਸੀ ਅਤੇ ਦਾਦਾ ਜੀ ਦਾ ਵੀ ਦਿਹਾਂਤ ਹੋ ਚੁੱਕਾ ਸੀ। ਆਪ ਜੀ ਦੀ ਉਮਰ 5 ਸਾਲ ਅਤੇ ਵੱਡੇ ਭਾਈ ਦੀ ਉਮਰ 22 ਸਾਲ ਦੀ ਸੀ। ਆਪ ਜੀ ਦਾ ਪਾਲਣ ਪੋਸ਼ਣ ਦਾਦੀ ਜੈਕੁੰਵਰੀ ਜੀ ਅਤੇ ਵੱਡੇ ਭਾਈ ਵੰਸ਼ੀਧਰ ਨੇ ਕੀਤਾ। ਨਰਸਿੰਘ ਰਾਮ ਬਚਪਨ ਤੋਂ ਹੀ ਗੂੰਗਾ ਅਤੇ ਬੋਲਾ ਸੀ। ਪਰਿਵਾਰ ਬਹੁਤ ਚਿੰਤਿਤ ਸੀ ਸਾਰੇ ਵੈਦਾਂ ਪਾਸ ਇਲਾਜ ਕਰਵਾਇਆ, ਇਧਰ ਉਧਰ ਦਿਖਾਇਆ ਠੀਕ ਨਾ ਹੋਇਆ ਆਖ਼ੀਰ ਕਿਸੇ ਦੇ ਕਹਿਣ ਤੇ ਸਰਸਈ ਜੂਨਾਗੜ੍ਹ ਦੇ ਅੰਮ੍ਰਿਤ ਕੁੰਡ ਤੇ ਪਹੁੰਚੇ। ਨਰਸਿੰਘ ਮਹਿਤਾ ਦੀ ਉਮਰ ਅੱਠ ਸਾਲ ਦੀ ਹੋ ਚੁਕੀ ਸੀ। ਪਰ ਨਾ ਕੁਝ ਬੋਲਦਾ ਨਾ ਕੁਝ ਸੁਣਦਾ ਸੀ। ਜਦੋਂ ਮਾਤਾ ਜੈ ਕੁੰਵਰੀ ਆਪਣੀ ਇੱਕ ਹੋਰ ਗੁਆਂਢਣ ਨੂੰ ਨਾਲ ਲੈ ਕੇ ਨਰਸਿੰਘ ਦੇ ਨਾਲ ਜਾਂਦੀ ਹੈ ਤਾਂ ਕੀ ਦੇਖਦੀ ਹੈ ਕਿ ਤਪੱਸਵੀ ਅਤੇ ਤੇਜਸੱਵੀ ਸੰਤ, ਰੱਬੀ ਰੂਪ ਜੋ ਨਾਮ ਬਾਣੀ ਵਿੱਚ ਰੰਗੇ ਹੋਏ ਹਨ। ਭਜਨ ਬੰਦਗੀ ਕਰ ਰਹੇ ਹਨ। ਉਹਨਾਂ ਦਾ ਰੱਬੀ ਨੂਰ ਝੱਲਿਆ ਨਹੀਂ ਜਾ ਰਿਹਾ ਸੀ। ਮਾਤਾ ਜੀ ਨੇ ਨਮਸਕਾਰ ਕੀਤੀ ਅਤੇ ਬੱਚੇ ਦਾ ਸਿਰ ਵੀ ਫੜ੍ਹ ਕੇ ਝੁਕਾਇਆ। ਜਗਤਗੁਰੂ ਰਵਿਦਾਸ ਜੀ ਦੀ ਅਚਾਨਕ ਸਮਾਧੀ ਖੁੱਲ੍ਹੀ ਤਾਂ ਮਾਤਾ ਜੈ ਕੁੰਵਰੀ ਨੇ ਫਰਿਆਦ ਕੀਤੀ ਕਿ ਗੁਰਦੇਵ ਮੇਰਾ ਪੋਤਰਾ ਬਚਪਨ ਤੋਂ ਹੀ ਗੂੰਗਾ ਅਤੇ ਬੋਲਾ ਹੈ ਅਸੀਂ ਸਾਰੇ ਪਾਸੇ ਦਿਖਾ ਚੁੱਕੇ ਹਾਂ ਪਰ ਕਿਸੇ ਵੈਦ, ਕਿਸੇ ਬ੍ਰਾਹਮਣ ਜਾਂ ਕਿਸੇ ਸੰਤ ਪਾਸੋਂ ਠੀਕ ਨਹੀਂ ਹੋਇਆ। ਆਪ ਜੀ ਦੀ ਮਹਿਮਾ ਸੁਣ ਕੇ ਆਪ ਜੀ ਦੇ ਚਰਨਾਂ ਵਿੱਚ ਆਈ ਹਾਂ। ਆਪ ਕ੍ਰਿਪਾ ਕਰੋ

**ਗੁਰ ਕੀ ਲਖੋ ਦਿਆਲਤਾ, ਸਤਿਗੁਰੂ ਕੀਉ ਪਸਾਰ॥**

ਅੰਮ੍ਰਿਤਬਾਣੀ ਦੇ ਪਾਵਨ ਵਾਕਾਂ ਅਨੁਸਾਰ ਸਤਿਗੁਰ ਦਿਆਲੂ, ਕ੍ਰਿਪਾਲੂ ਅਤੇ ਦਇਆ ਦੇ ਸਾਗਰ ਸਨ। ਉਹਨਾਂ ਦੀ ਦ੍ਰਿਸ਼ਟੀ ਇਸ ਬੱਚੇ ਤੇ ਪਈ। ਉਹਨਾਂ ਨੇ ਬੱਚੇ ਨੂੰ ਆਪਣੇ ਪਾਸ ਬਿਠਾ ਲਿਆ, ਉਸਦਾ ਮਸਤਕ ਦੇਖ ਕੇ ਆਪਣੀ ਸ਼ਕਤੀ ਨਾਲ ਦੱਸਿਆ ਕਿ ਇਹ ਬਾਲਕ ਇਕ ਦਿਨ ਪੂਰਨ ਸੰਤ ਬਣੇਗਾ ਅਤੇ ਬ੍ਰਹਮਗਿਆਨੀ ਮਹਾਂਪੁਰਸ਼ ਬਣੇਗਾ। ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਹਰਿ ਦਾ ਸਿਮਰਨ ਕਰਦੇ ਹੋਏ ਆਪਣਾ ਹੱਥ ਉਸ ਬਾਲਕ ਦੇ ਸਿਰ ਉਪਰ ਰੱਖਿਆ ਤਾਂ ਕਿਹਾ ਬੋਲੋ ਬੱਚੇ ਸਤਿਨਾਮ ਬਾਲਕ ਨੂੰ ਤੁਰੰਤ ਸੁਣਨ ਲੱਗ ਪਿਆ ਅਤੇ ਉਹ ਬੋਲਣ ਲੱਗ ਪਿਆ ਅਤੇ ਕਿਹਾ ਸਤਿਨਾਮ ਸਤਿਨਾਮ ਸਾਰੀਆਂ ਸੰਗਤਾਂ ਹੈਰਾਨ ਰਹਿ ਗਈਆਂ। ਗੁਰੂ ਜੀ ਦੇ ਚਰਨੀਂ ਪੈ ਗਈਆਂ ਅਤੇ ਜੈ ਗੁਰਦੇਵ ਦਾ ਉਚਾਰਨ ਕਰਨ ਲੱਗੀਆਂ। ਸਤਿਗੁਰੂ ਰਵਿਦਾਸ ਜੀ ਨੇ ਕਿਹਾ ਕਿ ਇਸ ਬਾਲਕ ਨੂੰ ਮੰਦਾ ਚੰਗਾ ਨਹੀਂ ਬੋਲਣਾ ਇਹ ਸੰਤ ਮਾਲਾ ਦਾ ਮਣਕਾ ਹੈ। ਇਸ ਪ੍ਰਕਾਰ ਇਹ ਪਰਿਵਾਰ ਸਤਿਗੁਰੂ ਜੀ ਦਾ ਸੇਵਕ ਬਣ ਗਿਆ। ਮਹਾਰਾਜ ਜੀ ਨੇ ਇਸ ਨੂੰ ਠੀਕ ਹੀ ਨਹੀਂ ਕੀਤਾ ਸਗੋਂ ਆਪਣੀ ਦਿਬ-ਦ੍ਰਿਸ਼ਟੀ ਅਤੇ ਆਤਮਕ ਸ਼ਕਤੀ ਤੇ ਪ੍ਰਮਾਰਥੀ ਚੜ੍ਹਾਈ ਰਾਹੀਂ ਇਹ ਵੀ ਦੱਸ ਦਿੱਤਾ ਕਿ ਇਹ ਬਾਲਕ ਪੂਰਨ ਬ੍ਰਹਮਗਿਆਨੀ ਹੋਵੇਗਾ। ਜੋ ਬਾਅਦ ਵਿੱਚ ਸੱਚ ਹੋ ਨਿਬੜਿਆ।

ਮਾਤਾ ਜੈਕੁੰਵਰੀ ਸ਼ੁਕਰਾਨਾ ਕਰਦੀ ਹੋਈ ਬੋਲੀ ਮਹਾਰਾਜ ਜੀ ਮੇਰਾ ਪੋਤਰਾਂ ਫੌਜ ਦਾ ਉੱਚ ਅਧਿਕਾਰੀ ਹੈ ਅਤੇ ਸਾਡੀ ਨਗਰ ਕੁੱਲ ਵਿੱਚ ਹੋਰ ਵੀ ਬਹੁਤ ਉੱਚੇ ਉੱਚੇ ਅਧਿਕਾਰੀ ਹਨ ਆਪ ਕੋਈ ਸੇਵਾ ਦਾ ਮੌਕਾ ਦਿਓ ਅਤੇ ਇਹ ਵੀ ਹੁਕਮ ਕਰੋ ਕਿ ਤੁਹਾਨੂੰ ਕਿਸ ਵਸਤੂ ਦੀ ਲੋੜ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਹੱਸ ਪਏ ਅਤੇ ਕਿਹਾ

ਬੀਬੀ ਅਸੀਂ ਜੰਗਲਾਂ ਵਿੱਚ ਰਹਿਣ ਵਾਲੇ ਹਾਂ, ਅਸੀਂ ਵਸਤੂਆਂ ਕੀ ਕਰਨੀਆਂ ਹਨ ਸਾਨੂੰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ ਸਤਿਗੁਰੂ ਜੀ ਨੇ ਤਾਂ ਪਾਰਸ ਦੀ ਪਰਵਾਹ ਨਾ ਕੀਤੀ ਉਹ ਹੋਰ ਕੀ ਮੰਗ ਸਕਦੇ ਸਨ। ਇਥੇ ਵਰਨਣਯੋਗ ਹੈ ਕਿ ਨਾਗਰ ਜਾਤੀ ਦੇ ਲੋਕਾਂ ਦਾ ਸਰਕਾਰੀ ਵਿਭਾਗਾਂ ਵਿੱਚ ਗੁਜਰਾਤ ਵਿੱਚ ਪੂਰਾ ਬੋਲਬਾਲਾ ਅਤੇ ਸੁਣਵਾਈ ਸੀ। ਇਹੋ ਹੀ ਕਾਰਨ ਸੀ ਕਿ ਭਗਤ ਨਰਸਿੰਘ ਜੀ ਦੇ ਵੱਡੇ ਭਾਈ ਵੰਸੀਧਰ ਦੀ ਨਿਯੁਕਤੀ ਵੀ ਨਾਗਰ ਜਾਤੀ ਕਰਕੇ ਹੋਈ ਹੋਵੇਗੀ। ਪੂਰੇ ਪਰਿਵਾਰ ਅਤੇ ਨਗਰ ਵਿੱਚ ਖੁਸ਼ੀ ਦੀ ਲਹਿਰ ਸੀ ਇਸ ਤੋਂ ਬਾਅਦ ਬਹੁਤ ਲੰਬੀ ਕਹਾਣੀ ਹੈ ਨਰਸਿੰਘ ਰਾਮ ਨੂੰ ਪੜ੍ਹਨ ਪਾਇਆ ਜਾਂਦਾ ਹੈ।ਵੈਰਾਗੀ ਮਨਪੜ੍ਹਾਈ ਵੱਲ ਨਹੀਂ ਲੱਗਦਾ, ਸ਼ਾਦੀ ਕੀਤੀ ਜਾਂਦੀ ਹੈ। ਲੜਕਾ ਲੜਕੀ ਪੈਦਾ ਹੁੰਦੇ ਹਨ ਨਰਸਿੰਘ ਦੇ ਭਗਤੀ ਭਾਵ ਅਤੇ ਸੰਤ ਬਿਰਤੀ ਨੂੰ ਵੱਡੀ ਭਰਜਾਈ ਪਸੰਦ ਨਹੀਂ ਕਰਦੀ।ਭਰਾ ਨੂੰ ਵਰਗਲਾ ਕੇ ਭਰਾ ਵਿਰੁੱਧ ਕਰਦੀ ਹੈ।ਅੰਤ ਨੂੰ ਸੰਸਾਰਕ ਝਮੇਲਿਆਂ ਵਿੱਚੋਂ ਨਿਕਲ ਕੇ ਨਰਸਿੰਘ ਪ੍ਰਭੂ ਭਗਤੀ ਵਿੱਚ ਮਗਨ ਹੋ ਜਾਂਦਾ ਹੈ ਅਤੇ ਪੂਰਨ ਸੰਤ ਦਾ ਰੁਤਬਾ ਪਾਉਂਦਾ ਹੈ।ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਕੀਤੀ ਹੋਈ ਭਵਿੱਖਬਾਣੀ ਮੁਤਾਬਕ ਨਰਸਿੰਘ ਤੋਂ ਪੂਰਨ ਸੰਤ ਨਰਸਿੰਘ ਮਹਿਤਾ ਬਣ ਕੇ ਸੰਤਾਂ ਵਾਲਾ ਜੀਵਨ ਬਤੀਤ ਕਰਦਾ ਹੈ।ਇਹ ਪੂਰਨ ਗੁਰੂ ਦੀ ਰਹਿਮਤ ਬਖ਼ਸ਼ਿਸ਼ ਦਾ ਫਲ ਹੈ।

* * *

# ਪਰਮਾਨੰਦ ਬੈਰਾਗੀ ਨੂੰ ਉਪਦੇਸ਼

ਕਾਂਸ਼ੀ ਵਿੱਚ ਪਰਮਾਨੰਦ ਬੈਰਾਗੀ ਰਹਿੰਦਾ ਸੀ। ਉਸਨੂੰ ਆਪਣੀ ਭਗਤੀ ਦਾ ਬੜਾ ਘੁਮੰਡ ਸੀ। ਅੰਧ-ਵਿਸ਼ਵਾਸੀ ਤੇ ਕਰਮਕਾਂਡਾ ਵਿੱਚ ਲਿਪਤ ਪਰਮਾਨੰਦ ਬੈਰਾਗੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਪ੍ਰਸਿੱਧੀ ਤੋਂ ਮਨ ਹੀ ਮਨ ਬੜਾ ਸੜਦਾ ਸੀ। ਉਹ ਕਿਸੇ ਵੀ ਢੰਗ ਨਾਲ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਆਪਣੇ ਤੋਂ ਨੀਵਾਂ ਵਿਖਾਉਂਣਾ ਚਾਹੁੰਦਾ ਸੀ। ਖੁਦ ਨੂੰ ਮਹਾਨ ਅਖਵਾਉਣ ਲਈ ਇਕ ਦਿਨ ਆਪਣੇ ਕੁਝ ਸ਼ਰਧਾਲੂਆਂ ਸੰਗ ਪਰਮਾਨੰਦ ਬੈਰਾਗੀ ਮੋਤੀਆਂ ਦਾ ਭਰਿਆ ਥਾਲ ਲੈ ਕੇ ਗੁਰੂ ਰਵਿਦਾਸ ਮਹਾਰਾਜ ਜੀ ਦਰਬਾਰ ਵਿੱਚ ਆਇਆ। ਜਦੋਂ ਇਹ ਥਾਲ ਉਸਨੇ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਦੇਣਾ ਚਾਹਿਆ ਤਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਪਰਮਾਨੰਦ ਜੀ ਏਨੀ ਭਗਤੀ ਕਰਨ ਦੇ ਬਾਵਜੂਦ ਅਜੇ ਵੀ ਤੁਹਾਡੇ ਮਨ 'ਚੋ ਮਾਇਆ ਦਾ ਮੋਹ ਨਹੀਂ ਗਿਆ। ਇਸ ਲਈ ਇਹ ਤੁਸੀਂ ਆਪਣੇ ਕੋਲ ਰੱਖੋ ਜਾਂ ਫਿਰ ਕਿਸੇ ਗਰੀਬ ਲੋੜਵੰਦ ਨੂੰ ਦੇ ਦਿਓ। ਸਾਡੇ ਤਾਂ ਇਹ ਕੰਮ ਦਾ ਨਹੀਂ ਹੈ। ਨਾ ਸਾਨੂੰ ਇਸਦੀ ਕੋਈ ਲੋੜ ਹੈ। ਇਹ ਦੁੱਖਾਂ ਦੀ ਖਾਨ ਹੈ ਕਹਿੰਦਿਆ ਮਹਾਰਾਜ ਜੀ ਨੇ ਫਰਮਾਇਆ ਕਿ

**ਧਨ ਸੰਚਯ ਦੁਖ ਦੇਤ ਹੈ ਧਨ ਤਿਆਗੇ ਸੁਖ ਹੋਯ।**
**ਰਵਿਦਾਸ ਸੀਖ ਗੁਰਦੇਵ ਕੀ ਧਨ ਮਤਿ ਜੋਰੇ ਕੋਯ॥**

ਪਰਮਾਨੰਦ ਬੈਰਾਗੀ ਨੂੰ ਧਿਆਨ ਨਾਲ ਸੁਣਦਿਆ ਵੇਖ ਕੇ ਗੁਰੂ ਜੀ ਨੇ ਫਿਰ ਉਚਾਰਨ ਕੀਤਾ ਕਿ:-

**ਸੱਚਾ ਸੁਖ ਸਤ ਧਰਮ ਮੰਹਿ ਧਨ ਸੰਚਯ ਸੁਖ ਨਾਂਹਿ।**
**ਧਨ ਸੰਚਯ ਦੁਖ ਖਾਨ ਹੈ ਰਵਿਦਾਸ ਸਮਝਿ ਮਨ ਮਾਂਹਿ।**

ਦਿਲ ਦੀਆਂ ਤਾਰਾਂ ਨੂੰ ਛੇੜਣ ਵਾਲੇ ਇਹ ਸਲੋਕ ਸੁਣ ਕੇ ਪਰਮਾਨੰਦ ਬੈਰਾਗੀ ਦਾ ਹੰਕਾਰ ਖੰਭ ਲਾ ਕੇ ਖੌਰੇ ਕਿਥੇ ਉੱਠ ਗਿਆ। ਹੁਣ ਉਹਦੇ ਚਿਹਰੇ ਤੋਂ ਪਛਤਾਵਾ ਝਲਕ ਰਿਹਾ ਸੀ। ਪਰਮਾਨੰਦ ਬੈਰਾਗੀ ਸ਼ਰਧਾਲੂਆਂ ਸਹਿਤ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਪ੍ਰਣਾਮ ਕਰਕੇ ਉਹਨਾਂ ਦੀ ਮਹਿਮਾ ਦਾ ਗੁਣਗਾਣ ਕਰਦਿਆਂ ਹੋਇਆ ਆਪਣੇ ਮੰਦਰ ਵਾਪਸ ਆ ਗਿਆ। ਦਿਲੋਂ ਈਰਖਾ, ਝੂਠੇ ਕਰਮਕਾਂਡਾਂ ਨੂੰ ਤਿਆਗ ਕੇ ਪਰਮਾਨੰਦ ਬੈਰਾਗੀ ਇੱਕ ਸੱਚਾ ਸੰਤ ਬਣ ਗਿਆ।

* * *

# ਰੂਪਵਤੀ ਦਾ ਪ੍ਰਸੰਗ

ਸ਼ਹਿਰ ਮੁਲਤਾਨ ਵਿੱਚ ਪਰਮਾਤਮਾ ਦੀ ਭਗਤੀ ਨਾਲ ਇੱਕ ਨਿਪੁੰਨ ਘਰਾਣਾ ਸੀ ਜਿਸ ਦੇ ਸਾਰੇ ਮੈਂਬਰ ਪਰਮਾਤਮਾ ਦਾ ਭਜਨ ਕਰਕੇ ਹਰ ਵੇਲੇ ਆਪਣੇ ਪਰਿਵਾਰ ਵਿੱਚ ਖੁਸ਼ੀਆਂ ਦਾ ਜੀਵਨ ਬਿਤਾ ਰਹੇ ਸਨ। ਇਸ ਘਰ ਵਿੱਚ ਇਕ ਰੂਪਵਤੀ ਦੇਵੀ ਸੀ ਜਿਸ ਨੂੰ ਪਰਮਾਤਮਾ ਦੇ ਨਾਲ ਬਹੁਤ ਲਗਨ ਸੀ। ਉਹ ਹਰ ਵੇਲੇ ਸੋਚਦੀ ਰਹਿੰਦੀ ਸੀ ਕਿ ਉਸਨੂੰ ਪਰਮਾਤਮਾ ਦੇ ਦਰਸ਼ਨ ਕਿਸ ਤਰ੍ਹਾਂ ਹੋਣਗੇ। ਪ੍ਰਭੂ ਭਗਤੀ, ਮਨ ਦੀ ਸੱਚੀ ਲਗਨ, ਪਰਮਾਤਮਾ ਨਾਲ ਸੱਚਾ ਪਿਆਰ ,ਉਸ ਨੂੰ ਰਸਤਾ ਜਰੂਰ ਮਿਲਣਾ ਸੀ।

ਇਕ ਦਿਨ ਅਕਾਸ਼ਬਾਣੀ ਹੋਈ ਅਤੇ ਪਰਮਾਤਮਾ ਨੇ ਹੁਕਮਨਾਮਾ ਉਸ ਦੀਆਂ ਨਜ਼ਰਾਂ ਵਿੱਚ ਭੇਜਿਆ ਅਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਸਵਰੂਪ ਦਿਖਾਇਆ ਅਤੇ ਸੀਰ ਗੋਵਰਧਨਪੁਰ ਕਾਂਸ਼ੀ ਦਾ ਪੂਰਾ ਦ੍ਰਿਸ਼ ਦਿਖਾਈ ਦਿੱਤਾ ਅਤੇ ਇਸ਼ਾਰਾ ਹੋਇਆ ਕਿ ਤੇਰਾ ਪੂਰਨ ਗੁਰੂ ਕਾਂਸ਼ੀ ਵਿੱਚ ਹੈ। ਉਸ ਪਾਸ ਜਾ ਕੇ ਨਾਮ ਦਾਨ ਲੈ ਕੇ ਆਪਣਾ ਜੀਵਨ ਸਫ਼ਲ ਕਰ। ਲੜਕੀ ਹੋਣ ਕਰਕੇ ਉਹ ਜ਼ਿਆਦਾ ਸਫ਼ਰ ਨਹੀਂ ਕਰ ਸਕਦੀ ਸੀ। ਉਸਨੇ ਆਪਣੇ ਪਿਤਾ ਨੂੰ ਆਪਣੇ ਨਾਲ ਜਾਣ ਲਈ ਤਿਆਰ ਕੀਤਾ। ਕਈ ਰੋਜ਼ ਦਾ ਸਫਰ ਕਰਕੇ ਸੀਰਗੋਵਰਧਨ ਪੁਰ ਕਾਂਸ਼ੀ ਵਿਖੇ ਪਹੁੰਚੇ। ਅੱਗੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਆਪਣੇ ਸਥਾਨ ਤੇ ਬੈਠੇ ਪ੍ਰਭੂ ਭਗਤੀ ਵਿੱਚ ਲੀਨ ਸਨ। ਕੁਝ ਸਮਾਂ ਬੈਠਣ ਤੋਂ ਬਾਅਦ ਗੁਰੂ ਜੀ ਨੇ ਸਮਾਧੀ ਬੰਦ ਕੀਤੀ ਤੇ ਵੇਖਿਆ ਸੰਗਤਾਂ ਉਹਨਾਂ ਦਾ ਇੰਤਜ਼ਾਰ ਕਰ ਰਹੀਆਂ ਹਨ।

ਸਤਿਗੁਰੂ ਜੀ ਨੇ ਰੂਪਵਤੀ ਤੇ ਉਸਦੇ ਪਿਤਾ ਨੂੰ ਦੂਰੋਂ ਚੱਲ ਕੇ ਆਏ ਥੱਕੇ ਹੋਏ ਦੇਖ ਕੇ ਪਹਿਲਾਂ ਉਹਨਾਂ ਦਾ ਹਾਲ ਪੁੱਛਿਆ। ਸਤਿਗੁਰਾਂ ਦੇ ਮੁਖੜੇ ਤੇ ਨੂਰਾਨੀ ਨੂਰ ਦੀ ਚਮਕ ਵੇਖ ਕੇ ਰੂਪਵਤੀ ਨੇ ਇਕ ਦਮ ਉਠ ਕੇ ਚਰਨਾਂ ਵਿੱਚ ਨਮਸਕਾਰ ਕੀਤੀ ਅਤੇ ਬੇਨਤੀ ਕੀਤੀ ਕਿ ਹਜ਼ੂਰ ਸੱਚੇ ਪਾਤਸ਼ਾਹ ਜੀ ਮੈਨੂੰ ਆਪ ਜੀ ਦੇ ਆਪਣੇ ਘਰ ਦਰਸ਼ਨ ਹੋਏ ਸਨ ਅਤੇ ਮਨ ਵਿੱਚ ਆਪ ਜੀ ਦੇ ਦਰਬਾਰ ਵਿੱਚ ਨਮਸਕਾਰ ਕਰਨ ਵਾਸਤੇ ਤ੍ਰਿਸ਼ਨਾ ਹੋਈ ਅਤੇ ਆਪਣੇ ਪਿਤਾ ਜੀ ਦੀ ਮਦਦ ਨਾਲ ਮੈਂ ਵਡਭਾਗਣ ਆਪ ਜੀ ਦੇ ਦਰਸ਼ਨ ਕਰ ਰਹੀ ਹਾਂ।

ਸਤਿਗੁਰੂ ਜਾਣੀ ਜਾਣ ਸਨ ਕਿ ਉਸ ਵਡਭਾਗਣ ਦੇਵੀ ਨੂੰ ਨਾਮ ਦਾਨ ਦੇ ਕੇ ਇਸ ਭਵਜਲ ਵਿੱਚੋਂ ਪਾਰ ਕਰਨਾ ਹੈ। ਸਤਿਗੁਰੂ ਜੀ ਨੇ ਅੰਮ੍ਰਿਤ ਕੁੰਡ ਵਿੱਚੋਂ ਬੁੱਕ ਭਰ ਕੇ ਰੂਪਵਤੀ ਨੂੰ ਅੰਮ੍ਰਿਤ ਛਕਾਇਆ ਤੇ ਉਸ ਨੂੰ ਪ੍ਰਭੂ ਦਾ ਗਿਆਨ ਪ੍ਰਾਪਤ ਹੋ ਗਿਆ ਅਤੇ ਉਸਦੀ ਖੁਸ਼ੀ ਦਾ ਕੋਈ ਵੀ ਟਿਕਾਣਾ ਨਹੀਂ ਰਿਹਾ। ਇਸ ਤਰ੍ਹਾਂ ਨਾਮ ਦਾਨ ਦੀ ਪ੍ਰਾਪਤੀ

ਕਰਕੇ ਕੁਝ ਦਿਨ ਸਤਿਗੁਰੂ ਦੇ ਦਰਬਾਰ ਵਿੱਚ ਸੇਵਾ ਕਰਦੀ ਰਹੀ ਅਤੇ ਫਿਰ ਵਾਪਿਸ ਮੁਲਤਾਨ ਸ਼ਹਿਰ ਆ ਗਈ।

ਘਰ ਆ ਕੇ ਰੂਪਵਤੀ ਨੇ ਸਾਰੇ ਪਰਿਵਾਰ ਨੂੰ ਆਪਣੇ ਗੁਰੂ ਜੀ ਦੀ ਮਹਿਮਾ ਸੁਣਾਈ ਅਤੇ ਉਹਨਾਂ ਦੇ ਸੱਚੇ ਸਬਦ ਜਿਹੜੇ ਸਤਿਸੰਗ ਵਿੱਚ ਸੁਣੇ ਸਨ ਸਾਰਿਆ ਦਾ ਵਿਸਥਾਰ ਪੂਰਵਕ ਨਿਰਣਾ ਕਰਕੇ ਸਮਝਾਇਆ ਜਿਸ ਨਾਲ ਰੂਪਵਤੀ ਦੇ ਪਰਿਵਾਰ ਵਾਲੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦੇ ਸ਼ਬਦ ਘਰ ਵਿੱਚ ਗਾਉਂਣ ਲੱਗੇ।ਕੁਝ ਸਮਾਂ ਪਾ ਕੇ ਰੂਪਵਤੀ ਨੇ ਆਪਣੇ ਪਿਤਾ ਨੂੰ ਕਿਹਾ ਕਿ ਉਹ ਆਪਣੇ ਘਰ ਗੁਰੂ ਦਾ ਲੰਗਰ ਕਰਨਾ ਚਾਹੁੰਦੀ ਹੈ।ਜਿਸ ਵਿੱਚ ਉਹ ਗੋਰਖ ਨਾਥ ਜੀ ਨੂੰ ਅਤੇ ਉਹਨਾ ਦੇ ਸ਼ਿਸ਼ਾਂ ਨੂੰ ਭੋਜਨ ਛਕਾਉਣਾ ਚਾਹੁੰਦੀ ਹੈ। ਪਿਤਾ ਜੀ ਦੀ ਅਗਿਆ ਨਾਲ ਅਤੇ ਸਾਰੇ ਪਰਿਵਾਰ ਦੀ ਸਹਿਮਤੀ ਨਾਲ ਭੰਡਾਰੇ ਦੀ ਤਿਆਰੀ ਕੀਤੀ ਅਤੇ ਰੂਪਵਤੀ ਨੇ ਅੰਤਰ ਧਿਆਨ ਹੋ ਕੇ ਸਤਿਗੁਰੂ ਜੀ ਨੂੰ ਯਾਦ ਕੀਤਾ ਅਤੇ ਦਰਸ਼ਨ ਹੋਏ। ਜਗਤਗੁਰੂ ਰਵਿਦਾਸ ਮਹਾਰਾਜ ਜੀ ਪਾਸੋਂ ਅਗਿਆ ਵੀ ਮਿਲ ਗਈ ਅਤੇ ਲੰਗਰ ਛਕਾਉਂਣ ਵਾਸਤੇ ਸੱਦੇ ਭੇਜ ਦਿੱਤੇ ਗਏ।

ਗੁਰੂ ਗੋਰਖ ਨਾਥ ਦੇ ਬਹੁ ਗਿਣਤੀ ਵਿੱਚ ਸੇਵਕ ਹੋਣ ਕਰਕੇ ਉਸਨੇ ਕਿਹਾ ਕਿ ਗੁਰੂ ਰਵਿਦਾਸ ਮਹਾਰਾਜ ਦੀ ਸੇਵਕ ਬਣ ਕੇ ਉਹ ਇਨਾ ਵੱਡਾ ਭੰਡਾਰਾ ਕਿੱਥੋਂ ਪੈਦਾ ਕਰੇਗੀ। ਇਹ ਸਾਰਾ ਲੰਗਰ ਤਾਂ ਮੇਰੀ ਚਿੱਪੀ ਵਿੱਚ ਹੀ ਸਮਾ ਜਾਵੇਗਾ। ਇਸ ਗੱਲ ਬਾਰੇ ਰੂਪਵਤੀ ਨੂੰ ਪਤਾ ਲੱਗਾ। ਉਸਨੇ ਫਿਰ ਸੱਦਾ ਦੇ ਕੇ ਗੁਰੂ ਗੋਰਖ ਨਾਥ ਨੂੰ ਬੁਲਾਇਆ ਕਿ ਉਹ ਆਪਣੇ ਸੇਵਕਾਂ ਨਾਲ ਆ ਕੇ ਸਤਿਕਾਰ ਸਾਹਿਤ ਭੋਜਨ ਛਕਣ। ਹੁਣ ਸ਼ਹਿਰ ਦੇ ਸਾਰੇ ਲੋਕ ਲੰਗਰ ਵਿੱਚ ਸੇਵਾ ਕਰਨ ਲਈ ਕੁਝ ਨਾ ਕੁਝ ਆਟਾ ਦਾਣਾ ਲੈ ਕੇ ਆਏ। ਰੂਪਵਤੀ ਦੀ ਇਕ ਸਹੇਲੀ ਸੀ, ਉਸ ਦੇ ਘਰ ਬਹੁਤ ਗਰੀਬੀ ਸੀ। ਆਟਾ-ਦਾਣਾ ਨਾ ਹੋਣ ਕਾਰਣ ਉਸਨੇ ਆਪਣੀ ਲਵੇਰੀ ਗਊ ਦੇ ਤਾਜ਼ੇ ਦੁੱਧ ਦੀ ਇੱਕ ਗੜ੍ਹਵੀ ਭਰਕੇ ਰੂਪਵਤੀ ਦੇ ਲੰਗਰ ਵਾਸਤੇ ਲੈ ਕੇ ਆਈ। ਗੁਰੂ ਗੋਰਖ ਨਾਥ ਜੀ ਆਪਣੇ ਸੇਵਕਾਂ ਨਾਲ ਭੋਜਨ ਛਕਣ ਵਾਸਤੇ ਆ ਗਏ। ਰੂਪਵਤੀ ਨੇ ਕਈ ਕਿਸਮ ਦੇ ਖਾਣੇ ਤਿਆਰ ਕੀਤੇ ਸਨ ਅਤੇ ਗੁਰੂ ਜੀ ਦੇ ਹੁਕਮਾਂ ਅਨੁਸਾਰ ਆਰਤੀ ਅਰਦਾਸ ਕਰਕੇ ਲੰਗਰ ਵਰਤਾਇਆ ਗਿਆ। ਹਜ਼ਾਰਾਂ ਦੀ ਸੰਖਿਆ ਵਿੱਚ ਗੁਰੂ ਗੋਰਖ ਨਾਥ ਦੇ ਸੇਵਕਾਂ ਨੇ ਲੰਗਰ ਛਕਿਆ ਤੇ ਸਾਰੇ ਨਗਰ ਦੇ ਵਾਸੀਆਂ ਨੇ ਵੀ ਲੰਗਰ ਛਕਿਆ ਪਰ ਲੰਗਰ ਉਤਨਾਂ ਹੀ ਰਿਹਾ ਕੋਈ ਘਾਟ ਨਹੀਂ ਆਈ। ਗੁਰੂ ਗੋਰਖ ਨਾਥ ਜੀ ਨੇ ਹੰਕਾਰ ਵਿੱਚ ਰੂਪਵਤੀ ਨੂੰ ਕਿਹਾ ਕਿ ਮੇਰੀ ਸ਼ਰਤ ਹੈ ਕਿ ਜੇਕਰ ਤੂੰ ਮੇਰੀ ਚਿੱਪੀ ਦੁੱਧ ਨਾਲ ਭਰ ਦੇਵੇਂਗੀ ਤਾਂ ਮੈਂ ਤੈਨੂੰ ਪੂਰਨ ਗੁਰੂ ਵਾਲੀ ਮੰਨ ਲਵਾਂਗਾ। ਜੇਕਰ ਮੇਰੀ ਇਹ ਚਿੱਪੀ ਨਾ ਭਰੀ ਤਾਂ ਤੈਨੂੰ ਅੱਜ ਹੀ ਮੈਨੂੰ ਗੁਰੂ ਧਾਰਨ ਕਰਨਾ ਪਵੇਗਾ। ਪੂਰਨ ਗਿਆਨ ਪ੍ਰਾਪਤ ਕਰ ਚੁੱਕੀ ਰੂਪਵਤੀ ਨੇ ਇਹ ਸ਼ਰਤ ਮਨਜ਼ੂਰ ਕਰ ਲਈ ਅਤੇ ਦੁੱਧ ਦੀ ਭਰੀ ਗੜ੍ਹਵੀ ਚੁੱਕੀ ਅਤੇ ਗੁਰੂ ਗੋਰਖ ਨਾਥ ਜੀ ਦੀ ਚਿੱਪੀ ਵਿੱਚ ਗੰਗਾ ਦੀ ਧਾਰ ਵਾਂਗ ਦੁੱਧ ਪਾਇਆ ਅਤੇ ਚਿੱਪੀ ਦੁੱਧ ਨਾਲ ਭਰ ਕੇ ਉਛਲਣ ਲੱਗ ਪਈ। ਗੁਰੂ ਗੋਰਖ ਨਾਥ ਜੀ ਦਾ ਮਾਣ-ਹੰਕਾਰ ਟੁਟ ਗਿਆ ਅਤੇ ਉਹ ਗੁਰੂ ਰਵਿਦਾਸ ਜੀ ਨੂੰ ਨਮਸਕਾਰ ਕਰਨ ਲੱਗਾ। ਭੰਡਾਰੇ ਵੱਚ ਆਈ ਸੰਗਤ ਜੈ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੈਕਾਰੇ ਲਗਾਉਂਣ ਲੱਗੀ।

* * *

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦੁਆਰਾ ਕੁੰਭ ਦੇ ਸ਼ੁਭ ਅਵਸਰ ਉਤੇ ਭੇਂਟ ਭੇਜਣਾ

## ਦੋਹਰਾ

**ਅਵੁਰ ਕਹੋ ਇਤਿਹਾਸ ਕੋ, ਭਗਵਾਨ ਜਸ ਸੁਖੁ ਦਾਨਿ ॥**

**ਹਰਿਦੁਆਰ ਯਾਤਰੀ ਮਿਲ ਆਏ,**

**ਤਿਨ ਦਰਸ਼ਨ ਜਨ ਕੇਰੇ ਪਾਏ।**

**ਤਿਨ ਕੋ ਪੂਛਾ ਲਖਿ ਰਵਿਦਾਸਾ,**

**ਜਾਹੁ ਕਹਾਂ ਤੁਮਹੀਂ ਸੁਖ ਰਾਸਾ।**

**ਬ੍ਰਹਮਕੁੰਡ ਗੰਗਾ ਇਸਨਾਨਾ।**

**ਨਹਾਵਨ ਚਲ ਤਹਾਂ ਹਮ ਜਾਨਾ।**

**ਤਬ ਰਵਿਦਾਸ ਬਚਨ ਅਸ ਭਾਖੈ।**

**ਕੀਜੈ ਕਾਜ ਹਠੀ ਮਨ ਰਾਖੈ।**

**ਏਕ ਛਿਕਸ਼ਾਮੁ ਹਮਾਰਾ ਲੀਜੈ।**

**ਭੇਟਾ ਗੰਗਾ ਕੀ ਵਹੁ ਦੀਜੈ।ਹਮਰੇ ਨਾਮੁ ਨ ਲੇਹਿ ਪਸਾਰੀ।**

**ਨਾਹਿ ਦੀਜੈ ਤੁਮ ਐਸੇ ਡਾਰੀ।**

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਨਾਮ ਬਨਾਰਸ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਬਹੁਤ ਪ੍ਰਸਿੱਧ ਹੋ ਚੁੱਕਾ ਸੀ। ਇਕ ਵਾਰ ਕੁਝ ਯਾਤਰੀ ਪੰਡਿਤ ਗੰਗਾ ਰਾਮ ਜੀ ਨਾਲ ਹਰਿਦੁਆਰ ਕੁੰਭ ਦੇ ਮੌਕੇ ਉੱਤੇ ਬ੍ਰਹਮਕੁੰਭ ਵਿਚ ਇਸ਼ਨਾਨ ਕਰਨ ਜਾ ਰਹੇ ਸਨ। ਜਦੋਂ ਉਹ ਬਨਾਰਸ ਪਹੁੰਚੇ ਤਾਂ ਉਹਨਾਂ ਦੇ ਦਿਲ ਵਿਚ ਸ਼੍ਰੀ ਗੁਰੂ ਰਵਿਦਾਸ ਜੀ ਪ੍ਰਤੀ ਪ੍ਰੇਮ ਉਤਪੰਨ ਹੋਇਆ। ਉਹਨਾਂ ਨੇ ਨਿਰਣਾ ਕੀਤਾ ਕਿ ਉਹ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨਾਲ ਭੇਂਟ ਕਰਕੇ ਹੀ ਅੱਗੇ ਜਾਣਗੇ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਿਵਾਸ ਸਥਾਨ ਬਾਰੇ ਪੁੱਛ ਕੇ ਉਹ ਸੀਰ ਗੋਵਰਧਨਪੁਰ ਪਹੁੰਚ ਗਏ। ਸਾਹਮਣੇ ਹੀ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਬੈਠੇ ਹੋਏ ਸਨ। ਸਾਰੇ ਯਾਤਰੀ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਜਦੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਪੁੱਛਿਆ ਕਿ ਪੰਡਿਤ ਜੀ ਤੁਸੀਂ ਕਿੱਥੇ ਜਾ ਰਹੇ ਹੋ? ਤਾਂ ਪੰਡਿਤ ਗੰਗਾ ਰਾਮ ਨੇ ਦੱਸਿਆ ਕਿ ਉਹ ਸਾਰੇ ਹਰਿਦੁਆਰ ਕੁੰਭ ਇਸ਼ਨਾਨ ਕਰਨ ਲਈ ਜਾ ਰਹੇ ਹਨ।

ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਪੰਡਿਤ ਗੰਗਾ ਰਾਮ ਨੂੰ ਇਕ ਕਸੀਰਾ ਗੰਗਾ ਜੀ ਲਈ ਭੇਂਟ ਵਜੋਂ ਦਿੱਤਾ। ਗੁਰੂ ਜੀ ਨੇ ਗੰਗਾ ਰਾਮ ਨੂੰ ਕਿਹਾ ਕਿ ਇਹ ਭੇਂਟ

ਤੁਸੀਂ ਉਦੋਂ ਗੰਗਾ ਜੀ ਨੂੰ ਦੇਣੀ ਹੈ ਜਦੋਂ ਉਹ ਖੁਦ ਆਪਣਾ ਹੱਥ ਕੱਢ ਕੇ ਸਵੀਕਾਰ ਕਰਨਗੇ। ਗੁਰੂ ਜੀ ਪਾਸੋਂ ਉਹ ਭੇਂਟ ਲੈ ਕੇ ਹਰਿਦੁਆਰ ਨੂੰ ਚਲੇ ਗਏ।

ਕੁਝ ਦਿਨਾਂ ਬਾਅਦ ਯਾਤਰੀ ਹਰਿਦੁਆਰ ਪਹੁੰਚ ਗਏ। ਹਰਿਦੁਆਰ ਪਹੁੰਚ ਕੇ ਉਹ ਦੇਖਦੇ ਹਨ ਕਿ ਗੰਗਾ ਜੀ ਦੇ ਕਿਨਾਰੇ ਤੇ ਯਾਤਰੀਆਂ ਦੀ ਬਹੁਤ ਭਾਰੀ ਭੀੜ ਲੱਗੀ ਹੋਈ ਹੈ। ਉਹ ਯਾਤਰੀ ਵੀ ਗੰਗਾ ਜੀ ਦੇ ਕਿਨਾਰੇ ਤੇ ਜਾ ਕੇ ਇਸ਼ਨਾਨ ਕਰਨ ਲੱਗੇ। ਇਸ਼ਨਾਨ ਕਰਨ ਤੋਂ ਬਾਅਦ ਪੰਡਿਤ ਗੰਗਾ ਰਾਮ ਜੀ ਨੇ ਗੰਗਾ ਜੀ ਅੱਗੇ ਬੇਨਤੀ ਕੀਤੀ ਕਿ ਹੇ ਗੰਗਾ ਜੀ! ਤੁਹਾਡੇ ਲਈ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਇਕ ਕਸੀਰਾ ਪ੍ਰੇਮ (ਆਸ਼ੀਰਵਾਦ) ਭੇਂਟ ਭੇਜੀ ਹੈ। ਹੇ ਗੰਗਾ ਜੀ! ਆਪਣਾ ਹੱਥ ਬਾਹਰ ਕੱਢੋ ਤੇ ਇਸ ਪ੍ਰੇਮ ਭੇਟਾ ਨੂੰ ਸਵੀਕਾਰ ਕਰੋ। ਪੰਡਿਤ ਗੰਗਾ ਰਾਮ ਦੇ ਮੂੰਹੋਂ ਜਿਵੇਂ ਹੀ ਇਹ ਅਵਾਜ਼ ਨਿਕਲੀ, ਗੰਗਾ ਜੀ ਨੇ ਪ੍ਰਗਟ ਹੋ ਕੇ ਦਰਸ਼ਨ ਦਿੱਤੇ। ਗੰਗਾ ਜੀ ਨੇ ਆਪਣਾ ਹੱਥ ਕੱਢਿਆ ਤੇ ਪੰਡਿਤ ਗੰਗਾ ਰਾਮ ਜੀ ਨੇ ਕਸੀਰਾ ਗੰਗਾ ਜੀ ਦੇ ਹੱਥ ਉੱਪਰ ਰੱਖ ਦਿੱਤਾ। ਸਾਰੇ ਲੋਕ ਇਸ ਅਦਭੁਤ ਕੌਤਕ ਨੂੰ ਦੇਖ ਕੇ ਹੈਰਾਨ ਹੋਏ ਅਤੇ ਆਪਣੇ ਆਪ ਨੂੰ ਧੰਨ ਸਮਝਣ ਲੱਗੇ ਕਿ ਉਹਨਾਂ ਨੂੰ ਗੰਗਾ ਜੀ ਦੇ ਦਰਸ਼ਨ ਹੋ ਗਏ। ਉਹ ਸਾਰੇ ਲੋਕ ਮਨ ਹੀ ਮਨ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ-ਜੈ ਕਾਰ ਕਰਨ ਲੱਗੇ, ਕਿ ਉਹਨਾਂ ਦੀ ਕਿਰਪਾ ਨਾਲ ਹੀ ਸਾਰਿਆਂ ਨੂੰ ਗੰਗਾ ਜੀ ਦੇ ਦਰਸ਼ਨ ਹੋਏ ਹਨ।

ਗੰਗਾ ਜੀ ਨੇ ਆਪਣੇ ਹੱਥ ਦਾ ਇਕ ਕੰਗਣ ਜੋ ਹੀਰਿਆਂ ਨਾਲ ਜੜਿਆ ਹੋਇਆ ਸੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਲਈ ਭੇਟਾ ਵਜੋਂ ਦਿੱਤਾ ਅਤੇ ਪੰਡਿਤ ਗੰਗਾ ਰਾਮ ਨੂੰ ਕਿਹਾ ਕਿ ਮੇਰੀ ਭੇਟਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿੱਚ ਪਹੁੰਚਾ ਦੇਣਾ। ਗੰਗਾ ਜੀ ਨੇ ਭੇਂਟ ਭੇਜਣ ਲਈ ਧੰਨਵਾਦ ਕਿਹਾ ਅਤੇ ਗੰਗਾ ਰਾਮ ਨੂੰ ਕਿਹਾ ਕਿ ਗੁਰੂ ਜੀ ਨੂੰ ਕਹਿਣਾ ਕਿ ਮੈਂ ਧੰਨ ਹੋ ਗਈ ਹਾਂ ਜੋ ਤੁਸੀਂ ਮੈਨੂੰ ਯਾਦ ਕੀਤਾ ਹੈ।

## ਦੋਹਰਾ

**ਲੇ ਕੰਗਨ ਅਤਿ ਹ੍ਰਸ ਯੁਤ ਦੇਖਤੁ ਸਭ ਵਿਸਮਾਦਿ॥**
**ਐਸੇ ਨ ਕਬਹੁ ਭਯੋ, ਗੰਗਾ ਕੋ ਪ੍ਰਸਾਦਿ॥**

ਪੰਡਿਤ ਗੰਗਾ ਰਾਮ ਬਹੁਤ ਹੈਰਾਨ ਹੋਇਆ ਕਿ ਇਸ ਤਰ੍ਹਾਂ ਅੱਜ ਤੱਕ ਕਿਸੇ ਨੂੰ ਗੰਗਾ ਜੀ ਦਾ ਪ੍ਰਸ਼ਾਦ ਪ੍ਰਾਪਤ ਨਹੀਂ ਹੋਇਆ। ਗੰਗਾ ਜੀ ਦੇ ਦਰਸ਼ਨ ਕਰਕੇ ਅਤੇ ਇਸ਼ਨਾਨ ਕਰਕੇ ਪੰਡਿਤ ਗੰਗਾ ਰਾਮ ਖੁਸ਼ੀ-ਖੁਸ਼ੀ ਕੁਝ ਦਿਨਾਂ ਵਿਚ ਹੀ ਆਪਣੇ ਘਰ ਪਹੁੰਚ ਗਿਆ। ਪੰਡਿਤ ਗੰਗਾ ਰਾਮ ਨੇ ਘਰ ਜਾ ਕੇ ਆਪਣੀ ਪਤਨੀ ਨੂੰ ਗੰਗਾ ਜੀ ਦੇ ਪ੍ਰਤੱਖ ਦਰਸ਼ਨ ਦੀ ਕਥਾ ਸੁਣਾਈ ਅਤੇ ਜਿਹੜਾ ਕੰਗਣ ਗੰਗਾ ਜੀ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਲਈ ਭੇਟਾ ਵਜੋਂ ਭੇਜਿਆ ਸੀ, ਉਹ ਕੰਗਣ ਪੰਡਿਤ

ਗੰਗਾ ਰਾਮ ਨੇ ਆਪਣੀ ਪਤਨੀ ਦੇ ਹੱਥ ਵਿਚ ਦੇ ਦਿੱਤਾ। ਕੰਗਣ ਘਰ ਵਿਚ ਛੁਪਾ ਕੇ ਰੱਖ ਲਿਆ ਗਿਆ।

ਕੁਝ ਦਿਨਾਂ ਬਾਅਦ ਪੰਡਤ ਗੰਗਾ ਰਾਮ ਦੀ ਪਤਨੀ ਨੇ ਆਪਣੇ ਪਤੀ ਨੂੰ ਕਿਹਾ ਕਿ ਇਸ ਕੰਗਣ ਨੂੰ ਤੁਸੀਂ ਬਾਜ਼ਾਰ ਵਿਚ ਵੇਚ ਦਿਉ। ਇਹ ਮਹਿੰਗੀ ਕੀਮਤ ਤੇ ਵਿਕ ਜਾਵੇਗਾ। ਪੈਸੇ ਲੈ ਕੇ ਆਪਣਾ ਜੀਵਨ ਮੌਜ ਨਾਲ ਬਤੀਤ ਕਰਾਂਗੇ। ਸਾਨੂੰ ਕਿਸੇ ਪ੍ਰਕਾਰ ਦੀ ਕੋਈ ਕਮੀ ਨਹੀਂ ਰਹੇਗੀ। ਜਦੋਂ ਪੰਡਿਤ ਗੰਗਾ ਰਾਮ ਉਸ ਕੰਗਣ ਨੂੰ ਬਾਜ਼ਾਰ ਵਿਚ ਵੇਚਣ ਲਈ ਗਿਆ ਤਾਂ ਜਿੰਨੀ ਉਸ ਕੰਗਣ ਦੀ ਕੀਮਤ ਸੀ, ਉਸ ਕੀਮਤ ਦੇ ਬਰਾਬਰ ਕਿਸੇ ਕੋਲ ਵੀ ਪੈਸੇ ਨਹੀਂ ਸਨ। ਜਿਹੜਾ ਵੀ ਸੁਨਿਆਰਾ ਉਸ ਕੰਗਣ ਨੂੰ ਦੇਖਦਾ ਸੀ ਉਹ ਹੈਰਾਨ ਰਹਿ ਜਾਂਦਾ ਸੀ ਅਤੇ ਕਹਿੰਦਾ ਸੀ ਕਿ ਅਜਿਹਾ ਕੰਗਣ ਉਸਨੇ ਪਹਿਲਾਂ ਕਦੇ ਨਹੀਂ ਦੇਖਿਆ। ਇਸ ਕੰਗਣ ਵਿਚ ਅਨੋਖੇ ਹੀਰੇ ਜਵਾਹਰਾਤ ਜੜੇ ਹੋਏ ਹਨ

**ਤਬ ਕੁਟਵਾਰੈ ਸੁਧ ਦਈ ਵਾਕੈ ਹਾਟ ਵਿਕਾਇ ॥**

**ਭੂਖਨ ਕੰਗਣ ਹਾਥ ਕੋ ਬੇਚਤ ਜਨ ਇਕ ਆਇ ॥**

ਇਸ ਗੱਲ ਦੀ ਖ਼ਬਰ ਪੁਲਿਸ ਤੱਕ ਪਹੁੰਚ ਗਈ ਕਿ ਇਕ ਆਦਮੀ ਅਜਿਹਾ ਕੰਗਣ ਵੇਚ ਰਿਹਾ ਹੈ ਜਿਸ ਵਿਚ ਬਹੁਤ ਕੀਮਤੀ ਹੀਰੇ ਜਵਾਹਰਾਤ ਜੜੇ ਹੋਏ ਹਨ। ਪੁਲਿਸ ਤੇ ਸਿਪਾਹੀ ਪੰਡਿਤ ਨੂੰ ਫੜ ਕੇ ਰਾਜੇ ਕੋਲ ਲੈ ਗਏ। ਬਾਦਸ਼ਾਹ ਦੇ ਪੁੱਛਣ ਤੇ ਪੰਡਿਤ ਨੇ ਸਾਰੀ ਕਹਾਣੀ ਸੁਣਾ ਦਿੱਤੀ ਕਿ ਇਹ ਕੰਗਣ ਗੰਗਾ ਮਾਤਾ ਜੀ ਦੇ ਹੱਥ ਦਾ ਹੈ ਅਤੇ ਗੰਗਾ ਜੀ ਨੇ ਇਹ ਪ੍ਰੇਮ ਭੇਟਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਲਈ ਭੇਜੀ ਸੀ। ਸਾਰੀ ਕਹਾਣੀ ਸੁਣ ਕੇ ਰਾਜਾ ਬਹੁਤ ਹੈਰਾਨ ਹੋਇਆ। ਬਾਦਸ਼ਾਹ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਮਹਿਲ ਵਿਚ ਬੁਲਾਇਆ ਜਾਵੇ ਅਤੇ ਉਹਨਾਂ ਤੋਂ ਇਸ ਗੱਲ ਬਾਰੇ ਪੂਰਨ ਨਿਰਣਾ ਲਿਆ ਜਾਵੇ। ਤਦ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਭਾ ਵਿਚ ਬੁਲਾਇਆ ਗਿਆ ਤੇ ਇਸ ਕੰਗਣ ਬਾਰੇ ਪੁੱਛਿਆ ਗਿਆ। ਗੰਗਾ ਜੀ ਹਰ ਸਮੇਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿੱਚ ਰਹਿੰਦੀ ਸੀ।

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਕਿਹਾ ਕਿ ਇਹ ਗੱਲ ਕੋਈ ਬਹੁਤ ਵੱਡੀ ਗੱਲ ਨਹੀਂ ਹੈ। ਹੁਣੇ ਹੀ ਇਕ ਬਰਤਨ ਵਿਚ ਗੰਗਾ ਜਲ ਪਾ ਦਿਉ ਅਤੇ ਇਹ ਕੰਗਣ ਵੀ ਉਸ ਬਰਤਨ ਵਿਚ ਪਾ ਦਿੱਤਾ ਜਾਵੇ ਅਤੇ ਬਰਤਨ ਨੂੰ ਕੱਪੜੇ ਨਾਲ ਢੱਕ ਦਿੱਤਾ ਜਾਵੇ। 'ਮਨ ਚੰਗਾ ਤਾਂ ਕਠੌਤੀ ਵਿਚ ਗੰਗਾ' ਗੰਗਾ ਜੀ ਇਸ ਸਾਰੀ ਗੱਲ ਦਾ ਫ਼ੈਸਲਾ ਕਰ ਦੇਣਗੇ। ਜਿਸ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਕਿਹਾ ਸਾਰਾ ਸਮਾਨ ਉਸੇ ਤਰ੍ਹਾਂ ਤਿਆਰ ਕਰ ਦਿੱਤਾ ਗਿਆ। ਤਦ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਗੰਗਾ ਜੀ ਨੂੰ ਨਿਰਣਾ ਕਰਨ ਲਈ ਕਿਹਾ। ਜਦੋਂ ਪਰਦਾ

ਬਰਤਨ ਉਤੋਂ ਉਠਾਇਆ ਗਿਆ ਤਾਂ ਕੰਗਣ ਦੋ ਹੋ ਗਏ। ਰਾਜਾ ਅਤੇ ਬਾਕੀ ਸਾਰੇ ਲੋਕ ਇਹ ਸਭ ਕੁਝ ਦੇਖ ਕੇ ਬਹੁਤ ਪ੍ਰਸੰਨ ਹੋਏ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਇਹ ਦੋਵੇਂ ਕੰਗਣ ਪੰਡਿਤ ਗੰਗਾ ਰਾਮ ਨੂੰ ਦੇ ਦਿੱਤੇ। ਜਿੰਨੇ ਵੀ ਲੋਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਵਿਰੋਧ ਕਰਦੇ ਸਨ ਇਸ ਸਮੇਂ ਸਾਰੇ ਉਹਨਾਂ ਦੇ ਭਗਤ ਬਣ ਗਏ। ਇਸ ਘਟਨਾ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਜਸ ਸਾਰੀ ਲੋਕਾਈ ਵਿਚ ਫੈਲ ਗਿਆ। ਸਾਰੇ ਲੋਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ-ਜੈ ਕਾਰ ਕਰਨ ਲੱਗੇ।

ਕਈ ਜਗ੍ਹਾ ਇਸ ਕਥਾ ਦਾ ਵਰਨਣ ਇਸ ਤਰ੍ਹਾਂ ਹੈ ਕਿ ਇਕ ਵਾਰ ਰਾਜਾ ਆਪਣੀ ਰਾਣੀ ਅਤੇ ਵਜੀਰਾਂ ਸਮੇਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਗੁਰੂ ਜੀ ਪਾਸ ਗਏ। ਰਾਣੀ ਕੋਲ ਉਹ ਕੰਗਣ ਸੀ ਜਿਹੜਾ ਗੰਗਾ ਜੀ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਭੇਜਿਆ ਸੀ। ਰਾਣੀ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪਾਸੋਂ ਉਸ ਕੰਗਣ ਦੇ ਨਾਲ ਦੇ ਦੂਜੇ ਕੰਗਣ ਦੀ ਮੰਗ ਕੀਤੀ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਉਹ ਪੱਥਰ ਜਿਸ ਉੱਪਰ ਉਹ ਜੋੜੇ ਬਣਾਉਣ ਦਾ ਕੰਮ ਕਰਦੇ ਸਨ ਉਸਨੂੰ ਪਿੱਛੇ ਹਟਾ ਕੇ ਕਿਹਾ **'ਮਨ ਚੰਗਾ ਤੋ ਕਠੋਤੀ ਮੇਂ ਗੰਗਾ।'** ਉਸ ਸਿਲਾ ਦੇ ਥੱਲੇ ਗੰਗਾ ਜੀ ਦਾ ਪ੍ਰਵਾਹ ਵਹਿ ਰਿਹਾ ਸੀ। ਉਸ ਕੰਗਣ ਨਾਲ ਦੇ ਅਨੇਕਾਂ ਕੰਗਣ ਗੰਗਾ ਜੀ ਦੀ ਧਾਰਾ ਨਾਲ ਵਹਿ ਰਹੇ ਸਨ। ਇਹ ਦੇਖ ਕੇ ਰਾਜਾ ਬਹੁਤ ਹੈਰਾਨ ਹੋਇਆ। ਉਸ ਤੋਂ ਬਾਅਦ ਰਾਜਾ ਤੇ ਰਾਣੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸ਼ਰਧਾਲੂ ਬਣ ਗਏ।

ਪਿਛਲੇ ਪ੍ਰਸੰਗ ਦੀ ਕਥਾ ਕੁਝ ਅੰਤਰ ਨਾਲ ਇਸ ਤਰ੍ਹਾਂ ਲਿਖੀ ਵੀ ਮਿਲਦੀ ਹੈ ਕਿ ਜਦੋਂ ਰਾਣੀ ਨੇ ਕਿਹਾ ਕਿ ਮੈਨੂੰ ਇਸ ਕੰਗਣ ਦੇ ਨਾਲ ਦਾ ਦੂਜਾ ਕੰਗਣ ਮੰਗਵਾ ਕੇ ਦਿਉ ਤਾਂ ਰਾਜਾ ਉਸ ਕੰਗਣ ਦੀ ਪ੍ਰਾਪਤੀ ਲਈ ਗੰਗਾ ਦੇ ਕਿਨਾਰੇ ਤੇ ਗਿਆ। ਉਸਨੇ ਅਨੇਕਾਂ ਤਰੀਕਿਆਂ ਨਾਲ ਪੂਜਾ ਕਰਕੇ ਗੰਗਾ ਜੀ ਪਾਸੋਂ ਉਸ ਕੰਗਣ ਦੇ ਨਾਲ ਦੇ ਕੰਗਣ ਦੀ ਮੰਗ ਕੀਤੀ, ਪਰ ਗੰਗਾ ਜੀ ਪਾਸੋਂ ਉਸਨੂੰ ਕੋਈ ਉੱਤਰ ਨਾ ਮਿਲਿਆ। ਫਿਰ ਰਾਜਾ ਪੰਡਿਤ ਨੂੰ ਨਾਲ ਲੈ ਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਕੁਟੀਆ ਵਿਚ ਗਿਆ। ਉਸਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅੱਗੇ ਨਿਮਰਤਾ ਸਹਿਤ ਬੇਨਤੀ ਕਰਦੇ ਹੋਏ ਕਿਹਾ ਕਿ ਉਸਨੂੰ ਇਸ ਕੰਗਣ ਦੇ ਨਾਲ ਦਾ ਦੂਜਾ ਕੰਗਣ ਚਾਹੀਦਾ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਕਿਹਾ ਹੇ ਰਾਜਨ ! ਜਿੰਨੇ ਚਾਹੋ ਕੰਗਣ ਲੈ ਲਉ। ਗੁਰੂ ਜੀ ਜਿਸ ਸਿਲਾ ਉੱਪਰ ਜੋੜੇ ਬਣਾਉਣ ਦਾ ਕੰਮ ਕਰਦੇ ਸਨ ਉਸਨੂੰ ਹਟਾਇਆ ਅਤੇ ਕਿਹਾ ਗੰਗਾ ਜੀ ਰਾਜੇ ਨੂੰ ਕੰਗਣ ਦੇ ਦਿਉ। ਸਿਲਾ (ਪੱਥਰ) ਦੇ ਥੱਲੇ ਗੰਗਾ ਜੀ ਦਾ ਵਹਾਉ ਦੇਖ ਕੇ ਸਾਰੇ ਬਹੁਤ ਹੈਰਾਨ ਹੋਏ। ਗੰਗਾ ਜੀ ਇਕ ਇਕ ਉਛਾਲ ਨਾਲ ਉਸ ਕੰਗਣ ਦੇ ਸਮਾਨ ਕਈ ਕੰਗਣ

ਬਾਹਰ ਸੁੱਟ ਰਹੀ ਸੀ। ਇਹ ਸਾਰਾ ਕੌਤਕ ਦੇਖ ਕੇ ਰਾਜਾ ਬਹੁਤ ਹੈਰਾਨ ਹੋਇਆ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿਚ ਡਿੱਗ ਕੇ ਨਮਸਕਾਰ ਕਰਨ ਲੱਗਾ। ਉਹ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਭਗਤ ਬਣ ਗਿਆ। ਰਾਜੇ ਨੇ ਗੁਰੂ ਜੀ ਦੀ ਅਜਿਹੀ ਮਹਿਮਾ ਦੇਖ ਕੇ ਕਿਹਾ ਕਿ ਭਗਤ ਅਤੇ ਗੁਰੂ ਸੰਤ ਤਾਂ ਰਾਜਿਆਂ ਦੇ ਵੀ ਰਾਜੇ ਹਨ।

* * *

# ਰਾਣੀ ਝਾਲੀ ਦੀ ਕਥਾ

ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਸੁਣ ਕੇ ਅਤੇ ਆਪ ਜੀ ਦੇ ਪਵਿੱਤਰ ਜੀਵਨ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਰਾਜੇ ਅਤੇ ਰਾਣੀਆਂ ਆਪ ਜੀ ਦੇ ਸ਼ਰਧਾਲੂ ਬਣ ਗਏ। ਇਕ ਵਾਰ ਝਾਲੀ ਨਾਮਕ ਰਾਣੀ ਚਿਤੌੜ ਤੋਂ ਕਾਂਸ਼ੀ ਗੰਗਾ ਇਸ਼ਨਾਨ ਕਰਨ ਲਈ ਆਈ। ਉਸਨੇ ਜਦੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਦੀ ਮਹਿਮਾ ਸੁਣੀ ਤਾਂ ਉਹ ਗੁਰੂ ਜੀ ਦੇ ਦਰਸ਼ਨ ਕਰਨ ਲਈ ਗੁਰੂ ਜੀ ਦੇ ਨਿਵਾਸ ਸਥਾਨ ਵਿਖੇ ਗਈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਪਵਿੱਤਰ ਸਤਿਸੰਗ ਸੁਣਕੇ ਉਸਦਾ ਮਨ ਬੜਾ ਖੁਸ਼ ਹੋਇਆ। ਉਸਦੇ ਮਨ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਆਪਣਾ ਗੁਰੂ ਬਣਾਉਣ ਦੀ ਅਪਾਰ ਸ਼ਰਧਾ ਉਤਪੰਨ ਹੋਈ।

ਰਾਣੀ ਝਾਲੀ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅੱਗੇ ਪ੍ਰਾਰਥਨਾ ਕੀਤੀ ਕਿ ਮੈਨੂੰ ਆਪਣਾ ਸ਼ਿਸ਼ ਬਣਾ ਲਉ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਰਾਣੀ ਨੂੰ ਸਮਝਾਇਆ ਕਿ ਮੈਂ ਚਮਾਰ ਹਾਂ ਤੇ ਤੁਸੀਂ ਖੱਤਰੀ ਵੰਸ਼ੀ ਹੋ। ਇਸ ਲਈ ਤੁਸੀਂ ਕਿਸੇ ਬ੍ਰਾਹਮਣ ਨੂੰ ਆਪਣਾ ਗੁਰੂ ਬਣਾ ਲਉ। ਰਾਣੀ ਝਾਲੀ ਨੇ ਬਹੁਤ ਹਠ ਕੀਤਾ ਅਤੇ ਪ੍ਰਤਿੱਗਿਆ ਕੀਤੀ ਕਿ ਜਿੰਨਾ ਚਿਰ ਉਹ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਆਪਣਾ ਗੁਰੂ ਨਹੀਂ ਬਣਾ ਲੈਂਦੀ ਉਹ ਅੰਨ ਜਲ ਗ੍ਰਹਿਣ ਨਹੀਂ ਕਰੇਗੀ। ਗੁਰੂ ਜੀ ਨੇ ਉਸਨੂੰ ਕਿਹਾ ਕਿ ਆਪਣੇ ਤੋਂ ਉੱਚੀ ਜਾਤ ਵਾਲੇ ਨੂੰ ਗੁਰੂ ਧਾਰਨ ਕਰਨਾ ਚਾਹੀਦਾ ਹੈ। ਰਾਣੀ ਝਾਲੀ ਨੇ ਫਿਰ ਗੁਰੂ ਜੀ ਅੱਗੇ ਬੇਨਤੀ ਕੀਤੀ ਗੁਰੂ ਬਣਾਉਣ ਲਈ ਜਾਤੀ ਦਾ ਕੋਈ ਨਿਯਮ ਨਹੀਂ ਹੈ। ਕੇਵਲ ਬ੍ਰਹਮ ਗਿਆਨੀ ਗੁਰੂ ਦਾ ਹੋਣਾ ਹੀ ਇਕੋ ਇਕ ਨਿਯਮ ਹੈ। ਬ੍ਰਹਮ ਗਿਆਨੀ ਦੀ ਜਾਤ ਭਾਵੇਂ ਆਪਣੀ ਜਾਤ ਤੋਂ ਨੀਵੀਂ ਸਮਝੀ ਜਾਂਦੀ ਹੋਵੇ, ਉਸ ਨਾਲ ਘ੍ਰਿਣਾ ਨਹੀਂ ਕਰਨੀ ਚਾਹੀਦੀ। ਉਹਨਾਂ ਤੋਂ ਉਪਦੇਸ਼ ਲੈ ਕੇ ਆਪਣਾ ਮੋਕਸ਼ ਰੂਪ ਕਾਰਜ ਸਿੱਧ ਕਰਨਾ ਚਾਹੀਦਾ ਹੈ।

ਜਿਸ ਤਰ੍ਹਾਂ ਚੰਦਨ ਦਾ ਦਰੱਖਤ ਛੋਟਾ ਹੋਣ ਤੇ ਵੀ ਆਪਣੀ ਸੁਗੰਧੀ ਨਾਲ ਸਾਰਿਆਂ ਨੂੰ ਚੰਦਨ ਬਣਾ ਦਿੰਦਾ ਹੈ, ਇਸ ਤਰ੍ਹਾਂ ਹੀ ਭਗਤ ਅਤੇ ਮਹਾਤਮਾ ਲੋਕ

ਆਪਣੇ ਉਪਦੇਸ਼ ਦੁਆਰਾ ਸਾਰਿਆਂ ਦੀ ਮੁਕਤੀ ਕਰ ਦਿੰਦੇ ਹਨ। ਬਾਂਸ ਆਪਣੇ ਵੱਡੇ ਹੋਣ ਦੇ ਹੰਕਾਰ ਵਿਚ ਚੰਦਨ ਦੀ ਸੁਗੰਧੀ ਤੋਂ ਵਾਂਝਾ ਰਹਿ ਜਾਂਦਾ ਹੈ ਅਤੇ ਚੰਦਨ ਨਹੀਂ ਬਣ ਪਾਉਂਦਾ, ਇਸ ਲਈ ਸਾਨੂੰ ਵੀ ਆਪਣੀ ਜਾਤੀ ਦਾ ਹੰਕਾਰ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਬ੍ਰਹਮ ਗਿਆਨੀ ਦੀ ਜਾਤੀ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਰਾਣੀ ਝਾਲੀ ਨੇ ਗੁਰੂ ਜੀ ਨੂੰ ਪ੍ਰੇਮ ਭਰਪੂਰ ਬਚਨ ਸੁਣਾ ਕੇ ਪ੍ਰਸੰਨ ਕੀਤਾ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਝਾਲੀ ਰਾਣੀ ਨੂੰ ਯੋਗ ਅਧਿਕਾਰੀ ਸਮਝਦੇ ਹੋਏ ਆਪਣਾ ਸ਼ਿਸ਼ ਬਣਾ ਲਿਆ।

ਕੁਝ ਦਿਨਾਂ ਬਾਅਦ ਰਾਣੀ ਝਾਲੀ ਗੁਰੂ ਜੀ ਤੋਂ ਆਗਿਆ ਲੈ ਕੇ ਵਾਪਿਸ ਚਿਤੌੜ ਚਲੀ ਗਈ। ਉਸਨੇ ਚਿਤੌੜ ਜਾ ਕੇ ਆਪਣੇ ਪਤੀ ਨੂੰ ਸਾਰਾ ਹਾਲ ਸੁਣਾਇਆ ਅਤੇ ਆਪਣੇ ਪਤੀ ਵਿਚ ਵੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪ੍ਰਤੀ ਸ਼ਰਧਾ ਪੈਦਾ ਕੀਤੀ। ਰਾਣੀ ਝਾਲੀ ਨੇ ਆਪਣੇ ਪਤੀ ਅੱਗੇ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਚਿਤੌੜ ਬੁਲਾਇਆ ਜਾਵੇ ਤੇ ਉਹਨਾਂ ਦਾ ਸਤਿਸੰਗ ਕਰਵਾਇਆ ਜਾਵੇ।

ਰਾਣੀ ਦੇ ਪਤੀ ਰਾਜਾ ਸੰਗਰਾਮ ਸਿੰਘ (ਰਾਣਾ ਸਾਂਗਾ) ਜੀ ਨੇ ਰਾਣੀ ਦੀ ਗੱਲ ਮੰਨ ਕੇ ਆਪਣੇ ਵਜੀਰਾਂ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਬਲਾਉਣ ਲਈ ਬਨਾਰਸ ਭੇਜਿਆ। ਗੁਰੂ ਜੀ ਨੂੰ ਸਤਿਕਾਰ ਸਹਿਤ ਚਿਤੌੜ ਬੁਲਾਇਆ ਗਿਆ। ਚਿਤੌੜ ਵਿਚ ਬਹੁਤ ਉੱਚ ਕੋਟੀ ਦਾ ਸਤਿਸੰਗ ਹੋਇਆ ਤੇ ਸਾਰੇ ਲੋਕਾਂ ਨੂੰ ਗੁਰੂ ਜੀ ਦਾ ਸਤਿਸੰਗ ਸੁਣ ਕੇ ਬਹੁਤ ਪ੍ਰਸੰਨਤਾ ਹੋਈ। ਇਸ ਤੋਂ ਬਾਅਦ ਰਾਣੀ ਨੇ ਬਹੁਤ ਸਾਰਾ ਧੰਨ ਖ਼ਰਚ ਕਰਕੇ ਆਪਣੇ ਗੁਰੂ ਜੀ ਦੇ ਨਾਮ ਤੇ ਭੰਡਾਰਾ ਕਰਾਇਆ। ਦੂਰ-ਦੂਰ ਤੋਂ ਸੰਤਾਂ, ਮਹਾਤਮਾ ਅਤੇ ਬ੍ਰਾਹਮਣਾਂ ਨੂੰ ਬੁਲਾਇਆ ਗਿਆ ਅਤੇ ਸਾਰਿਆਂ ਨੂੰ ਇਕ-ਇਕ ਸੋਨੇ ਦੀ ਮੋਹਰ ਦੇਣ ਦਾ ਫ਼ੈਸਲਾ ਵੀ ਕੀਤਾ ਗਿਆ। ਅਣਗਿਣਤ ਬ੍ਰਾਹਮਣ ਭੰਡਾਰੇ ਵਿਚ ਪਹੁੰਚ ਗਏ। ਜਦੋਂ ਭੰਡਾਰਾ ਤਿਆਰ ਹੋ ਗਿਆ ਤਾਂ ਸਾਰੇ ਲੋਕ ਕਤਾਰਾਂ ਵਿਚ ਬੈਠ ਗਏ। ਇਹ ਪਤਾ ਲੱਗਣ ਤੇ ਕਿ ਰਾਜਾ ਤੇ ਰਾਣੀ ਇਕ ਚਮਾਰ ਦੇ ਸ਼ਰਧਾਲੂ ਹਨ ਤੇ ਇਹ ਭੰਡਾਰਾ ਉਹਨਾਂ ਉਸ ਦੇ ਨਾਮ ਤੇ ਕੀਤਾ ਹੈ ਤਾਂ ਕੁਝ ਜਾਤ ਦੇ ਅਭਿਮਾਨੀ ਬ੍ਰਾਹਮਣਾਂ ਨੇ ਭੰਡਾਰੇ ਵਿਚ ਭੋਜਨ ਛਕਣ ਤੋਂ ਇਨਕਾਰ ਕਰ ਦਿੱਤਾ। ਸਾਰਿਆਂ ਨੇ ਕਿਹਾ ਕਿ ਉਹ ਇਕ ਚਮਾਰ ਨਾਲ ਬੈਠ ਕੇ ਭੋਜਨ ਨਹੀਂ ਛਕਣਗੇ

**ਰਾਣਾ ਕਹੈ ਸੁਨੋ ਰੇ ਭਾਈ, ਮੋਰੇ ਤੋ ਮਨ ਇਹੀ ਸੁਹਾਈ।**
**ਕਰਨੀ ਹੀਨ ਸੁ ਮਧਿਮ ਸੋਈ, ਕਰਨੀ ਕਰੇ ਸੋ ਉਤਮ ਹੋਇ।**
**ਉਤਮ ਮਧਿਮ ਕਰਨੀ ਮਾਹਿ, ਮਾਨਸ ਦੇਹ ਕਹੋ ਉਤਮ ਨਾਹਿ।**
**ਕਾਮ ਕਰੋਧ ਲਾਲਚ ਨਉ ਦੁਆਰਾ, ਏਠੀ ਤਨ ਮੈਂ ਸਭੈ ਚਮਾਰਾ।**

**ਉਤਮ ਵਹੀ ਜਿਨੂੰ ਜੋ ਜੀਤਾ।**
**ਬ੍ਰਾਹਮਣ ਕਿਨੈ ਵਾਲਮੀਕ ਕੀਤਾ।**
**ਜਾਤ ਪਾਤ ਕਾ ਨਹੀ ਅਧਿਕਾਰਾ।**
**ਰਾਮ ਭਜੈ ਸੋ ਉਤਰੇ ਪਾਰਾ।**
**ਨਾਹਿ ਕਛੂ ਤੁਮਹਾਰੇ ਸਾਰੇ ਉਠੀ**
**ਵਿਪਰ ਜਾਹੂ ਅਪਨੇ ਦਵਾਰੈ।**
**ਵਿਪਰ ਬਹੁਰਿ ਮਨ ਮਹ ਦੁਖ ਪਾਵੈ।**
**ਕਰੋਧ ਕਰੈ ਰਾਣੀ ਡਰ ਪਾਵੈ।**

ਤਦ ਬ੍ਰਾਹਮਣਾਂ ਨੇ ਕਿਹਾ ਕਿ ਉਹ ਪਹਿਲਾਂ ਭੋਜਨ ਕਰਨਗੇ। ਇਸ ਤੋਂ ਬਾਅਦ ਜਿਵੇਂ ਤੁਹਾਡੀ ਮਰਜ਼ੀ ਹੋਵੇਗੀ ਤੁਸੀਂ ਕਰਨਾ। ਤਦ ਰਾਣਾ ਨੇ ਕਿਹਾ ਕਿ—

**ਰਾਣੀ ਕਹੀਓ ਨਾਹਿ ਮਨ ਧੀਜੈ,**
**ਗੁਰੂ ਪਹਿਲ ਤੁਮ ਕੋ ਕਿਉਂ ਦੀਜੈ।**

ਇਸ ਪ੍ਰਕਾਰ ਬਹੁਤ ਵਾਦ-ਵਿਵਾਦ ਹੋਣ ਲੱਗਾ। ਤਦ ਸ਼੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਸ਼ਿਸ਼ ਨੂੰ ਭੇਜਿਆ ਅਤੇ ਕਿਹਾ—

**ਹਮਰੇ ਨਾਹਿ ਹਾਰ ਔਰ ਜੀਤਿ। ਇਨਕੀ ਤੁਮ ਰਾਖੋ ਰਸਰੀਤਿ।**

ਭਾਵ ਕਿ ਮੈਨੂੰ ਹਾਰ ਜਿੱਤ ਨਾਲ ਕੋਈ ਮਤਲਬ ਨਹੀਂ ਹੈ ਜਿਸ ਤਰ੍ਹਾਂ ਇਹਨਾਂ ਦੀ ਇੱਛਾ ਹੈ ਉਸ ਅਨੁਸਾਰ ਹੀ ਇਹਨਾਂ ਨੂੰ ਭੋਜਨ ਛਕਾਉ। ਗੁਰੂ ਜੀ ਤੋਂ ਆਗਿਆ ਲੈ ਕੇ ਪਹਿਲਾਂ ਬ੍ਰਾਹਮਣਾਂ ਨੂੰ ਭੋਜਨ ਦਿੱਤਾ ਗਿਆ। ਜਦੋਂ ਬ੍ਰਾਹਮਣ ਭੋਜਨ ਕਰਨ ਲੱਗੇ ਤਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਵਿਰਾਟ ਰੂਪ ਧਾਰਨ ਕਰ ਲਿਆ ਅਤੇ ਇੱਕ-ਇੱਕ ਬ੍ਰਾਹਮਣ ਦੇ ਨਾਲ ਬੈਠ ਕੇ ਭੋਜਨ ਛਕਣ ਲੱਗੇ।

**ਸਬਹੀ ਕੇ ਸੰਗ ਜੀਮਨ ਬੈਠਾ,**
**ਇਨ ਵਾਪੈ ਉਨਿ ਵਾਪੈ ਡੀਠਾ।**
**ਸਬ ਕੋ ਅਚਿਰਜ ਭਯੋ ਤਮਾਸਾ, ਜੇਤੇ ਵਿਪਰ ਤੇਤੇ ਰਵਿਦਾਸਾ।**

ਜਿੰਨੇ ਬ੍ਰਾਹਮਣ ਬੈਠੇ ਭੋਜਨ ਛਕ ਰਹੇ ਸਨ, ਗੁਰੂ ਜੀ ਨੇ ਆਪਣੇ ਓਨੇ ਹੀ ਸਰੀਰ ਧਾਰਨ ਕਰ ਲਏ। ਇਹ ਦੇਖ ਕੇ ਜਾਤ ਦਾ ਅਭਿਮਾਨ ਕਰਨ ਵਾਲੇ ਬ੍ਰਾਹਮਣ ਬਹੁਤ ਹੈਰਾਨ ਹੋਏ ਤੇ ਸੋਚਣ ਲੱਗੇ ਕਿ ਇਹ ਲੀਲਾ ਗੁਰੂ ਰਵਿਦਾਸ ਮਹਾਰਾਜ ਜੀ ਦੀ ਹੀ ਹੈ ਜੋ ਪਰਮਾਤਮਾ ਦਾ ਹੀ ਰੂਪ ਹਨ।

**ਸਬਹਿਨ ਕੇ ਮਨਿ ਉਪਜੀ ਲਾਜਾ,**
**ਸਾਧ ਸਤਾਇਓ ਕਿਯਾ ਅਕਾਜਾ।**
**ਜੇ ਵੋ ਕੋਧ ਕਰੈ ਹਮ ਊਪਰਿ।**

**ਤੋ ਅਬ ਹੀ ਜਾਂਹਿ ਸਕਲ ਜਰਿ ਬਰਿ।**

**ਹਮ ਅਪਰਾਧੀ ਵੋ ਜਨ ਪੂਰਾ ਉਨ ਕੇ ਸਾਹਿਬ ਰਹਿਤ ਹਜ਼ੂਰਾ।**

**ਇਹੈ ਸੰਤ ਹਮ ਐਸਾ ਪਾਪੀ। ਭਗਤਨ ਸੋ ਲਰਿ ਐਸੀ ਥਾਪੀ।**

**ਸਾਚੇ ਹਰਿ ਸਾਚੈ ਹਰਿ ਜਨਾ, ਯੌਂ ਪਛਚਾਤਾਪ ਕਿਯੋ ਬ੍ਰਾਹਮਣਾਂ।**

ਬ੍ਰਾਹਮਣਾਂ ਨੇ ਕਿਹਾ ਕਿ ਅਸੀਂ ਅਗਿਆਨਤਾ ਕਾਰਨ ਇਹ ਅਪਰਾਧ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪੂਰਨ ਮਹਾਂਪੁਰਸ਼ ਹਨ ਅਤੇ ਪਰਮਾਤਮਾ ਸਦਾ ਉਹਨਾਂ ਦੇ ਨਾਲ ਰਹਿੰਦਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਹੈ।

**ਧੰਨ ਧੰਨ ਤੂ ਸਾਹਿਬ ਬੜਾ ਅਰੁ ਬੜੇ ਤੁਮਹਾਰੇ ਦਾਸ।**

**ਜਾਤਿ ਪਾਤਿ ਕੁਝ ਕਛੁ ਨਹੀ ਬ੍ਰਾਹਮਣ ਭਏ ਉਦਾਸ॥**

ਸਾਰੇ ਬ੍ਰਾਹਮਣ ਸਰਬ-ਸਹਿਮਤੀ ਨਾਲ ਗੁਰੂ ਜੀ ਦੇ ਸ਼ਿਸ਼ ਬਣ ਗਏ ਅਤੇ ਰਵਿਦਾਸੀਆ ਕਹਿਲਾਏ। ਉਹਨਾਂ ਨੇ ਗੁਰੂ ਜੀ ਨੂੰ ਕਿਹਾ ਕਿ ਉਹਨਾਂ ਤੋਂ ਬਹੁਤ ਵੱਡੀ ਭੁੱਲ ਹੋਈ ਹੈ। ਗੁਰੂ ਜੀ ਨੇ ਬ੍ਰਾਹਮਣਾਂ ਨੂੰ ਕਿਹਾ ਕਿ ਪਰਮਾਤਮਾ ਦੀ ਭਗਤੀ ਕਰੋ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤ ਭਰਪੂਰ ਬਾਣੀ ਨੂੰ ਸੁਣ ਕੇ ਬ੍ਰਾਹਮਣ ਕਹਿਣ ਲੱਗੇ—

**ਵਿਪਰ ਕਹੇ ਤੂ ਗੁਰੂ ਹਮਾਰਾ, ਅਪਨੀ ਤੋਰਿ ਜਨੇਉ ਡਾਰਾ।**

**ਮਾਥੇ ਹਾਥ ਦੇਹੁ ਅਬ ਸਵਾਮੀ, ਹਮ ਸੇਵਕ ਤੁਮ ਅੰਤਰਯਾਮੀ।**

ਆਪ ਸਾਡੇ ਗੁਰੂ ਹੋ, ਸਰਵ—ਵਿਆਪਕ ਹੋ, ਅੰਤਰਜਾਮੀ ਹੋ। ਤੁਸੀਂ ਸਾਡੇ ਸਿਰ ਉਪਰ ਆਪਣਾ ਹੱਥ ਰੱਖ ਦਿਉ। ਤਦ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ-ਜੈ ਕਾਰ ਬੁਲਾਈ ਅਤੇ ਸਾਰਿਆਂ ਨੇ ਪ੍ਰਭੂ ਭਗਤੀ ਦਾ ਮਾਰਗ ਅਪਣਾ ਲਿਆ।

**'ਜਾਤਿ ਪਾਤਿ ਪੂਛੋ ਮਤਿ ਕੋਇ,**

**ਹਰਿ ਕੋ ਭਜੈ ਸੋ ਹਰਿ ਕਾ ਹੋਇ।'**

(ਲੰਗਰ ਪ੍ਰਥਾ-ਭਾਈ ਜੋਧ ਸਿੰਘ ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ) ਵਲੋਂ ਰਚਿਤ 'ਭਗਤ ਰਵਿਦਾਸ—ਜੀਵਨ ਤੇ ਰਚਨਾ' ਚੌਥਾ ਐਡੀਸ਼ਨ, ਸਾਲ 2000 ਦੇ ਪੰਨਾ 5 ਅਨੁਸਾਰ ਮੈਕਾਲਿਫ ਅਤੇ ਹੋਰਨਾਂ ਸਭ ਜੀਵਨਕਾਰਾਂ ਨੇ ਲਿਖਿਆ ਹੈ ਕਿ "ਲੰਗਰ ਵਿਚ ਹੁਣ ਭੇਟਾ ਬਹੁਤ ਆਉਣ ਲੱਗ ਪਈ ਅਤੇ ਆਪ ਨੇ ਇਕ ਚੰਗਾ ਜਿਹਾ ਘਰ ਵੀ ਬਣਵਾ ਲਿਆ। ਸੰਗਤਾਂ ਜੋ ਦਰਸ਼ਨ ਕਰਨ ਆਉਂਦੀਆਂ ਉਹਨਾਂ ਦੇ ਠਹਿਰਨ ਲਈ ਇਕ ਸਰ੍ਹਾਂ ਵੀ ਬਣਵਾਈ। ਅੱਜ ਲੰਗਰ ਵਿਚ ਸਭ ਇਕੋ ਪੰਗਤ ਵਿਚ ਬੈਠ ਕੇ ਭੋਜਨ ਖਾਂਦੇ ਹਨ।"

* * *

# ਜਗਤਗੁਰੂ ਰਵਿਦਾਸ ਮਹਾਰਾਜ ਜੀ ਤੇ ਉਹਨਾਂ ਦੀ ਸ਼ਿਸ਼ ਮੀਰਾ ਬਾਈ

ਮੀਰਾਂ ਦੇ ਜਨਮ ਸਥਾਨ ਮੇੜਤਾ ਦੇ ਇਤਿਹਾਸ ਅਤੇ ਰਾਠੌਰ ਦੇ ਭੱਟਾ ਦੀਆਂ ਬਹੀਆਂ ਅਨੁਸਾਰ ਮੀਰਾਂ ਦਾ ਜਨਮ ਸਾਵਣ ਸੁਦੀ ਏਕਮ ਸ਼ੁੱਕਰਵਾਰ 1498 ਈ. ਵਿਚ ਹੋਇਆ ਮੰਨਿਆ ਗਿਆ ਹੈ। ਬਚਪਨ ਵਿਚ ਹੀ ਮੀਰਾਂ ਦੀ ਮਾਂ ਦਾ ਦੇਹਾਂਤ ਹੋ ਗਿਆ। ਮੀਰਾਂ ਆਪਣੇ ਮਾਪਿਆਂ ਦੀ ਇਕਲੌਤੀ ਸੰਤਾਨ ਸੀ। ਬਚਪਨ ਵਿਚ ਮੀਰਾਂ ਨੂੰ ਨਾ ਤਾਂ ਭੈਣ-ਭਰਾ ਦਾ ਸਾਥ ਮਿਲਿਆ ਅਤੇ ਨਾ ਹੀ ਮਾਤਾ-ਪਿਤਾ ਦਾ ਪਿਆਰ ਤੇ ਦੁਲਾਰ। ਮੀਰਾਂ ਦਾ ਪਿਤਾ ਰਤਨ ਸਿੰਘ ਰਾਣਾ ਸਾਂਗਾ ਦੇ ਨਾਲ ਤਤਕਾਲੀਨ ਰਾਜਨੀਤਿਕ ਉਥਲ-ਪੁਥਲ ਅਤੇ ਯੁੱਧਾਂ ਵਿਚ ਉਲਝਿਆ ਰਹਿੰਦਾ ਸੀ। ਮੀਰਾਂ ਦਾ ਪਾਲਣ ਪੋਸ਼ਣ ਦੂਦਾ ਜੀ ਜੋ ਕਿ ਮੀਰਾਂ ਜੀ ਦੇ ਦਾਦਾ ਜੀ ਸਨ ਦੀ ਦੇਖ-ਰੇਖ ਵਿਚ ਹੋਇਆ। ਉਸਦੇ ਦਾਦਾ ਜੀ ਪ੍ਰਭੂ ਭਗਤੀ ਵਾਲੇ ਇਨਸਾਨ ਸਨ, ਇਸ ਲਈ ਮੀਰਾਂ ਦੇ ਜੀਵਨ ਤੇ ਉਸਦੇ ਦਾਦਾ ਜੀ ਦੇ ਭਗਤੀ ਭਾਵ ਦਾ ਪ੍ਰਭਾਵ ਪੈਣਾ ਸੁਭਾਵਿਕ ਸੀ। ਸੰਮਤ 1566 ਵਿਚ ਰਾਣਾ ਸਾਂਗਾ ਚਿਤੌੜ ਦੀ ਗੱਦੀ ਉੱਤੇ ਬੈਠਿਆ। ਉਸਦੀ ਪਤਨੀ ਰਾਣੀ ਝਾਲੀ ਝਾਲਾਵਾਰ ਦੇ ਰਾਜੇ ਦੀ ਲੜਕੀ ਵੀ ਪ੍ਰਭੂ ਭਗਤ ਸੀ। ਸੰਮਤ 1567-68 ਦੇ ਲਗਭਗ ਉਹਨਾਂ ਨੇ ਕਾਂਸ਼ੀ ਜਾ ਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਆਸ਼ਰਮ ਬਣਾ ਕੇ ਦਿੱਤਾ ਸੀ। ਇੱਧਰ ਮੇੜਤਾ ਤੋਂ ਪ੍ਰਭੂ ਭਗਤ ਦੂਦਾ ਜੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਿਤੌੜ ਸਥਿਤ ਆਸ਼ਰਮ ਵਿਚ ਅਧਿਆਤਮਕ ਸੰਮੇਲਨ ਵਿਚ ਸੱਚਾ ਉਪਦੇਸ਼ ਸੁਣਨ ਲਈ ਆਉਂਦੇ ਸਨ। (ਸੰਭਵ ਹੈ ਮੀਰਾ ਜੀ ਵੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਸਤਿਸੰਗ ਸੁਣਨ ਚਿਤੌੜ ਆਈ ਹੋਵੇ।) ਜਿਸ ਨਾਲ ਮੀਰਾਂ ਜੀ ਨੂੰ ਬਚਪਨ ਵਿਚ ਹੀ ਪ੍ਰਭੂ-ਭਗਤੀ ਦਾ ਮਾਰਗ ਪ੍ਰਾਪਤ ਹੋਇਆ।

ਰਾਣੀ ਝਾਲੀ ਦਾ ਪੁੱਤਰ ਰਾਜਕੁਮਾਰ ਭੋਜਰਾਜ ਆਪਣੀ ਮਾਤਾ ਦੇ ਵਾਂਗ ਹੀ ਸ਼ਾਂਤ ਅਤੇ ਕੋਮਲ ਪ੍ਰਕਿਰਤੀ ਦਾ ਮਾਲਿਕ ਸੀ। ਰਾਜ ਕੁਮਾਰ ਭੋਜਰਾਜ ਦੀ ਉਮਰ ਉਸ ਸਮੇਂ ਲਗਭਗ 18 ਸਾਲਾਂ ਦੀ ਸੀ। ਰਾਣੀ ਝਾਲੀ ਨੇ ਆਪਣੇ ਪਤੀ ਰਾਣਾ ਸਾਂਗਾ ਦੀ ਸਹਿਮਤੀ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਆਸ਼ੀਰਵਾਦ ਲੈ ਕੇ ਰਾਜਕੁਮਾਰ ਭੋਜਰਾਜ ਦਾ ਮੀਰਾਂ ਨਾਲ ਵਿਆਹ ਕਰਨ ਦਾ ਪ੍ਰਸਤਾਵ ਦੂਦਾ ਜੀ ਅੱਗੇ ਰੱਖਿਆ। ਉਹ ਵੀ ਇਸ ਗੱਲ ਨਾਲ ਸਹਿਮਤ ਹੋ ਗਏ। ਦੋਨੋਂ ਪਰਿਵਾਰ ਵਿਆਹ ਸੰਬੰਧ ਸੂਤਰ ਵਿਚ ਬੱਝ ਗਏ। ਵਿਸਾਖੀ ਦੇ ਤਿਉਹਾਰ ਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਹਾਜ਼ਰੀ ਵਿਚ ਰਾਜ ਕੁਮਾਰ ਭੋਜਰਾਜ ਅਤੇ ਮੀਰਾਂ ਦਾ ਵਿਆਹ ਸੰਪੰਨ ਹੋਇਆ। ਮੀਰਾਂ ਦੀ ਉਮਰ ਉਸ ਸਮੇਂ ਅਠਾਰ੍ਹਾਂ ਸਾਲਾਂ ਦੀ ਸੀ।

ਵਿਆਹ ਤੋਂ ਬਾਅਦ ਮੀਰਾਂ ਨੇ ਆਪਣੇ ਪਤੀ ਤੇ ਸੱਸ ਰਾਣੀ ਝਾਲੀ ਦੀ ਆਗਿਆ ਅਨੁਸਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਗੁਰੂ ਧਾਰਨ ਕੀਤਾ।

ਚਿਤੌੜ ਦੀ ਅਠਾਰਾਂ ਸੌ ਫੁੱਟ ਉੱਚੀ ਪਹਾੜੀ ਉੱਤੇ ਵਿਜੈ ਸਤੰਭ ਦੇ ਸਮਾਨ ਸੱਤ ਫੁੱਟ ਉੱਚੇ ਚੁਬਾਰੇ ਉੱਤੇ ਰਾਣਾ ਕੁੰਭਾ ਦੁਆਰਾ ਬਣਾਏ ਕੁੰਭ ਸ਼ਯਾਮ ਮੰਦਿਰ ਦੇ ਖੁੱਲ੍ਹੇ ਵਿਹੜੇ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਸਤਿਸੰਗ ਹੁੰਦਾ। ਚਿਤੌੜਗੜ੍ਹ ਦੇ ਇਸੇ ਵਿਹੜੇ ਵਿਚ '**ਪਗ ਘੁੰਗਰੂ ਬਾਂਧ ਮੀਰਾ ਨਾਚੀ ਰੇ**' ਦੇ ਅਨੁਸਾਰ ਮੀਰਾਂ ਨੱਚਦੀ ਗਾਉਂਦੀ ਸੀ। ਸੰਤ ਕੁਮਾਲੀ ਜੀ ਪਾਸੋਂ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਸਰਵਣ ਕੀਤੀ

**ਸੰਤ ਰਵਿਦਾਸ ਮਿਲੇ ਗੁਰ ਪੂਰੇ ਮਨ ਕੀ ਘੁੰਡੀ ਖੋਲੇ।**
**ਕਹਿ ਕਮਾਲੀ ਸੁਣ ਰੇ ਮੀਰਾਂ ਗੁਰ ਅੰਮ੍ਰਿਤਬਾਣੀ ਬੋਲੇ॥**

**(ਸੰਤ ਕੁਮਾਲੀ ਜੀ)**

ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾਂ ਸੰਤ ਮੀਰਾਂ ਬਾਈ ਜੀ ਉਚਾਰਨ ਕਰਦੇ ਹਨ:-

**ਗੁਰੂ ਰਵਿਦਾਸ ਮਿਲੇ ਪੂਰੇ ਧੁਰ ਸੇ ਕਲਮ ਭਿੜੀ॥**

ਸਮਾਂ ਪਰਿਵਰਤਨ ਸ਼ੀਲ ਹੈ। ਵਿਧਾਤਾ ਨੇ ਮੀਰਾਂ ਦੀ ਕਿਸਮਤ ਵਿਚ ਗ੍ਰਿਹਸਥ ਜੀਵਨ ਭੋਗਣਾ ਨਹੀਂ ਲਿਖਿਆ ਸੀ। ਅਜਿਹਾ ਹੁੰਦਾ ਵੀ ਕਿਉਂ? ਭਗਤੀ ਦੇ ਖੇਤਰ ਵਿਚ ਦੂਰ ਦਿਸ਼ਾਵਾਂ ਤੱਕ ਭਗਤੀ ਦੀ ਸ਼ੋਭਾ ਕਿਵੇਂ ਪਹੁੰਚਦੀ। ਰਾਜਸਥਾਨ ਦੇ ਸੁੰਏ ਆਕਾਸ਼ ਵਿਚ ਅੱਜ ਵੀ ਮੀਰਾਂ ਦੇ ਘੁੰਗਰੂਆਂ ਦੀ ਛਣਕਾਹਟ ਦੀ ਆਵਾਜ਼ ਸੁਣਾਈ ਦਿੰਦੀ ਹੈ। ਮੀਰਾਂ ਦੇ ਬਿਰਹਾ ਭਰਪੂਰ ਗੀਤ ਅੱਜ ਵੀ ਰਾਜਸਥਾਨ ਦੀਆਂ ਘਾਟੀਆਂ ਅਤੇ ਰੇਗਿਸਤਾਨ ਵਿਚ ਸੁਣਾਈ ਦਿੰਦੇ ਹਨ। 1521 ਈ. ਵਿੱਚ ਰਾਜ ਕੁਮਾਰ ਰਾਜਾ ਭੋਜ ਦਾ ਅਚਾਨਕ ਦੇਹਾਂਤ ਹੋ ਗਿਆ। ਸੰਮਤ 1585 (ਜਨਵਰੀ 1528) ਵਿਚ ਰਾਣਾ ਸੰਗਰਾਮ ਸਿੰਘ ਦਾ ਬਾਬਰ ਨਾਲ ਕਾਨਵਾ ਯੁੱਧ ਵਿਚ ਦੇਹਾਂਤ ਹੋ ਗਿਆ। ਰਾਣਾ ਸੰਗਰਾਮ ਸਿੰਘ ਦੇ ਪੁੱਤਰਾਂ ਰਤਨ ਸਿੰਘ ਅਤੇ ਵਿਕਰਮਜੀਤ ਵਿਚਕਾਰ ਗੱਦੀ ਪ੍ਰਾਪਤ ਕਰਨ ਲਈ ਸੰਘਰਸ਼ ਆਰੰਭ ਹੋ ਗਿਆ। ਮੀਰਾਂ ਅਤੇ ਰਾਣੀ ਝਾਲੀ ਦੋਵੇਂ ਵਿਧਵਾ ਹੋ ਗਈਆਂ। ਰਾਣੀ ਝਾਲੀ ਨੇ ਆਪਣੇ ਪਤੀ ਦੀ ਮੌਤ ਤੋਂ ਬਾਅਦ ਆਪਣਾ ਜੀਵਨ ਕਿਵੇਂ ਬਤੀਤ ਕੀਤਾ, ਇਸ ਬਾਰੇ ਇਤਿਹਾਸ ਚੁੱਪ ਹੈ। ਪਰ ਮੀਰਾਂ ਦਾ ਆਪਣੇ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨਾਲ ਅਟੁੱਟ ਸੰਬੰਧ ਜੁੜਿਆ ਰਿਹਾ। ਕੁੰਭ ਸ਼ਯਾਮ ਦੇ ਨਾਲ ਹੀ ਬਣੇ ਮੀਰਾਂ ਮੰਦਿਰ ਦੇ ਨਾਲ ਗੁਰੂ ਰਵਿਦਾਸ ਛਤਰੀ ਦਾ ਨਿਰਮਾਣ ਨਿਸ਼ਚਿਤ ਹੀ ਮੀਰਾਂ ਅਤੇ ਰਾਣੀ ਝਾਲੀ ਦੇ ਯਤਨਾਂ ਸਦਕਾ ਤਤਕਾਲੀਨ ਪ੍ਰਸਥਿਤੀਆਂ ਵਿਚ ਹੀ ਸੰਭਵ ਹੋ ਗਿਆ ਹੋਵੇਗਾ। ਇਸ ਛਤਰੀ ਦੇ ਥੱਲੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨ ਚਿੰਨ੍ਹ ਹਨ ਅਤੇ

ਛੱਤ ਦੇ ਥੱਲੇ ਵਾਲੇ ਭਾਗ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੁਆਰਾ ਬਹੁ-ਚਰਚਿਤ ਪੰਜ ਵਿਕਾਰਾਂ ਦੀ ਪ੍ਰਤਿਮਾ ਇਕ ਸਿਲਾ ਉੱਪਰ ਉਕਰੀ ਹੋਈ ਹੈ।

ਰਾਣਾ ਸੰਗਰਾਮ ਸਿੰਘ (ਰਾਣਾ ਸਾਂਗਾ) ਦੀ ਮੌਤ ਤੋਂ ਬਾਅਦ ਮੀਰਾਂ ਨੂੰ ਪਰਿਵਾਰਕ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਅਜਿਹਾ ਵੀ ਕਿਹਾ ਜਾਂਦਾ ਹੈ ਕਿ ਮੀਰਾਂ ਨੂੰ ਵਿਕਰਮਜੀਤ ਨੇ ਅੱਧੀ ਰਾਤ ਦੇ ਸਮੇਂ ਚਿਤੌੜ ਤੋਂ ਥੱਲੇ ਵਗਦੀ ਹੋਈ ਗੰਭੀਰੀ ਨਦੀ ਵਿਚ ਸੁੱਟਵਾ ਦਿੱਤਾ ਸੀ, ਪ੍ਰੰਤੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਕਿਰਪਾ ਸਦਕਾ ਉਹ ਮੀਰਾਂ ਦਾ ਕੁਝ ਨਹੀਂ ਵਿਗਾੜ ਸਕਿਆ। ਮੀਰਾਂ ਨਦੀ ਦੇ ਵਹਾਉ ਵਿਚੋਂ ਇਸ ਤਰ੍ਹਾਂ ਬਾਹਰ ਨਿਕਲੀ ਜਿਸ ਤਰ੍ਹਾਂ ਸੋਨਾ ਅੱਗ ਵਿਚੋਂ ਸ਼ੁੱਧ ਹੋ ਕੇ ਨਿਕਲਦਾ ਹੈ।

ਮੀਰਾਂ ਹੁਣ ਨਿਡਰ ਹੋ ਕੇ ਪਰਮਾਤਮਾ ਦੀ ਭਗਤੀ ਅਤੇ ਸਾਧੂ ਸੇਵਾ ਕਰਨ ਲੱਗੀ ਪ੍ਰੰਤੂ ਰਾਜਾ ਵਿਕਰਮ ਜੀਤ ਨੂੰ ਇਸ ਤਰ੍ਹਾਂ ਮੀਰਾਂ ਕੋਲ ਸਾਧੂਆਂ ਦੀ ਭੀੜ ਲੱਗੀ ਰਹਿਣੀ ਬਿਲਕੁਲ ਪਸੰਦ ਨਹੀਂ ਸੀ। ਉਸਨੇ ਆਪਣੇ ਭਰੋਸੇ ਦੀਆਂ ਦੋ ਇਸਤਰੀਆਂ ਚੰਪਾ ਤੇ ਚਮੇਲੀ ਨੂੰ ਮੀਰਾਂ ਦੇ ਆਸ ਪਾਸ ਨਿਗਰਾਨੀ ਲਈ ਰੱਖਿਆ, ਤਾਂ ਜੋ ਉਹ ਮੀਰਾਂ ਨੂੰ ਸਾਧੂਆਂ ਦੇ ਨੇੜੇ ਬੈਠਣ ਤੋਂ ਰੋਕ ਸਕਣ। ਪਰ ਮੀਰਾਂ ਬਾਈ ਦੀ ਸੰਗਤ ਦੇ ਪ੍ਰਭਾਵ ਕਰਕੇ ਉਹਨਾਂ ਦੋਨਾਂ ਦੇ ਜੀਵਨ ਉੱਪਰ ਵੀ ਪ੍ਰਭੂ ਭਗਤੀ ਦਾ ਰੰਗ ਚੜ੍ਹ ਗਿਆ ਅਤੇ ਉਹ ਦੋਵੇਂ ਮੀਰਾਂ ਬਾਈ ਦੀਆਂ ਸਹਾਇਕ ਬਣ ਗਈਆਂ। ਇਹੋ ਦਸ਼ਾ ਹੀ ਉਹਨਾਂ ਹੋਰ ਦਾਸੀਆਂ ਦੀ ਹੋਈ ਜਿਹਨਾਂ ਨੂੰ ਮੀਰਾਂ ਦੀ ਨਿਗਰਾਨੀ ਲਈ ਰੱਖਿਆ ਗਿਆ ਸੀ। ਅਖ਼ੀਰ ਰਾਣਾ ਵਿਕਰਮਜੀਤ ਨੇ ਇਹ ਮੁਸ਼ਕਿਲ ਕੰਮ ਆਪਣੀ ਭੈਣ ਊਧਾ ਬਾਈ (ਮੀਰਾਂ ਦੀ ਨਣਾਨ) ਨੂੰ ਸੌਂਪਿਆ। ਉਹ ਕੁਝ ਸਮੇਂ ਤੱਕ ਆਪਣੇ ਕਾਰਜ ਨੂੰ ਤਨਦੇਹੀ ਨਾਲ ਕਰਦੀ ਰਹੀ। ਦਿਨ ਵਿਚ ਕਈ ਵਾਰ ਉਹ ਮੀਰਾਂ ਜੀ ਦੇ ਮਹਿਲ ਵਿਚ ਜਾਂਦੀ, ਉਹਨਾਂ ਨੂੰ ਸਮਝਾਉਂਦੀ ਤੇ ਰੋਕ ਟੋਕ ਕਰਦੀ ਰਹਿੰਦੀ। ਮੀਰਾਂ ਨੇ ਆਪਣੇ ਇਹਨਾਂ ਸਾਕ-ਸੰਬੰਧੀਆਂ ਦਾ ਵਰਨਣ ਆਪਣੀ ਬਾਣੀ ਵਿਚ ਵੀ ਕੀਤਾ ਹੈ।

ਇਸ ਤੋਂ ਬਾਅਦ ਰਾਜਾ ਵਿਕਰਮ ਜੀਤ ਨੇ ਮੰਤਰੀਆਂ ਦੀ ਸਲਾਹ ਨਾਲ ਮੀਰਾਂ ਨੂੰ ਜ਼ਹਿਰ ਦੇ ਕੇ ਮਾਰਨ ਦੀ ਸਾਜ਼ਿਸ ਰਚੀ। ਮੀਰਾਂ ਜੀ ਨੂੰ ਇਕ ਜ਼ਹਿਰ ਦਾ ਪਿਆਲਾ ਭਰ ਕੇ ਦਿੱਤਾ ਗਿਆ ਅਤੇ ਕਿਹਾ ਕਿ ਇਹ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੁਆਰਾ ਭੇਜਿਆ ਅੰਮ੍ਰਿਤ ਹੈ। ਊਧਾ ਬਾਈ ਇਸ ਭੇਦ ਬਾਰੇ ਜਾਣਦੀ ਸੀ ਅਤੇ ਉਸਨੇ ਮੋਹ-ਵਸ ਮੀਰਾਂ ਜੀ ਨੂੰ ਇਸ ਯੋਜਨਾ ਬਾਰੇ ਸਾਰਾ ਕੁਝ ਦੱਸ ਦਿੱਤਾ। ਉਸਨੇ ਮੀਰਾਂ ਜੀ ਨੂੰ ਉਹ ਜ਼ਹਿਰ ਪੀਣ ਤੋਂ ਰੋਕਿਆ ਪ੍ਰੰਤੂ ਮੀਰਾਂ ਜੀ ਨੇ ਕਿਹਾ ਕਿ ਜੋ ਪਦਾਰਥ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨ ਅੰਮ੍ਰਿਤ ਦਾ ਨਾਮ ਲੈ ਕੇ ਦਿੱਤਾ ਗਿਆ ਹੈ, ਉਸਨੂੰ ਤ੍ਰਿਸਕਾਰਨਾ ਗੁਰੂ ਭਗਤੀ ਦੇ ਵਿਰੁੱਧ ਹੈ। ਮੀਰਾਂ ਨੇ ਉਸ ਜ਼ਹਿਰ

ਦੇ ਪਿਆਲੇ ਨੂੰ ਆਪਣੇ ਮੱਥੇ ਨਾਲ ਲਾਇਆ ਤੇ ਪੀ ਲਿਆ। ਇਸ ਨਾਲ ਮੀਰਾਂ ਜੀ ਨੂੰ ਕੁਝ ਨਹੀਂ ਹੋਇਆ ਸਗੋਂ ਉਹਨਾਂ ਦੀ ਭਗਤੀ ਦਾ ਰੰਗ ਦੁੱਗਣਾ ਹੋ ਗਿਆ। ਅਜਿਹੀ ਭਗਤੀ ਦਾ ਕਮਾਲ ਦੇਖ ਕੇ ਊਧਾ ਬਾਈ ਮੀਰਾਂ ਦੀ ਮਿੱਤਰ ਬਣ ਗਈ।

ਇਕ ਵਾਰ ਰਾਣਾ ਵਿਕਰਮ ਨੇ ਸੱਪ ਪਿਟਾਰੀ ਵਿਚ ਬੰਦ ਕਰਕੇ ਮੀਰਾਂ ਜੀ ਕੋਲ ਭੇਜਿਆ ਅਤੇ ਕਿਹਾ ਕਿ ਇਹ ਹੀਰਿਆਂ ਦਾ ਹਾਰ ਤੁਹਾਡੇ ਲਈ ਸ਼੍ਰੀ ਗੁਰੂ ਰਵਿਦਾਸ ਜੀ ਨੇ ਭੇਜਿਆ ਹੈ। ਜਦੋਂ ਮੀਰਾਂ ਜੀ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਨਾਮ ਲੈ ਕੇ ਉਸ ਪਟਾਰੀ ਨੂੰ ਖੋਲ੍ਹਿਆ ਤਾਂ ਉਹ ਸੱਪ ਹੀਰਿਆਂ ਨਾਲ ਜੜਿਆ ਹੋਇਆ ਹਾਰ ਬਣ ਗਿਆ।

## ਕਵਿਤਾ

**ਗਰਲ ਪਠਾਇਓ ਸੋ ਤੋ ਸੀਸ ਲੈ ਚੜਾਇਯੋ।**
**ਸੰਗ ਤਿਆਗ ਵਿਸ਼ ਭਾਰੀ ਤਾਕੀ ਘਾਰ ਨ ਸੰਭਾਰੀ ਹੈ।**
**ਰਾਣਾ ਨੇ ਲਗਾਇਓ ਚਰ, ਬੈਠੇ ਸਾਧੂ ਢੰਗ ਠਰ,**
**ਤਬ ਹੀ ਖਬਰ ਕਰ ਮਾਰੋਂ ਯਹੈ ਧਾਰੀ ਹੈ।**
**ਰਾਜੇ ਗਿਰਿਧਾਰੀ ਲਾਲ, ਤਿਨੀ ਸੋ ਰੰਗ ਜਾਤਿ**
**ਬੋਲਤੁ ਹਸਤੁ ਖਿਆਲ ਕਾਨਪਰੀ ਪਿਆਰੀ ਹੈ।**
**ਜਾਇ ਕੇ ਸੁਣਾਈ ਭਈ ਅਤਿ ਚਪਲਾਈ**
**ਆਯੋਂ ਲਿਯੇ ਤਲਵਾਰ ਦੇ ਕਿਬਾਰ ਖੋਲਿ ਨਿਆਰੀ ਹੈ।**

## ਕਵਿਤਾ

**ਜਾਕੇ ਸੰਗਿ ਰੰਗ ਭੀਜਿ, ਕਰਤ ਪ੍ਰਸੰਗ ਨਾਨਾ,**
**ਕਹਾਂ ਵਹ ਨਰ ਗਇਓ, ਵੇਗ ਦੈ ਬਤਾਈਐ॥**
**ਆਗੇ ਹੀ ਬਿਰਾਜੈ, ਕਛੂ ਤੋ ਸੋ ਨਾਹਿ ਲਾਜੈ।**
**ਅਭੈ ਦੇਖਿ ਸੁਖ ਸਾਜੈ, ਆਂਖੇ ਖੋਲਿ ਦਰਸਾਈਐ।**
**ਭਇਓਈ ਖਿਸਾਨੋ ਰਾਣਾ, ਲਿਖਓ ਚਿਤਰ ਭੀਤ ਮਾਨੋ,**
**ਉਲਟਿ ਪਿਆਨੋ ਕਿਉ ਨੇਕੁ ਮਨ ਆਈਐ**
**ਦੇਖਉ ਹੂੰ ਪ੍ਰਭਾਵ ਏਪੈ ਭਾਵ ਮੈ ਨ ਭਿਦਓ ਜਾਈ,**
**ਬਿਨਾ ਹਰਿ ਕ੍ਰਿਪਾ ਕਹੋ ਕੈਸੇ ਕਰਿ ਪਾਈਐ।**

ਮੀਰਾਂ ਬਾਈ ਜੀ ਨੂੰ ਜਦੋਂ ਰਾਣਾ ਵਿਕਰਮ ਨੇ ਜ਼ਹਿਰ ਭੇਜਿਆ ਤਾਂ ਉਹ ਨਿਰਸੰਕੋਚ ਪੀ ਗਈ। ਇਸ ਤੋਂ ਬਾਅਦ ਰਾਣਾ ਨੇ ਦੂਤਾਵਾਸ ਨੂੰ ਕਿਹਾ ਕਿ ਤੁਸੀਂ ਕਾਰਜ ਕਰੋ। ਜਦੋਂ ਮੀਰਾਂ ਕਿਸੇ ਵੈਰਾਗੀ ਨਾਲ ਇਕੱਲੀ ਬੈਠੀ ਹੋਵੇ ਤਾਂ ਮੈਨੂੰ ਇਸ

ਬਾਰੇ ਸਮਾਚਾਰ ਦੇਣਾ। ਮੈਂ ਉਸੇ ਪਲ ਆ ਕੇ ਉਸਨੂੰ ਮਾਰ ਦੇਵਾਂਗਾ। ਇਕ ਵਾਰ ਮੀਰਾਂ ਜੀ ਨੂੰ ਗੁਰੂ ਜੀ ਦੇ ਦਰਸ਼ਨ ਹੋਏ ਉਹ ਗੁਰੂ ਜੀ ਨਾਲ ਹੱਸ-ਹੱਸ ਕੇ ਗੱਲਾਂ ਕਰ ਰਹੀ ਸੀ ਤਾਂ ਇਕ ਖ਼ਬਰ ਰੱਖਣ ਵਾਲੇ ਨੇ ਰਾਜੇ ਨੂੰ ਜਾ ਕੇ ਕਿਹਾ ਕਿ ਮੀਰਾਂ ਕਿਸੇ ਦੇ ਨਾਲ ਹੱਸ-ਹੱਸ ਕੇ ਗੱਲਾਂ ਕਰ ਰਹੀ ਹੈ। ਰਾਣਾ ਤਲਵਾਰ ਲੈ ਕੇ ਮੀਰਾਂ ਦੇ ਮਹਿਲ ਵਿਚ ਗਿਆ ਅਤੇ ਆਵਾਜ਼ ਦਿੱਤੀ ਕਿ ਦਰਵਾਜ਼ਾ ਖੋਲ੍ਹੋ। ਮੀਰਾਂ ਨੇ ਆਵਾਜ਼ ਸੁਣਦੇ ਹੀ ਦਰਵਾਜ਼ਾ ਖੋਲ੍ਹ ਦਿੱਤਾ। ਰਾਣਾ ਮੀਰਾਂ ਜੀ ਨਾਲ ਕਿਸੇ ਨੂੰ ਨਾ ਦੇਖ ਕੇ ਕਹਿਣ ਲੱਗਾ ਕਿ ਜਿਸ ਨਾਲ ਤੂੰ ਅਨੇਕ ਪ੍ਰੇਮ ਪ੍ਰਸੰਗ ਕਰ ਰਹੀ ਸੀ ਉਹ ਇਨਸਾਨ ਕਿੱਥੇ ਹੈ? ਮੀਰਾਂ ਨੇ ਉੱਤਰ ਦਿੱਤਾ ਕਿ ਉਹ ਇਨਸਾਨ ਤੁਹਾਡੀਆਂ ਅੱਖਾਂ ਅੱਗੇ ਹੀ ਬੈਠਾ ਹੋਇਆ ਹੈ ਅਤੇ ਦਰਵਾਜ਼ਾ ਖੁਲ੍ਹਦਿਆਂ ਹੀ ਉਸਨੂੰ ਤੇਜ਼ ਪ੍ਰਕਾਸ਼ ਦਿਖਾਈ ਦਿੱਤਾ, ਜਿਸ ਨਾਲ ਰਾਣਾ ਬੇਹੋਸ਼ ਹੋ ਕੇ ਧਰਤੀ ਤੇ ਡਿੱਗ ਪਿਆ ਹੋਸ਼ ਆਉਣ ਤੇ ਰਾਣਾ ਨੇ ਮੀਰਾਂ ਜੀ ਤੋਂ ਆਪਣੀ ਗਲਤੀ ਦੀ ਮੁਆਫ਼ੀ ਮੰਗ ਲਈ।

## ਕਵਿਤਾ

**ਵਿਸ਼ਈ ਕੁਟਿਲ ਏਕ ਭੇਸ ਧਾਰਿ ਸਾਧੂ ਲਿਯੌ,**
**ਕਿਯੌਂ ਯੌਂ ਪ੍ਰਸੰਗ ਮੌਸੌਂ ਅੰਗ ਸੰਗ ਕੀਜਿਏ।**
**ਆਗਿਆ ਮੌਂ ਕੀ ਦਈ ਆਪ ਲਾਲ ਗਿਰਿਧਾਰੀ,**
**ਅਹੋਂ ਸੀਸ ਧਰਿ ਲਈ ਕਰਿ ਭੋਜਨ ਹੂੰ ਲੀਜਿਐ।ਾ**
**ਅਹੋਂ ਸੀਸ ਧਰਿ ਲਈ ਕਰਿ ਭੋਜਨ ਹੂੰ ਲੀਜਿਐ।**
**ਸੰਤਨਿ ਸਮਾਜ ਮੇਂ ਵਿਛਾਇ ਸੇਜ ਬੋਲ ਲਿਯੌਂ,**
**ਸੰਕ ਆਬ ਕੌਨ ਕੀ ਨਿਸੰਕ ਰਸ ਭੀਜਿਐ।**
**ਸੇਤੁ ਮੁਖ ਭਯੌਂ, ਵਿਸ਼ੈਭਾਵ ਸਭ ਗਯੌਂ**
**ਨਿਯੌਂ ਪਾਇਨ ਪੈ ਆਪ, ਮੋਕੋ ਭਗਤਿ ਦਾਨ ਦੀਜੀਏ।**

ਇਕ ਵਾਰ ਇਕ ਕਾਮੀ, ਪਾਪੀ, ਦੁਸ਼ਟ ਮਨੁੱਖ ਸਾਧੂ ਦਾ ਰੂਪ ਧਾਰਨ ਕਰਕੇ ਮੀਰਾਂ ਜੀ ਪਾਸ ਆਇਆ ਤੇ ਕਹਿਣ ਲੱਗਾ ਕਿ ਮੈਨੂੰ ਪਰਮਾਤਮਾ ਨੇ ਖ਼ੁਦ ਆਗਿਆ ਦਿੱਤੀ ਹੈ ਕਿ ਤੁਸੀਂ ਜਾ ਕੇ ਮੀਰਾਂ ਨੂੰ ਪੁਰਸ਼ ਸਾਥ ਦਾ ਸੁੱਖ ਦਿਉ। ਮੀਰਾਂ ਜੀ ਨੇ ਉੱਤਰ ਦਿੱਤਾ ਕਿ ਆਗਿਆ ਮੇਰੇ ਸਿਰ ਉੱਪਰ, ਪਹਿਲਾਂ ਤੁਸੀਂ ਭੋਜਨ ਕਰ ਲਉ। ਮੈਂ ਤੁਹਾਡੀ ਸੇਵਾ ਲਈ ਹਾਜ਼ਰ ਹਾਂ।

ਮੀਰਾਂ ਜੀ ਸੰਤ ਸਮਾਜ ਵਿਚ ਸੇਜ ਵਿਛਾ ਕੇ ਉਸ ਸਾਧੂ ਨੂੰ ਕਹਿਣ ਲੱਗੀ ਕਿ ਤੁਸੀਂ ਇਸ ਪਲੰਘ ਉੱਤੇ ਸੁੱਖ ਪੂਰਵਕ ਬਿਰਾਜੋ ਅਤੇ ਮੈਨੂੰ ਵੀ ਆਗਿਆ ਦਿਉ, ਜੇਕਰ ਪ੍ਰਭੂ ਦੀ ਆਗਿਆ ਹੈ ਤਾਂ ਹੁਣ ਸ਼ੰਕਾ ਕਿਸ ਗੱਲ ਦੀ? ਆਓ ਬਿਨਾਂ ਸ਼ੰਕਾ ਰਸ ਰੰਗ ਵਿਚ ਡੁੱਬ ਕੇ ਅੰਗ ਸੰਗ ਕਰੋ। ਮੀਰਾਂ ਜੀ ਦੇ ਅਜਿਹੇ ਬਚਨ ਸੁਣ ਕੇ ਉਸ

ਆਦਮੀ ਦਾ ਮੂੰਹ ਫਿੱਕਾ ਪੈ ਗਿਆ। ਉਸਦੇ ਸਰੀਰ ਵਿਚ ਜਾਨ ਨਾ ਰਹੀ। ਉਹ ਮੀਰਾਂ ਜੀ ਦੇ ਚਰਨਾਂ ਵਿਚ ਡਿੱਗ ਪਿਆ ਅਤੇ ਭਗਤੀ ਦਾ ਦਾਨ ਮੰਗਣ ਲੱਗਾ।

ਅਖ਼ੀਰ ਸੰਮਤ 1603 ਵਿਚ ਦੁਆਰਕਾ ਸਥਿਤ ਰਣਛੋੜ ਦੇ ਮੰਦਿਰ ਵਿਚ ਨੱਚਦੀ ਗਾਉਂਦੀ ਮੀਰਾਂ ਬੇਹੋਸ਼ ਹੋ ਕੇ ਡਿੱਗ ਪਈ ਅਤੇ ਉੱਠੀ ਨਹੀਂ, ਸਦਾ ਲਈ ਆਪਣੇ ਪ੍ਰੀਤਮ ਪਿਆਰੇ ਵਿਚ ਸਮਾ ਗਈ।

(ਰਾਧਾ ਸੁਆਮੀ ਸਤਿਸੰਗ ਬਿਆਸ ਵਲੋਂ 'ਮੀਰਾਂ-ਪ੍ਰੇਮ ਦੀਵਾਨੀ' ਸਾਲ 1999 ਦੇ ਪੰਨਾ 26 'ਤੇ ਲਿਖਿਆ ਹੈ ਕਿ 'ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਸ਼ਿਸ਼ ਸੰਤ ਮੀਰਾਂ ਬਾਈ ਦੀ ਸ਼ਖ਼ਸੀਅਤ ਦਾ ਅਕਬਰ ਤੇ ਡੂੰਘਾ ਪ੍ਰਭਾਵ ਪਿਆ ਜਿਸ ਨਾਲ ਉਸ ਦੇ ਮਨ ਵਿਚ ਸਹਿਣਸ਼ੀਲਤਾ ਦੀਆਂ ਭਾਵਨਾਵਾਂ ਪੈਦਾ ਹੋਣੀਆਂ ਸ਼ੁਰੂ ਹੋ ਗਈਆਂ। ਇਹਨਾਂ ਭਾਵਨਾਵਾਂ ਕਾਰਨ ਹੀ ਅਕਬਰ ਨੇ ਇਕ ਸਰਬ-ਸਾਂਝਾ ਧਰਮ ਚਲਾਉਣ ਦਾ ਯਤਨ ਕੀਤਾ।)

* * *

# ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਸ਼ਿਸ਼ ਕਰਮਾ ਬਾਈ ਜੀ

ਕਰਮਾ ਬਾਈ ਜੀ ਦੀ ਸ਼ਕਤੀ ਦੀ ਵਡਿਆਈ ਦੂਰ-ਦੂਰ ਤੱਕ ਫੈਲੀ ਹੋਈ ਸੀ। ਸਾਰੇ ਸੰਤ ਸਮਾਜ ਵਿਚੋਂ ਮਹਾਂਪੁਰਸ਼ ਉਸਨੂੰ ਮਿਲਣ ਵਾਸਤੇ ਆਉਂਦੇ ਸਨ, ਐਸੇ ਹੀ ਵਿਚਰਦੇ ਹੋਏ ਇਕ ਮਹਾਂਪੁਰਸ਼ ਆਏ ਤੇ ਕਿਹਾ ਕਿ ਕਰਮਾ ਭਗਵਾਨ ਹਨ ਰੋਜ਼ ਤੇਰੇ ਘਰ ਭੋਜਨ ਛਕਣ ਵਾਸਤੇ ਆਉਂਦੇ ਹਨ। ਤੂੰ ਕਿਹੜੇ ਭਗਵਾਨ ਵਾਸਤੇ ਲੰਗਰ ਤਿਆਰ ਕਰਦੀ ਹੈ? ਕਰਮਾ ਨੇ ਆਪਣੇ ਸਿੱਧੇ ਸੁਭਾਅ ਅਨੁਸਾਰ ਕਹਿ ਦਿੱਤਾ ਕਿ ਮੈਂ ਮਹਾਰਾਜ ਜੀ ਦਾ ਸਿਮਰਨ ਕਰਦੀ ਕਰਦੀ ਪ੍ਰਸ਼ਾਦੇ ਬਣਾਉਂਦੀ ਹਾਂ ਖਿਚੜੀ ਬਣਾਉਂਦੀ ਹਾਂ ਜਿਸ ਵੇਲੇ ਲੰਗਰ ਤਿਆਰ ਹੋ ਜਾਂਦਾ ਹੈ, ਪਰੋਸ ਕੇ ਰੱਖ ਦਿੰਦੀ ਹਾਂ ਭਗਵਾਨ ਆ ਕੇ ਛਕ ਜਾਂਦੇ ਹਨ ਤਾਂ ਅੱਗੋਂ ਕਹਿਣ ਲੱਗੇ ਕਰਮਾਂ ਤੈਨੂੰ ਐਸਾ ਨਹੀਂ ਕਰਨਾ ਚਾਹੀਦਾ, ਤੈਨੂੰ ਭਗਵਾਨ ਵਾਸਤੇ ਪਹਿਲਾਂ ਪੂਰਨ ਇਸ਼ਨਾਨ ਕਰਕੇ ਅਤੇ ਜਿਹਨਾਂ ਲੱਕੜੀਆਂ ਨਾਲ ਅੱਗ ਬਾਲਣੀ ਹੈ, ਉਹਨਾਂ ਨੂੰ ਚੰਗੀ ਤਰ੍ਹਾਂ ਧੋ ਕੇ ਸੁਕਾ ਕੇ ਤੇ ਲੇਪਣ ਪੋਚਣ ਆਦਿਕ ਕਰਕੇ ਫਿਰ ਭੋਜਨ ਤਿਆਰ ਕਰਨਾ ਚਾਹੀਦਾ ਹੈ। ਇਹ ਸੁਣ ਕੇ ਕਰਮਾ ਜੀ ਦੇ ਮਨ ਨੂੰ ਵਿਯੋਗ ਲੱਗ ਗਿਆ ਕਿ ਮੈਂ ਇਹ ਕਦੀ ਸੋਚਿਆ ਹੀ ਨਹੀਂ।

ਉਸ ਨੇ ਦੂਸਰੇ ਦਿਨ ਲਕੜੀਆਂ ਧੋ ਕੇ ਰੱਖ ਦਿੱਤੀਆਂ, ਇਸ਼ਨਾਨ ਕੀਤਾ, ਚੌਂਕਾ ਦੇ ਦਿੱਤਾ ਤੇ ਫੇਰ ਜਾ ਕੇ ਪ੍ਰਸ਼ਾਦਾ ਤਿਆਰ ਕਰਨ ਲੱਗੀ, ਭਗਵਾਨ ਰੋਜ਼ ਦੇ ਨਿਸ਼ਚਿਤ ਸਮੇਂ ਅਨੁਸਾਰ ਆਏ ਦੇਖਿਆ ਕਿ ਅੱਜ ਕਰਮਾ ਨੇ ਦੇਰੀ ਕਰ ਦਿੱਤੀ ਹੈ,

ਅਜੇ ਤੱਕ ਲੰਗਰ ਤਿਆਰ ਹੀ ਨਹੀਂ ਕੀਤਾ ਤੇ ਇਹ ਦੇਖ ਭਗਵਾਨ ਵਾਪਸ ਚਲੇ ਗਏ। ਭਗਵਾਨ ਫਿਰ ਵਾਪਸ ਆਏ, ਫੇਰ ਵੀ ਕਰਮਾਂ ਨੇ ਅਜੇ ਤੱਕ ਭੋਜਨ ਤਿਆਰ ਨਹੀਂ ਕੀਤਾ, ਕਾਫ਼ੀ ਦੇਰ ਮਗਰੋਂ ਕਰਮਾਂ ਨੇ ਭੋਜਨ ਤਿਆਰ ਕੀਤਾ। ਭਗਵਾਨ ਆਏ ਭੋਜਨ ਛਕਿਆ ਜਦੋ ਉਹ ਹੱਥ ਸਾਫ਼ ਕਰ ਰਹੇ ਸਨ ਉਹਨਾਂ ਦੇ ਹੱਥਾਂ ਤੇ ਮੂੰਹ ਨੂੰ ਖਿਚੜੀ ਲੱਗੀ ਹੋਈ ਸੀ, ਉਸੇ ਸਮੇਂ ਸਵਾਮੀ ਰਾਮਾ ਨੰਦ ਜੀ ਦੇ ਦਰਬਾਰ ਵਿਚ ਵੀ ਭਗਵਾਨ ਲਈ ਸੀਧਾ ਤਿਆਰ ਕਰਕੇ ਭੋਗ ਲਗਾਉਣ ਵਾਸਤੇ ਲਿਆ ਰੱਖਿਆ ਰਾਮਾ ਨੰਦ ਜੀ ਨੇ ਭਗਵਾਨ ਨੂੰ ਬੁਲਾਇਆ ਤੇ ਭਗਵਾਨ ਜਦੋਂ ਕਾਹਲੀ-ਕਾਹਲੀ ਉੱਥੇ ਗਏ ਤਾਂ ਕੀ ਹੋਇਆ, ਅਕਸਰ ਕੀ ਕੀਤਾ ਜਾਂਦਾ ਹੈ ਕਿ ਭੋਜਨ ਅੰਦਰ ਰੱਖ ਕੇ ਪਰਦਾ ਦੇ ਦਿੱਤਾ ਜਾਂਦਾ ਹੈ, ਸੋ ਭਗਵਾਨ ਦੇ ਵਾਸਤੇ ਭੋਜਨ ਰੱਖ ਕੇ ਉਸ ਨੂੰ ਧਿਆਇਆ ਪ੍ਰੰਤੂ ਅੱਜ ਭਗਵਾਨ ਕਾਹਲੀ ਵਿਚ ਆਏ ਤਾਂ ਕੀ ਦੇਖਦੇ ਹਨ ਕਿ ਭਗਵਾਨ ਜੀ ਦੇ ਹੱਥਾਂ ਨੂੰ ਵੀ ਖਿਚੜੀ ਲੱਗੀ ਹੋਈ ਹੈ ਅਤੇ ਮੂੰਹ ਤੇ ਵੀ ਲੱਗੀ ਹੋਈ ਹੈ, ਤਾਂ ਪੁੱਛਣ ਲੱਗੇ ਮਹਾਰਾਜ, ਇਹ ਖਿਚੜੀ ਤੁਸੀਂ ਕਿਥੋਂ ਖਾ ਕੇ ਆਏ ਹੋ? ਅੱਜ ਤੁਸੀਂ ਕਿਵੇਂ ਇਸ ਸਰੂਪ ਵਿਚ ਆ ਗਏ'? ਅੱਗੋਂ ਭਗਵਾਨ ਜੀ ਕਹਿੰਦੇ, 'ਮੈਂ ਕਰਮਾਂ ਬਾਈ ਦੇ ਘਰ ਰੋਜ਼ ਖਿਚੜੀ ਖਾਣ ਜਾਂਦਾ ਹਾਂ, ਅੱਜ ਕਿਸੇ ਸੰਤ ਨੇ ਉਸਨੂੰ ਭਵਕਾ ਦਿੱਤਾ, ਜਿਸ ਕਾਰਨ ਉਸ ਨੇ ਖਿਚੜੀ ਦੇਰ ਨਾਲ ਖਿਲਾਈ, ਅਜੇ ਹੱਥ ਧਵਾਉਣੇ ਬਾਕੀ ਸਨ ਇੱਧਰ ਤੁਸਾਂ ਯਾਦ ਕੀਤਾ ਮੈਨੂੰ ਉਵੇਂ ਹੀ ਉੱਠ ਕੇ ਆਉਣਾ ਪਿਆ, ਹੱਥ ਸਾਫ ਕਰਨ ਦਾ ਸਮਾਂ ਵੀ ਨਹੀਂ ਮਿਲਿਆ'। ਇਹ ਸੁਣ ਕੇ ਪੁਜਾਰੀ ਹੈਰਾਨ ਹੋ ਗਿਆ ਕਿ ਕਰਮਾਂ ਬਾਈ ਦੇ ਘਰ ਰੋਜ਼ ਆਪ ਖਿਚੜੀ ਖਾਣ ਜਾਂਦੇ ਹੋ, ਤਾਂ ਸਵਾਮੀ ਰਾਮਾ ਨੰਦ ਬੀਬੀ ਕਰਮਾ ਬਾਈ ਦੇ ਦਰਵਾਜ਼ੇ ਤੇ ਗਏ, ਤੇ ਕਿਹਾ 'ਬੀਬੀ ਕਰਮਾ ਇਹ ਦੱਸ ਕਿ ਤੂੰ ਭਗਵਾਨ ਵਾਸਤੇ ਭੋਜਨ ਤਿਆਰ ਕਰਦੀ ਹੈ ਤੇ ਹਰ ਰੋਜ਼ ਭਗਵਾਨ ਤੇਰੇ ਘਰ ਖਿਚੜੀ ਖਾਣ ਵਾਸਤੇ ਆਉਂਦੇ ਹਨ ਤੂੰ ਸਾਧਨ ਕੀ ਕੀਤਾ ਹੈ? ਜਿਸ ਕਾਰਨ ਭਗਵਾਨ ਤੇਰੇ ਤੇ ਇੰਨੇ ਦਿਆਲੂ ਹੋਏ ਹਨ'।

ਕਰਮਾ ਬਾਈ ਕਹਿਣ ਲੱਗੀ 'ਮੈਂ ਤਾਂ ਕੋਈ ਖਾਸ ਸਾਧਨ ਨਹੀਂ ਕੀਤਾ। ਗੁਰਦੇਵ ਜੀ ਦੀ ਦੱਸੀ ਹੋਈ ਮਰਿਆਦਾ ਅਨੁਸਾਰ, ਉਹਨਾਂ ਦਾ ਦੱਸਿਆ ਹੋਇਆ ਨਾਮ ਜਪਦੀ ਹਾਂ, ਤੇ ਭਗਵਾਨ ਵਾਸਤੇ ਰੋਜ਼ ਮਰਿਆਦਾ ਅਨੁਸਾਰ ਭੋਜਨ ਤਿਆਰ ਕਰਦੀ ਹਾਂ। ਮੇਰੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮੇਰੇ 'ਤੇ ਸਾਰੀ ਬਖ਼ਸ਼ਿਸ਼ ਹੋਈ ਹੈ, ਉਹਨਾਂ ਦੀ ਕਿਰਪਾ ਨਾਲ ਹੀ ਇਹ ਦਾਸੀ ਨੂੰ ਸੇਵਾ ਮਿਲੀ ਹੈ'। ਕਰਮਾ ਦੇ ਚਰਨਾਂ ਵਿਚ ਸਵਾਮੀ ਰਾਮਾ ਨੰਦ ਜੀ ਨੇ ਇਕ ਬੇਨਤੀ ਕੀਤੀ ਕਿ ਕਰਮਾ ਜਿਸ ਤਰ੍ਹਾਂ ਤੇਰੇ ਘਰ ਵਿਚ ਸਾਖਸ਼ਾਤ ਰੂਪ ਵਿਚ ਭਗਵਾਨ ਆ ਕੇ ਤੇਰੇ ਪਾਸ ਬੈਠ ਕੇ ਭੋਜਨ ਛਕਦੇ ਹਨ, ਮੇਰੇ ਪ੍ਰਤੀ ਵੀ ਭਗਵਾਨ ਜੀ ਦੇ ਚਰਨਾਂ ਵਿਚ ਬੇਨਤੀ ਕਰਨੀ ਕਿ ਮੈਨੂੰ ਵੀ ਸਾਖਸ਼ਾਤ ਦਰਸ਼ਨ ਦੇਣ, ਮੈਨੂੰ ਭਗਵਾਨ ਦੇ ਪੂਰੇ ਦਰਸ਼ਨ ਨਹੀਂ ਹੁੰਦੇ।

ਦੂਸਰੇ ਦਿਨ ਫਿਰ ਭਗਵਾਨ ਆਏ ਅਤੇ ਭਗਵਾਨ ਜਿਸ ਵੇਲੇ ਖਿਚੜੀ ਖਾਣ ਲੱਗੇ, ਕਰਮਾ ਬਾਈ ਨੇ ਸਵਾਮੀ ਰਾਮਾ ਨੰਦ ਜੀ ਦੀ ਗਰਜ਼ ਭਰੀ ਅਰਜ਼ ਭਗਵਾਨ ਦੇ ਚਰਨਾਂ ਵਿਚ ਕੀਤੀ ਮਹਾਰਾਜ ਜੀ ਇਉਂ ਸੁਆਮੀ ਰਾਮਾ ਨੰਦ ਜੀ ਕਹਿੰਦੇ ਹਨ। ਭਗਵਾਨ ਕਹਿਣ ਲੱਗੇ ਕਰਮਾਂ ਉਸ ਦੇ ਦਿਲ ਦੇ ਵਿਚ ਕੁਝ ਦਵੈਤ ਹੈ ਤੇਰਾ ਸਿੱਧਾ ਸੁਭਾਅ ਹੈ, ਤੇਰਾ ਅੰਤਿਸ਼ਕਰਣ ਪਵਿੱਤਰ ਹੈ, ਤੇਰੇ ਮਨ ਵਿਚ ਕੋਈ ਵਿਰੋਧ ਨਹੀਂ, ਤੇਰਾ ਕਿਸੇ ਨਾਲ ਵੈਰ ਨਹੀਂ ਹੈ।

ਤੇਰਾ ਸ਼ਾਂਤ ਚਿਤ ਹੈ, ਸਮਦਰਸ਼ੀ ਹੈ, ਇਸ ਕਰਕੇ ਤੈਨੂੰ ਸਾਖਸ਼ਾਤ ਦਰਸ਼ਨ ਹੁੰਦੇ ਨੇ ਤਾਂ ਫਿਰ ਉਹਨਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਮੇਰੀ ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਕ ਵਾਰੀ ਸੁਆਮੀ ਜੀ ਨੂੰ ਜ਼ਰੂਰ ਦਰਸ਼ਨ ਦਿਓ। ਸੋ ਸਵਾਮੀ ਰਾਮਾ ਨੰਦ ਜੀ ਨੂੰ ਕਰਮਾ ਬਾਈ ਜੀ ਦੇ ਬੇਨਤੀ ਕਰਨ ਤੇ ਭਗਵਾਨ ਦੇ ਦਰਸ਼ਨ ਹੋਏ। ਸੋ ਗੁਰੂ ਰੂਪ ਸਾਧ ਸੰਗਤ ਜੀ ਕਰਮਾ ਬਾਈ ਤੇ ਇਕ ਦਿਨ ਭਗਵਾਨ ਬਹੁਤ ਖੁਸ਼ ਹੋਏ ਕਹਿੰਦੇ 'ਕਰਮਾ, ਕੁਛ ਵਰ ਮੰਗ ਲੈ'। ਕਹਿਣ ਲੱਗੀ ਸੱਚੇ ਪਾਤਸ਼ਾਹ ਜੀ ਮੈਨੂੰ ਕੋਈ ਇੱਛਾ ਨਹੀਂ ਹੈ, ਕਹਿਣ ਲੱਗੀ ਮਹਾਰਾਜ ਦੁਨੀਆਂ ਦੇ ਪਦਾਰਥਾਂ ਦਾ ਕੋਈ ਲਾਭ ਨਹੀਂ। ਮੈਂ ਤਾਂ ਮਹਾਰਾਜ ਜੀ ਤੁਸਾਂ ਦੇ ਚਰਨਾਂ ਦੀ ਭਗਤੀ ਹੀ ਮੰਗਦੀ ਹਾਂ, ਦੁਨੀਆਂ ਦੀ ਤਾਂ ਕੋਈ ਚੀਜ਼ ਸਦਾ ਰਹਿਣ ਵਾਲੀ ਨਹੀਂ ਹੈ ਤੇ ਕਰਮਾ ਬਾਈ ਨੇ ਕਿਹਾ ਮਹਾਰਾਜ ਜੀ ਮੇਰੇ ਮਨ ਦੇ ਵਿਚ ਇਕ ਖਿਆਲ ਹੈ ਕਿ ਆਪ ਜੀ ਤਾਂ ਅਵਿਨਾਸ਼ੀ ਹੋ, ਸਦਾ ਵਾਸਤੇ ਹੀ ਰਹਿਣ ਵਾਲੇ ਹੋ ਅਤੇ ਮੇਰਾ ਸਰੀਰ ਜੋ ਹੈ ਉਹ ਨਾਸ਼ ਹੋਣ ਵਾਲਾ ਹੈ, ਸਦਾ ਵਾਸਤੇ ਰਹਿਣ ਵਾਲਾ ਨਹੀਂ ਹੈ ਅਤੇ ਦਾਸੀ ਇਹ ਚਾਹੁੰਦੀ ਹੈ ਕਿ ਸਦਾ ਵਾਸਤੇ ਹੀ ਖਿਚੜੀ ਨੂੰ ਇਹ ਭੋਗ ਲੱਗਦਾ ਹੀ ਰਹੇ। ਪਹੇ ਪ੍ਰਭੂ ਜੀ ਮੇਰੀ ਆਪ ਜੀ ਅੱਗੇ ਇਹ ਪ੍ਰਾਰਥਨਾ ਹੈ ਕਿ ਜਿਸ ਤਰ੍ਹਾਂ ਤੁਸੀਂ ਹਰ ਰੋਜ਼ ਖਿਚੜੀ ਖਾਂਦੇ ਹੋ, ਇਸੇ ਤਰ੍ਹਾਂ ਹੀ ਰੋਜ਼ ਦਾਸੀ ਵਲੋਂ ਆਪ ਜੀ ਭੋਗ ਲੱਗਦੇ ਰਹਿਣ। ਮੇਰੀ ਮੰਗ ਹੈ ਕਿ ਪ੍ਰਭੂ ਜੀ ਆਪ ਜੀ ਨੂੰ ਹਰ ਰੋਜ਼ ਹੀ ਇਸ ਤਰ੍ਹਾਂ, ਜਿਵੇਂ ਤੁਸੀਂ ਖਿਚੜੀ ਖਾਂਦੇ ਹੋ, ਪ੍ਰਾਰਥਨਾ ਹੈ ਇਸੇ ਤਰ੍ਹਾਂ ਹੀ ਹਰ ਰੋਜ਼ ਦਾਸੀ ਵਲੋਂ ਆਪ ਜੀ ਨੂੰ ਭੋਗ ਲੱਗਦੇ ਰਹਿਣ। ਭਗਵਾਨ ਕਹਿਣ ਲੱਗੇ ਅੱਛਾ ਐਸਾ ਹੀ ਹੋਵਗਾ।

* * *

## ਜਗਤਗੁਰੂ ਰਵਿਦਾਸ ਮਹਾਰਾਜ ਜੀ ਚਰਨ ਕੁੰਡ

ਇਕ ਵਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਭੰਡਾਰਾ ਕੀਤਾ। ਇਸ ਭੰਡਾਰੇ ਵਿਚ ਕੰਨਿਆ ਦੇ ਰੂਪ ਵਿਚ ਖ਼ੁਦ ਗੰਗਾ ਜੀ ਹਾਜ਼ਰ ਹੋਏ। ਕੰਨਿਆ ਦੇ ਅਲੌਕਿਕ ਰੂਪ ਨੂੰ ਦੇਖ ਕੇ ਰਾਜਾ ਵਿਜੇ ਪਾਲ ਮੋਹਿਤ ਹੋ ਗਿਆ। ਉਸਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਸੰਦੇਸ਼ ਭੇਜਿਆ ਕਿ ਉਸ ਕੰਨਿਆ ਨਾਲ ਮੇਰਾ ਵਿਆਹ

ਕਰ ਦਿੱਤਾ ਜਾਵੇ ਨਹੀਂ ਤਾਂ ਤੁਹਾਨੂੰ ਤੋਪਦਮ ਕਰ ਦਿੱਤਾ ਜਾਵੇਗਾ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਇਹ ਗੱਲ ਗੰਗਾ ਜੀ ਨੂੰ ਦੱਸੀ। ਗੰਗਾ ਜੀ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਗੱਲ ਸੁਣ ਕੇ ਕਿਹਾ ਕਿ ਉਹ ਰਾਜਾ ਵਿਜੇ ਪਾਲ ਹੈ ਅਤੇ ਉੱਝ ਸਿੱਧੇ ਢੰਗ ਨਾਲ ਨਹੀਂ ਮੰਨੇਗਾ। ਉਹ ਤੁਹਾਨੂੰ ਪ੍ਰੇਸ਼ਾਨ ਕਰੇਗਾ। ਰਾਜਾ ਵਿਜੇ ਪਾਲ ਨੂੰ ਬਰਾਤ ਲੈ ਕੇ ਆਉਣ ਦਿਉ। ਰਾਜਾ ਵਿਜੇ ਪਾਲ ਬਹੁਤ ਧੂਮ-ਧਾਮ ਨਾਲ ਬਰਾਤ ਲੈ ਕੇ ਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਵਾਜ਼ੇ ਉੱਤੇ ਆ ਗਿਆ।

ਲੜਕੀ ਦੇ ਰੂਪ ਵਿਚ ਗੰਗਾ ਜੀ ਸੋਲ੍ਹਾਂ ਸ਼ਿੰਗਾਰ ਕਰਕੇ ਬਾਹਰ ਆਈ ਅਤੇ ਰਾਜਾ ਵਿਜੇ ਪਾਲ ਨੂੰ ਦੇਖਦੀ ਹੋਈ ਉਸ ਕੁੰਭ ਵਿਚ ਕੁੱਦ ਪਈ ਜਿਸ ਵਿਚੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਕੰਗਣ ਕੱਢੇ ਸਨ। ਗੰਗਾ ਜੀ ਉਸ ਕੁੰਭ ਦਾਉਰੀ ਵਿਚ ਸਮਾ ਗਈ। ਦਾਉਰੀ ਵਿਚੋਂ ਪਾਣੀ ਦੀ ਵਗਦੀ ਹੋਈ ਇਕ ਅਜਿਹੀ ਧਾਰਾ ਨਿਕਲੀ, ਜਿਸ ਵਿਚ ਸਾਰੀ ਬਰਾਤ ਡੁੱਬ ਗਈ। ਸਾਰਿਆਂ ਨੂੰ ਇਸ ਗੱਲ ਦਾ ਗਿਆਨ ਹੋ ਗਿਆ ਕਿ ਗੰਗਾ ਜੀ ਖੁਦ ਕੰਨਿਆ ਦੇ ਰੂਪ ਵਿਚ ਸਨ, ਜੋ ਸਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਸ਼ਨ ਕਰਨ ਲਈ ਆਏ ਹੋਏ ਸਨ। ਜਗਤਗੁਰੂ ਰਵਿਦਾਸ ਮਹਾਰਾਜ ਜੀ ਚਰਨ ਕੁੰਡ ਮਾਂਡਵੜ੍ਹ (ਮੱਧ ਪ੍ਰਦੇਸ਼) ਵਿਘੇ ਗੰਗਾ ਦੇ ਰੂਪ ਵਿੱਚ ਅੱਜ ਵੀ ਮੌਜੂਦ ਹੈ।

* * *

# ਉਲਟੀ ਗੰਗਾ ਵਹਾਉਣਾ

ਸਮੇਂ ਦੀ ਗਤੀ ਅਨੁਸਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਿਤਾ ਜੀ ਜੀਵਨ ਯਾਤਰਾ ਪੂਰਨ ਕਰਕੇ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਉਹਨਾਂ ਦੀ ਪਾਲਕੀ ਲੈ ਕੇ ਗੰਗਾ ਜੀ ਦੇ ਕਿਨਾਰੇ ਸੰਸਕਾਰ ਕਰਨ ਲਈ ਪਹੁੰਚ ਗਏ। ਜਦੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਆਪਣੇ ਪਿਤਾ ਜੀ ਦਾ ਸੰਸਕਾਰ ਕਰਨ ਲੱਗੇ ਤਾਂ ਪੰਡਿਤਾਂ ਨੇ ਉਹਨਾਂ ਨੂੰ ਗੰਗਾ ਦੇ ਕਿਨਾਰੇ ਅਜਿਹਾ ਕਰਨ ਤੋਂ ਰੋਕਿਆ ਅਤੇ ਕਿਹਾ ਕਿ ਇਥੋਂ ਅੱਧ ਮੀਲ ਦੀ ਦੂਰੀ ਤੇ ਲੈ ਜਾਉ। ਉਥੇ ਚਿਤਾ ਬਣਾਈ ਗਈ ਅਤੇ ਅਗਨੀ ਭੇਂਟ ਕੀਤੀ ਗਈ। ਇੰਨੇ ਵਿਚ ਗੰਗਾ ਜੀ ਦੀ ਇਕ ਵੱਡੀ ਲਹਿਰ ਆਈ ਤੇ ਉਸ ਚਿਤਾ ਨੂੰ ਆਪਣੀ ਲਪੇਟ ਵਿਚ ਲੈ ਗਈ। ਉਥੋਂ ਗੰਗਾ ਜੀ ਦਾ ਉਲਟਾ ਵਹਾਓ ਆਇਆ। ਇਸ ਲਈ ਇਸ ਸਥਾਨ ਦਾ ਨਾਮ 'ਉਲਟੀ ਗੰਗਾ' ਪੈ ਗਿਆ। ਅੱਜ ਵੀ ਉਸ ਸਥਾਨ ਦੀ ਸਥਿਤੀ ਉਸੇ ਤਰ੍ਹਾਂ ਹੀ ਦਿਖਾਈ ਦਿੰਦੀ ਹੈ।

* * *

# ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਿਕੰਦਰ ਲੋਧੀ

ਸਾਖੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਮਿਸ਼ਨ ਵਿਚ ਐਮ.ਐਰ. ਬਾਹੜਵਾਲ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਕਬੀਰ ਸਾਹਿਬ ਜੀ ਦੇ ਜੀਵਨ ਦੀ ਕਥਾ ਨੂੰ ਸਿੰਕਦਰ ਲੋਧੀ (ਜੋ ਉਹਨਾਂ ਦੇ ਸਮਕਾਲੀਨ ਸਨ) ਨਾਲ ਜੋੜਿਆ ਹੈ। ਸਤਿਗੁਰੂ ਕਬੀਰ ਜੀ ਨੂੰ ਪ੍ਰਭੂ ਭਗਤੀ ਤੋਂ ਰੋਕਣ ਲਈ ਬਹੁਤ ਯਤਨ ਕੀਤੇ ਗਏ। ਪ੍ਰੰਤੂ ਸਤਿਗੁਰੂ ਕਬੀਰ ਸਾਹਿਬ 'ਤੇ ਇਸ ਗੱਲ ਦਾ ਕੋਈ ਪ੍ਰਭਾਵ ਨਾ ਪਿਆ। ਸਤਿਗੁਰੂ ਕਬੀਰ ਜੀ ਨੂੰ ਸ਼ਰਾਬੀ (ਮਸਤ) ਹਾਥੀ ਅੱਗੇ ਸੁੱਟਿਆ ਗਿਆ ਪਰ ਹਾਥੀ ਕਬੀਰ ਸਾਹਿਬ ਨੂੰ ਨਮਸਕਾਰ ਕਰਕੇ ਵਾਪਿਸ ਚਲਾ ਗਿਆ। ਇਸ ਤੋਂ ਬਾਅਦ ਸਤਿਗੁਰੂ ਕਬੀਰ ਜੀ ਨੂੰ ਜੰਜ਼ੀਰ ਵਿਚ ਜਕੜ (ਬੰਨ੍ਹ) ਕੇ ਗੰਗਾ ਜੀ ਵਿਚ ਸੁੱਟਿਆ ਗਿਆ। ਗੰਗਾ ਜੀ ਦੀਆਂ ਲਹਿਰਾਂ ਨੇ ਉਹਨਾਂ ਦੀਆਂ ਬੇੜੀਆਂ ਕੱਟ ਦਿੱਤੀਆਂ।

ਇਸ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਇਕ ਹਨੇਰੀ ਕੋਠੜੀ ਵਿਚ ਬੰਦ ਕਰ ਦਿੱਤਾ ਗਿਆ। ਸਾਰੇ ਸ਼ਰਧਾਲੂਆਂ ਨੂੰ ਇਸ ਤਰ੍ਹਾਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਗੁਰੂ ਜੀ ਕਿਸੇ ਸਿੰਘਾਸਨ ਤੇ ਬੈਠੇ ਹੋਣ। ਜੇਲ੍ਹ ਦੇ ਅਧਿਕਾਰੀਆਂ ਨੇ ਸਿੰਕਦਰ ਲੋਧੀ ਨੂੰ ਇਹ ਜਾਣਕਾਰੀ ਦਿੱਤੀ ਕਿ ਗੁਰੂ ਜੀ ਬਹੁਤ ਗਿਆਨਵਾਨ ਹਨ। ਬਾਦਸ਼ਾਹ **ਸਿਕੰਦਰ** ਨੇ ਸੋਚਿਆ ਕਿ ਉਸਨੇ ਗੁਰੂ ਜੀ ਨੂੰ ਕੋਠੜੀ ਵਿਚ ਬੰਦ ਕਰਕੇ ਗ਼ਲਤ ਕੀਤਾ ਹੈ। ਬਾਦਸ਼ਾਹ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪਾਸੋਂ ਗਲਤੀ ਦੀ ਮੁਆਫ਼ੀ ਮੰਗੀ ਅਤੇ ਮੁੱਲਾਂ ਮੌਲਵੀਆਂ ਨੂੰ ਤਾੜਨਾ ਕੀਤੀ ਕਿ ਅੱਗੋਂ ਤੋਂ ਇਹਨਾਂ ਮਹਾਂਪੁਰਸ਼ਾਂ ਦੇ ਵਿਰੋਧ ਵਿਚ ਕੁਝ ਨਾ ਕਹਿਣ।

ਇਕ ਵਾਰ ਫਿਰ ਸਿਕੰਦਰ ਲੋਧੀ ਨੇ ਮੁਸਲਮਾਨਾਂ ਅਤੇ ਬ੍ਰਾਹਮਣਾਂ ਦੇ ਕਹਿਣ ਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਕੈਦ ਕਰ ਲਿਆ। ਜਦੋਂ ਰਾਤ ਹੋਈ ਤਾਂ ਸੰਤ ਰਵਿਦਾਸ ਮਹਾਰਾਜ ਜੀ ਦੀ ਨੂਰੀ ਸ਼ਕਤੀ ਨੇ ਇਕ ਜਲਵਾ ਦਿਖਾਇਆ। ਇਸ ਦ੍ਰਿਸ਼ ਵਿਚ ਸਿਕੰਦਰ ਲੋਧੀ ਨੇ ਦੇਖਿਆ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਉਹਨਾਂ ਦੀ ਸਹਾਇਤਾ ਕਰਕੇ ਉਹਨਾਂ ਨੂੰ ਬਚਾ ਰਹੇ ਹਨ। ਇਸ ਗੱਲ ਦਾ ਬਾਦਸ਼ਾਹ ਦੇ ਮਨ ਉੱਪਰ ਬਹੁਤ ਗਹਿਰਾ ਪ੍ਰਭਾਵ ਪਿਆ। ਬਾਦਸ਼ਾਹ ਨੂੰ ਮਹਿਸੂਸ ਹੋਇਆ ਕਿ ਉਸਨੇ ਗੁਰੂ ਜੀ ਨੂੰ ਜੇਲ੍ਹ ਵਿਚ ਬੰਦ ਕਰਕੇ ਬਹੁਤ ਵੱਡੀ ਭੁੱਲ ਕੀਤੀ ਹੈ। ਅਗਲੇ ਦਿਨ ਸਵੇਰੇ ਬਾਦਸ਼ਾਹ ਨੇ ਜਦੋਂ ਕਚਿਹਰੀ ਲਗਾਈ ਤਾਂ ਸ਼੍ਰੀ ਗੁਰੂ ਰਵਿਦਾਸ ਜੀ ਨੂੰ ਉੱਥੇ ਬੁਲਾਇਆ ਅਤੇ ਉਹਨਾਂ ਕੋਲੋਂ ਮੁਆਫ਼ੀ ਮੰਗੀ। ਬਾਦਸ਼ਾਹ ਨੇ ਜੇਲ੍ਹ ਵਿਚ ਜਿੱਥੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਬੰਦ ਕੀਤਾ ਸੀ, ਉਸ ਸਥਾਨ ਤੇ ਮਸਜਿਦ ਬਣਵਾਈ। ਇਹ ਮਸਜਿਦ ਅੱਜ ਵੀ ਬਨਾਰਸ ਵਿਚ ਸਥਿਤ ਹੈ। ਸ਼੍ਰੀ

ਹਰਭਜਨ ਰਤਨ ਨੇ ਵੀ ਆਪਣੇ ਮਹਾਂਕਾਵਿ 'ਗੁਰੂ ਰਵਿਦਾਸ ਮਹਾਨ' ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ, ਜਿਹਨਾਂ ਤੋਂ ਸਿਕੰਦਰ ਲੋਧੀ ਦਾ ਪਛਤਾਵਾ ਪ੍ਰਗਟ ਹੁੰਦਾ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨਤਾ ਅੱਗੇ ਸਿਕੰਦਰ ਬਾਦਸ਼ਾਹ ਨੂੰ ਵੀ ਝੁਕਣਾ ਪਿਆ।

ਡਾ. ਧਰਮਪਾਲ ਸਿੰਗਲ ਨੇ ਲਿਖਿਆ ਹੈ ਕਿ **'ਜਦੋਂ ਸਿਕੰਦਰ ਲੋਧੀ ਬਨਾਰਸ ਆਇਆ ਤਾਂ ਉਸਨੇ ਗੁਰੂ ਜੀ ਦੀ ਬਹੁਤ ਮਹਿਮਾ ਸੁਣੀ। ਉਹਨਾਂ ਦੀ ਮਹਿਮਾ ਸੁਣਕੇ ਸਿਕੰਦਰ ਲੋਧੀ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਆਪਣੇ ਦਰਬਾਰ ਵਿਚ ਬੁਲਾਇਆ। ਗੁਰੂ ਜੀ ਦੀ ਭਗਤੀ ਗਿਆਨ ਅਤੇ ਅਲੌਕਿਕ ਮਹਿਮਾ ਦੇਖ ਕੇ ਸਿਕੰਦਰ ਲੋਧੀ ਬਹੁਤ ਹੈਰਾਨ ਹੋਇਆ।'**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਭਗਤੀ ਅਤੇ ਗਿਆਨ ਕਾਰਨ ਉਹਨਾਂ ਦੇ ਸਮਕਾਲੀਨ ਬ੍ਰਾਹਮਣ ਉਹਨਾਂ ਤੋਂ ਬਹੁਤ ਈਰਖਾ ਕਰਦੇ ਹਨ। ਬਾਦਸ਼ਾਹ ਸਿਕੰਦਰ ਲੋਧੀ ਕੋਲ ਬ੍ਰਾਹਮਣਾਂ ਨੇ ਸ਼ਿਕਾਇਤ ਕੀਤੀ। ਇਸ ਸ਼ਿਕਾਇਤ ਦੇ ਫ਼ੈਸਲੇ ਲਈ ਇਕ ਸ਼ਰਾਬੀ (ਮਸਤ) ਹਾਥੀ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅੱਗੇ ਛੱਡਿਆ ਗਿਆ। ਉਹ ਹਾਥੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਨਮਸਕਾਰ ਕਰਕੇ ਵਾਪਿਸ ਚਲਾ ਗਿਆ। ਇਹ ਦੇਖ ਕੇ ਸਿਕੰਦਰ ਬਾਦਸ਼ਾਹ ਤੇ ਬਾਕੀ ਸਾਰੇ ਲੋਕ ਬਹੁਤ ਹੈਰਾਨ ਹੋਏ। ਸਿਕੰਦਰ ਬਾਦਸ਼ਾਹ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪਾਸੋਂ ਮੁਆਫ਼ੀ ਮੰਗੀ।

* * *

## ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਉਦਾਸੀਆਂ/ਯਾਤਰਾਵਾਂ

ਗੁਰੂ ਰਵਿਦਾਸ ਮਹਾਰਾਜ ਜੀ ਨੇ ਭਾਰਤ ਦੇਸ਼ ਵਿਚ ਭੁੱਲੀ-ਭਟਕੀ ਲੋਕਾਈ ਨੂੰ ਸਿੱਧੇ ਰਾਹੇ ਪਾਉਣ ਲਈ ਕਈ ਸਾਲ ਯਾਤਰਾਵਾਂ ਕੀਤੀਆਂ। ਪ੍ਰੰਤੂ ਛੂਆ-ਛੂਤ ਦਾ ਜ਼ੋਰ ਜ਼ਿਆਦਾ ਹੋਣ ਕਰਕੇ ਉਨ੍ਹਾਂ ਦੇ ਜਾਣ ਮਗਰੋਂ ਉਨ੍ਹਾਂ ਦੀਆਂ ਸਾਰੀਆਂ ਨਿਸ਼ਾਨੀਆਂ ਮਿਟਾ ਦਿੱਤੀਆਂ ਗਈਆਂ। ਗਰੀਬ ਅਤੇ ਦੂਜਿਆਂ ਦੀ ਕਿਰਪਾ 'ਤੇ ਜਿਊਣ ਵਾਲੇ ਸਮਾਜ ਨੇ ਉਨ੍ਹਾਂ ਦੀਆਂ ਯਾਦਾਂ ਕਿਵੇਂ ਸਾਂਭ ਕੇ ਰੱਖਣੀਆਂ ਸਨ!

ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੇ ਜੀਵਨ ਆਦਰਸ਼ ਨੂੰ ਭਾਰਤੀ ਸਮਾਜ ਤੱਕ ਪਹੁੰਚਾਉਣ ਲਈ ਕੇਵਲ ਲਿਖਤੀ ਬਾਣੀ ਰਾਹੀਂ ਹੀ ਨਹੀਂ ਬਲਕਿ ਭਾਰਤ ਤੱਕ ਪਹੁੰਚਾਉਣ ਲਈ ਕੇਵਲ ਲਿਖਤੀ ਬਾਣੀ ਰਾਹੀਂ ਹੀ ਨਹੀਂ ਬਲਕਿ ਭਾਰਤ ਦੇ ਕੋਨੇ-ਕੋਨੇ 'ਚ ਜਾ ਕੇ ਮਨੁੱਖ ਨੂੰ ਸੁਧਾਰਨ ਦਾ ਬੀੜਾ ਚੁੱਕਿਆ।

ਭਾਰਤੀ ਸਮਾਜ ਨੂੰ ਜਾਤ-ਪਾਤ, ਭੇਦ-ਭਾਵ, ਅਨਪੜ੍ਹਤਾ-ਜ਼ਹਾਲਤ, ਪਾਖੰਡਵਾਦ, ਔਰਤ ਦੀ ਹੋ ਰਹੀ ਅਧੋਗਤੀ ਜਿਹੇ ਭਿਆਨਕ ਮਸਲਿਆਂ ਤੋਂ ਨਜਾਤ ਦਿਵਾਉਣ ਲਈ ਗੁਰੂ ਰਵਿਦਾਸ ਜੀ ਨੇ ਹੇਠ ਲਿਖੀਆਂ ਯਾਤਰਾਵਾਂ ਆਰੰਭੀਆਂ। ਵਿਦਵਾਨ ਬੁੱਧੀਜੀਵੀਆਂ ਅਨੁਸਾਰ ਉਹ ਯਾਤਰਾਵਾਂ ਹਨ :-

## ਉਦਾਸੀ-1

(1) ਰਾਣੀਪੁਰ, ਮਾਲਪੀ, ਮਾਧੋਪੁਰ, ਭਾਗਲਪੁਰ, ਨਾਰਾਇਣਗੜ੍ਹ, ਕਾਲਪੀ ਅਤੇ ਨਾਗਪੁਰ।

(2) ਬਰਹਾਨਪੁਰ, ਬੀਜਾਪੁਰ ਅਤੇ ਭੂਪਾਲ।

(3) ਚੰਦੇਹੀ, ਝਾਂਸੀ, ਟੋਡ, ਬੂੰਦੀ ਅਤੇ ਫਿਰ ਉਦੇਪੁਰ।

(4) ਜੋਧਪੁਰ, ਅਜਮੇਰ ਤੇ ਫਿਰ ਬੰਬਈ।

(5) ਅਮਰਕੋਟ, ਹੈਦਰਾਬਾਦ, ਕਾਠੀਆਵਾੜ ਤੇ ਫਿਰ ਬੰਬਈ।

(6) ਬੰਬਈ ਤੋਂ ਕਰਾਚੀ, ਜੈਸਲਮੇਰ, ਜੋਧਪੁਰ ਤੇ ਬਹਾਵਲਪੁਰ।

(7) ਕਾਲਾਬਾਗ਼ ਕੋਹਾਟ, ਦੱਰਾ ਖੈਬਰ ਤੇ ਜਲਾਲਾਬਾਦ।

(8) ਜਲਾਲਾਬਾਦ ਤੋਂ ਕਾਫਰਸਤਾਨ ਤੇ ਫਿਰ ਏਥੋਂ ਸ੍ਰੀਨਗਰ।

(9) ਡਲਹੌਜੀ ਤੋਂ ਗੋਰਖਪੁਰ (ਨਾਥਾਂ ਨਾਲ ਵਾਰਤਾਲਾਪ) ਤੇ ਗੋਰਖਪੁਰ ਤੋਂ ਕਾਸ਼ੀਪੁਰ।

## ਉਦਾਸੀ-2

ਕਾਸ਼ੀਪੁਰ ਤੋਂ ਗੋਰਖਪੁਰ ਫਿਰ ਇਥੋਂ ਪਰਤਾਪਗੜ੍ਹ, ਸ਼ਾਹਜਹਾਨਪੁਰ ਤੇ ਇਸ ਤੋਂ ਬਾਅਦ ਉਹ ਹਿਮਾਲਾ ਪਰਬਤ 'ਤੇ ਚੜ੍ਹ ਗਏ। ਸੰਗਤ ਸਾਰੀ ਮੋੜ ਦਿੱਤੀ ਤੇ ਹੁਕਮ ਦਿੱਤਾ ਕਿ ਉਨ੍ਹਾਂ ਦਾ ਪੁੱਤਰ ਉਨ੍ਹਾਂ ਤੋਂ ਬਾਅਦ ਸੰਗਤ ਨੂੰ ਨਾਮ/ਗੁਰੂਦੀਖਿਆ ਦੇਵੇਗਾ ਅਤੇ ਉਹ ਕਾਫੀ ਦੇਰ ਬਾਅਦ ਆਉਣਗੇ।

ਇਨ੍ਹਾਂ ਯਾਤਰਾਵਾਂ ਦੌਰਾਨ ਗੁਰੂ ਜੀ ਨੇ ਬਹੁਤ ਸਾਰੇ ਕ੍ਰਾਂਤੀਕਾਰੀ ਸੁਧਾਰ ਲਿਆਂਦੇ। ਗੁਰੂ ਜੀ ਦੇ ਚਰਨਾਂ ਵਿਚ ਢਹਿ ਕੇ ਬਹੁਤ ਸਾਰੇ ਪਾਪੀਆਂ ਨੇ ਆਪਣੀਆਂ ਭੁੱਲਾਂ ਬਖ਼ਸ਼ਾਈਆਂ, ਧਰਮ ਦੇ ਕੱਟੜ ਤੋਂ ਕੱਟੜ ਠੇਕੇਦਾਰਾਂ ਨੇ ਗੁਰੂ ਜੀ ਦੁਆਰਾ ਦਰਸਾਏ ਰਾਹ 'ਤੇ ਚੱਲਕੇ ਆਪਣਾ ਜੀਵਨ ਸਫ਼ਲ ਕੀਤਾ। ਇਸ ਦੌਰਾਨ ਗੁਰੂ ਜੀ ਨੇ ਕਈ ਲਾਇਲਾਜ ਰੋਗੀਆਂ 'ਤੇ ਵੀ ਕਿਰਪਾ ਕੀਤੀ। ਗੁਰੂ ਜੀ ਨੇ ਕਈ ਅੰਨ੍ਹਿਆਂ ਨੂੰ ਨਜ਼ਰਾਂ ਦਿੱਤੀਆਂ। ਜੋ ਵੀ ਪ੍ਰਾਣੀ ਉਨ੍ਹਾਂ ਦੀ ਸ਼ਰਨ ਵਿਚ ਆਇਆ ਚਾਹੇ ਉਹ ਹਿੰਦੂ ਸੀ ਜਾਂ ਮੁਸਲਮਾਨ, ਬ੍ਰਾਹਮਣ, ਖੱਤਰੀ, ਵੈਸ਼ ਜਾਂ ਸ਼ੂਦਰ ਸੀ, ਸਭ 'ਤੇ ਗੁਰੂ ਜੀ ਨੇ ਆਪਣੀ ਮਿਹਰ ਭਰੀ ਨਜ਼ਰ ਕੀਤੀ।

## ਉਦਾਸੀ-3

### (ਗੁਰੂ ਰਵਿਦਾਸ ਜੀ ਦੀ ਅਰਬ ਦੇਸ਼ਾਂ ਦੀ ਯਾਤਰਾ)

ਗੁਰੂ ਜੀ ਨੇ ਹਰ ਧਰਮ ਦੇ ਮੁਖੀਆਂ ਨਾਲ ਵਿਚਾਰ ਗੋਸ਼ਟੀਆਂ ਕੀਤੀਆਂ ਅਤੇ ਅਣਗਿਣਤ ਲੋਕਾਂ ਨੂੰ ਸਤਿ ਉਪਦੇਸ਼ ਦਿੱਤੇ।

ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਵਿਚ ਆਏ ਸਥਾਨਾਂ ਦੇ ਨਾਵਾਂ ਤੇ ਸਥਾਨਾਂ ਦੇ ਗੂੜ੍ਹੇ ਭੇਦਾਂ ਤੋਂ ਵੀ ਵਾਕਫ਼ੀ ਹੁੰਦੀ ਹੈ ਕਿ ਆਪ ਨੇ ਦੂਰ-ਦੂਰ ਤੱਕ ਗਵਨ ਕੀਤਾ। ਆਪ ਜੀ ਦਾ ਇਕ ਸ਼ਬਦ **'ਬੇਗ਼ਮਪੁਰਾ ਸਹਰ ਕੋ ਨਾਓ'** ਵਿਚ ਦਰਜ 'ਆਬਾਦਾਨ' 'ਤੇ ਵਿਚਾਰ ਕਰੀਏ ਤਾਂ ਆਪ ਜੀ ਦੀ ਅਰਬ ਦੇਸ਼ਾਂ ਦੀ ਯਾਤਰਾ ਦੇ ਸੰਕੇਤ ਮਿਲਦੇ ਹਨ।

ਮੈਂ ਜਦੋਂ ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦੀ ਵਿਆਖਿਆ ਦੇ ਸੰਬੰਧ ਵਿਚ ਬਾਣੀ ਦੇ ਵਿਚ ਪ੍ਰਯੋਗ ਕੀਤੇ ਲਫ਼ਜ਼ਾਂ ਦੇ ਅਰਥਾਂ ਨੂੰ ਡੂੰਘਾਈ ਨਾਲ ਵਾਚ ਰਿਹਾ ਸੀ ਤਾਂ ਆਬਾਦਾਨੁ ਦਾ ਅਰਥ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਦੇਖ ਕੇ ਹੈਰਾਨ ਰਹਿ ਗਿਆ ਜਦਕਿ ਬਹੁਤੇ ਵਿਆਖਿਆਕਾਰ 'ਆਬਾਦਾਨੁ' ਦਾ ਅਰਥ ਸਿਰਫ਼ 'ਆਬਾਦ' ਹੀ ਕੱਢਦੇ ਆਏ ਹਨ। 'ਮਹਾਨ ਕੋਸ਼' ਵਿਚ ਇਸਦਾ ਅਰਥ 'ਈਰਾਕ ਅਰਬ ਦਾ ਇਕ ਪ੍ਰਸਿੱਧ ਸ਼ਹਿਰ' ਹੈ। ਖੋਜ ਕਰਨ ਉਪਰੰਤ ਪਤਾ ਲੱਗਾ ਹੈ ਕਿ ਆਬਾਦਾਨ ਈਰਾਕ ਦਾ ਨਹੀਂ ਈਰਾਨ ਦਾ ਪ੍ਰਸਿੱਧ ਸ਼ਹਿਰ ਹੈ।

ਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਤੋਂ ਇਹ ਪ੍ਰਮਾਣ ਮਿਲਦਾ ਹੈ ਕਿ ਗੁਰੂ ਜੀ ਨੇ ਆਪਣੀ ਬਾਣੀ ਖ਼ੁਦ ਦੇ ਨਿੱਜੀ ਅਨੁਭਵ ਦੁਆਰਾ ਹੀ ਲਿਖੀ ਹੈ। ਬਾਹਰੀ ਕਿਰਿਆਵਾਂ ਨੂੰ ਅੰਦਰੂਨੀ ਅਨੁਭਵ ਨਾਲ ਸੁਮੇਲ ਕਰਕੇ ਸ੍ਰੋਤਿਆਂ ਨੂੰ ਰੁਚਿਤ ਕਰਨ ਵਾਸਤੇ ਅਤੇ ਜਨ ਕਲਿਆਣ ਵਾਸਤੇ ਆਪਣੀ ਬਾਣੀ ਨੂੰ ਬਹੁਤ ਸੁੰਦਰ ਢੰਗ-ਤਰੀਕਿਆਂ ਨਾਲ ਉਚਾਰਨ ਕੀਤਾ ਹੈ-

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧॥
ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥

ਭਾਵ—ਜੇਕਰ ਰਾਮ ਨਾਮ ਦਾ ਵਣਜ ਕਰਨ ਵਾਲਾ ਕੋਈ ਵਪਾਰੀ ਹੈ ਤਾਂ ਮੇਰੇ ਪਾਸ ਆ ਕੇ ਪਰਮਾਤਮਾ ਦੇ ਰਾਮ-ਨਾਮ ਦਾ ਵਪਾਰ ਕਰ ਲਵੇ। ਮੇਰਾ ਟਾਂਡਾ ਪਰਮਾਤਮਾ ਦੇ ਨਾਮ ਨਾਲ ਲੱਦਿਆ ਹੋਇਆ ਹੈ। ਜਿਵੇਂ ਇਕ ਗੁਣ-ਹੀਣ ਬੈਲ ਲਈ ਪਹਾੜੀ ਦਾ ਬਿਖੜਾ ਅਤੇ ਸੰਘਣਾ ਰਸਤਾ ਤਹਿ ਕਰਕੇ ਆਪਣੀ ਮੰਜ਼ਿਲ ਦੀ ਪ੍ਰਾਪਤੀ ਕਰਨਾ ਔਖਾ ਹੈ। ਇਸੇ ਤਰ੍ਹਾਂ ਸੰਸਾਰੀ ਜੀਵ ਲਈ ਦੁਰਲੱਭ ਮਨੁੱਖ ਜਨਮ ਪ੍ਰਾਪਤ ਕਰਕੇ ਪਰਮਾਤਮਾ ਦੀ ਪ੍ਰਾਪਤੀ ਦਾ ਰਸਤਾ ਅਗਿਆਨਤਾ ਅਤੇ ਸੰਸਾਰੀ

ਝੂਠੇ ਬੰਧਨਾਂ ਕਾਰਨ ਬਹੁਤ ਖ਼ਤਰਨਾਕ, ਪਹਾੜੀ ਵਾਂਗ ਕਠਿਨ ਅਤੇ ਜੰਗਲ ਵਾਂਗ ਘਣਾ ਹੈ। ਇਸ ਰਸਤੇ ਤੋਂ ਲੰਘਣ ਵਾਲੇ ਜੀਵ ਦਾ ਮਨ-ਰੂਪੀ ਬੈਲ ਬਹੁਤ ਕਮਜ਼ੋਰ ਹੈ। ਹੇ ਪਰਮਾਤਮਾ ! ਮੇਰੀ ਆਪ ਜੀ ਅੱਗੇ ਬੇਨਤੀ ਹੈ ਕਿ ਸੰਸਾਰੀ ਜੀਵ ਦੀ ਸਵਾਸਾਂ ਰੂਪੀ ਪੂੰਜੀ ਦੀ ਰੱਖਿਆ ਕਰੋ ਜੀ।

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾਪਾਰੁ ਨ ਸੂਝ ॥

ਭਾਵ-ਹੇ ਪਰਮਾਤਮਾ ਜੀ, ਜਿਵੇਂ ਖੂਹ ਵਿਚ ਡੱਡੂ ਪਿਆ ਹੁੰਦਾ ਹੈ ਉਸ ਨੂੰ ਖੂਹ ਤੋਂ ਬਾਹਰੀ ਦੁਨੀਆਂ ਦੀ ਕੋਈ ਖ਼ਬਰ ਨਹੀਂ ਹੁੰਦੀ। ਕਿਉਂਕਿ ਡੱਡੂ ਦਾ ਮਨ ਅਗਿਆਨਤਾ-ਵਸ ਹੋ ਕੇ ਵਿਸ਼ੇ ਵਿਕਾਰਾਂ ਨਾਲ ਲਿਪਤ ਹੋਏ ਨੂੰ ਖੂਹ ਤੋਂ ਬਾਹਰੀ ਦੁਨੀਆਂ ਦੀ ਕੋਈ ਖ਼ਬਰ ਨਹੀਂ ਹੈ। ਇਸੇ ਪ੍ਰਕਾਰ ਦੀ ਹਾਲਤ ਇਸ ਜੀਵ ਦੀ ਹੈ, ਜਿਸ ਦਾ ਮਨ ਅਗਿਆਨਤਾ ਵਸ ਹੋ ਕੇ ਭਰਮ ਰੂਪੀ ਖੂਹ ਵਿਚ ਫਸਿਆ ਹੈ।

ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥
ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥੫॥
ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥

ਭਾਵ-ਜਿਵੇਂ ਇਹ ਮਹਾਨ ਸੱਚਾਈ ਹੈ ਕਿ ਸੂਰਜ ਦੇ ਪ੍ਰਕਾਸ਼ ਨਾਲ ਰਾਤ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ। ਇਸ ਗੱਲ ਨੂੰ ਸੰਸਾਰ ਦੇ ਲੋਕ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਇਸੇ ਤਰ੍ਹਾਂ ਜਦ ਤੱਕ ਜੀਵ ਦੇ ਮਨ ਵਿਚ ਗੁਰੂ ਦੇ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ ਓਨਾ ਚਿਰ ਅਗਿਆਨਤਾ ਦੇ ਹਨੇਰੇ ਦਾ ਨਾਸ਼ ਨਹੀਂ ਹੁੰਦਾ। ਜੀਵ ਦੇ ਪੂਰਵਲੇ ਕਰਮ ਚੰਗੇ ਤਾਂ ਹੀ ਸਮਝਣੇ ਚਾਹੀਦੇ ਹਨ ਜਦੋਂ ਉਸਦਾ ਪਰਸ ਪਾਰਸ ਗੁਰੂ ਨਾਲ ਮਿਲਾਪ ਹੋ ਜਾਂਦਾ ਹੈ ਜਿਸਦੇ ਮਿਲਣ ਨਾਲ ਜੀਵ ਦੇ ਅਗਿਆਨਤਾ ਦੇ ਸਖ਼ਤ ਦਰਵਾਜ਼ੇ ਖੁੱਲ੍ਹ ਜਾਂਦੇ ਹਨ ਅਤੇ ਜੀਵ ਤੁਰੀਆ ਅਵਸਥਾ ਵਿਚ ਪਹੁੰਚ ਜਾਂਦਾ ਹੈ।

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥

ਭਾਵ-ਹੇ ਪਰਮਾਤਮਾ ਜੀ ! ਆਪ ਸੰਸਾਰ ਵਿਚ ਚੰਦਨ ਵਾਂਗ ਸ੍ਰੇਸ਼ਟ ਹੋ। ਅਸੀਂ ਸੰਸਾਰੀ ਜੀਵ ਵਿਕਾਰਾਂ ਕਰਕੇ ਇਰੰਡ ਵਾਂਗ ਗੁਣਹੀਨ ਹਾਂ। ਪਰ ਜਿਵੇਂ ਚੰਦਨ ਪਾਸ ਅਰਿੰਡ ਦਾ ਵਾਸਾ ਹੁੰਦਾ ਹੈ, ਇਸੇ ਤਰ੍ਹਾਂ ਪ੍ਰਭੂ ਜੀ ਸਾਡਾ ਵਾਸਾ ਆਪ ਪਾਸ ਹੈ। ਜਿਵੇਂ ਚੰਦਨ ਦੇ ਕੋਲ ਰਹਿਣ ਕਰਕੇ ਇਰੰਡ ਵਿਚ ਵੀ ਚੰਦਨ ਵਰਗੀ ਸੁਗੰਧੀ ਆ ਜਾਂਦੀ ਹੈ ਅਤੇ ਨੀਚ ਕਿਹਾ ਜਾਣ ਵਾਲਾ ਇਰੰਡ ਚੰਦਨ ਵਰਗਾ ਹੀ ਉੱਤਮ ਬਣ ਜਾਂਦਾ ਹੈ। ਇਸੇ ਪ੍ਰਕਾਰ ਪਰਮਾਤਮਾ ਜੀ, ਆਪ ਦੀ ਸੰਗਤ ਕਰਕੇ ਅਸੀਂ ਆਪ ਦਾ ਰੂਪ ਹੋ ਗਏ ਹਾਂ।

ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ
ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ
ਪੂਜੀਐ ਕਰਿ ਨਮਸਕਾਰੰ॥੨॥

ਭਾਵ-ਜਿਵੇਂ ਤਾੜ ਦਾ ਰੁੱਖ ਅਪਵਿੱਤਰ ਮੰਨਿਆ ਜਾਂਦਾ ਹੈ ਕਿਉਂਕਿ ਉਸ ਵਿਚ ਨਸ਼ੇ ਵਰਗਾ (ਜਲ) ਪਦਾਰਥ ਹੁੰਦਾ ਹੈ। ਵਿਚਾਰ ਕਰਨ ਵਾਲੇ ਤਾੜ ਦੇ ਰੁੱਖ ਦੇ ਪੱਤਿਆਂ ਤੋਂ ਬਣੇ ਕਾਗਜ਼ਾਂ ਨੂੰ ਅਪਵਿੱਤਰ ਸਮਝਦੇ ਹਨ। ਪ੍ਰੰਤੂ ਜਦੋਂ ਉਹਨਾਂ 'ਤੇ ਪ੍ਰਭੂ ਦਾ ਨਾਮ ਅਤੇ ਪ੍ਰਭੂ ਦੀ ਸਿਫ਼ਤ ਸਲਾਹ ਲਿਖ ਦਿੱਤੀ ਜਾਂਦੀ ਹੈ ਤਾਂ ਨਮਸਕਾਰਾਂ ਕਰਕੇ ਪੂਜੇ ਜਾਂਦੇ ਹਨ। ਇਸੇ ਤਰ੍ਹਾਂ ਜਿਨ੍ਹਾਂ ਜੀਵਾਂ ਨੂੰ ਸੰਸਾਰੀ ਲੋਕ ਅਗਿਆਨਤਾ ਕਰਕੇ ਨੀਚ ਸਮਝਦੇ ਸਨ, ਜਦੋਂ ਉਨ੍ਹਾਂ ਨੇ ਪਰਮਾਤਮਾ ਦਾ ਨਾਮ ਜਪਿਆ ਤਾਂ ਉਹ ਵੀ ਇਸ ਸੰਸਾਰ ਵਿਚ ਨਮਸਕਾਰਾਂ ਕਰਕੇ ਪੂਜੇ ਜਾਂਦੇ।

ਤੂ ਕਾਂਇ ਗਰਬਹਿ ਬਾਵਲੀ॥
ਜੈਸੇ ਭਾਦਉ ਖੂੰਬ ਰਾਜੁ ਤੂ ਤਿਸ ਤੇ ਖਰੀ ਉਤਾਵਲੀ॥੧॥ ਰਹਾਉ॥
ਜੈਸੇ ਕੁਰੰਕ ਨਹੀ ਪਾਇਓ ਭੇਦੁ॥
ਤਨਿ ਸੁਗੰਧ ਢੂਢੈ ਪ੍ਰਦੇਸੁ॥

ਭਾਵ- ਹੇ ਝੱਲੀਏ, ਤੂੰ ਝੂਠਾ ਹੰਕਾਰ ਕਿਉਂ ਕਰਦੀ ਹੈ। ਜਿਵੇਂ ਭਾਦੋਂ ਦੇ ਮਹੀਨੇ ਵਿਚ ਖੁੰਬਾਂ ਦਾ ਜੀਵਨ ਕੁਝ ਕੁ ਸਮੇਂ ਲਈ ਹੀ ਹੁੰਦਾ ਹੈ। ਤੇਰਾ ਤਾਂ ਕੋਈ ਭਰੋਸਾ ਹੀ ਨਹੀਂ ਤੂੰ ਤਾਂ ਉਸ ਤੋਂ ਵੀ ਛੇਤੀ ਸਮਾਪਤ ਹੋਣ ਵਾਲੀ ਹੈ।

ਮੈਲੇ ਕਪਰੇ ਕਹਾ ਲਉ ਧੋਵਉ॥
ਆਵੈਗੀ ਨੀਦ ਕਹਾ ਲਗੁ ਸੋਵਉ॥

ਭਾਵ-ਸੰਤਾਂ ਦੀ ਸੰਗਤ ਤੋਂ ਬਿਨਾਂ ਜੀਵ ਅੰਤਹਿ-ਕਰਣ ਰੂਪੀ ਮੈਲੇ ਕੱਪੜਿਆਂ ਨੂੰ ਕਿੱਥੇ ਜਾ ਕੇ ਧੋਵੇਗਾ? ਅਤੇ ਅਗਿਆਨਤਾ ਰੂਪੀ ਨੀਂਦ ਵਿਚ ਕਦੋਂ ਤੱਕ ਸੌਵੇਂਗਾ?

ਗੁਰੂ ਜੀ ਨੇ ਹੇਠ ਲਿਖਿਆ ਪੂਰਾ ਸ਼ਬਦ ਹੀ ਆਪਣੇ ਸਮਾਜ ਦੇ ਰੋਜ਼ਾਨਾ ਕੰਮ-ਕਾਜ ਨਾਲ ਜੋੜ ਕੇ ਲਿਖ ਦਿੱਤਾ:

ਚਮਰਟਾ ਗਾਂਠਿ ਨ ਜਨਈ॥
ਲੋਗੁ ਗਠਾਵੈ ਪਨਹੀ॥੧॥ ਰਹਾਉ॥
ਆਰ ਨਹੀ ਜਿਹ ਤੋਪਉ॥
ਨਹੀ ਰਾਂਬੀ ਠਾਉ ਰੋਪਉ॥੧॥
ਲੋਗੁ ਗੰਠਿ ਗੰਠਿ ਖਰਾ ਬਿਗੂਚਾ॥

ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥
ਰਵਿਦਾਸੁ ਜਪੈ ਰਾਮ ਨਾਮਾ ॥
ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥

ਇਥੋਂ ਤੱਕ ਕਿ ਉਨ੍ਹਾਂ ਨੇ ਆਪਣੇ ਸਮਕਾਲੀ ਸੰਤਾਂ ਦਾ ਨਾਮ ਵੀ ਆਪਣੀ ਬਾਣੀ ਵਿਚ ਦਰਜ ਕੀਤਾ

ਨਾਮਦੇਵ 'ਕਬੀਰੁ' ਤਿਲੋਚਨੁ 'ਸਧਨਾ' 'ਸੈਨੁ' ਤਰੈ ॥
ਫਲ ਕਾਰਨ ਫੂਲੀ ਬਨਰਾਇ ॥
ਫਲੁ ਲਾਗਾ ਤਬ ਫੂਲੁ ਬਿਲਾਇ ॥

ਭਾਵ-ਜਿਵੇਂ ਸਾਰੀ ਸ੍ਰਿਸ਼ਟੀ ਦੀ ਬਨਸਪਤੀ ਫ਼ਲ ਦੇਣ ਲਈ ਪ੍ਰਫੁਲਿਤ ਹੁੰਦੀ ਹੈ ਅਤੇ ਉਸਨੂੰ ਫੁੱਲ ਲੱਗਦੇ ਹਨ ਪਰ ਜਿਸ ਵੇਲੇ ਫਲ ਲੱਗ ਜਾਂਦੇ ਹਨ ਤਾਂ ਉਸ ਵੇਲੇ ਫੁੱਲ ਝੜ ਜਾਂਦੇ ਹਨ।

ਘ੍ਰਿਤ ਕਾਰਨ ਦਧਿ ਮਥੈ ਸਇਆਨ ॥
ਜੀਵਤ ਮੁਕਤ ਸਦਾ ਨਿਰਬਾਨ ॥

ਭਾਵ-ਜਿਵੇਂ ਸਿਆਣੀ ਇਸਤਰੀ ਘਿਉ ਦੀ ਪ੍ਰਾਪਤੀ ਲਈ ਦਹੀਂ ਨੂੰ ਰਿੜਕਦੀ ਹੈ, ਜਦੋਂ ਮੱਖਣ ਨਿਕਲ ਆਉਂਦਾ ਹੈ ਤਾਂ ਰਿੜਕਣਾ ਬੰਦ ਕਰ ਦਿੰਦੀ ਹੈ। ਇਸੇ ਤਰ੍ਹਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਵਾਸਤੇ ਜਗਿਆਸੂ ਸ੍ਰੇਸ਼ਟ ਕਰਮ ਕਰਦਾ ਹੈ। ਜਿਸ ਵੇਲੇ ਬ੍ਰਹਮ ਗਿਆਨ ਹੋ ਜਾਂਦਾ ਹੈ ਤਾਂ ਜਿਊਂਦੇ ਜੀਅ ਮੁਕਤੀ ਦੀ ਅਵਸਥਾ ਪ੍ਰਾਪਤ ਕਰਕੇ ਹਮੇਸ਼ਾਂ ਰਹਿਣ ਵਾਲੇ ਨਿਰਵਾਣ-ਪਦ ਨੂੰ ਪ੍ਰਾਪਤ ਕਰ ਲੈਂਦਾ ਹੈ।

ਉਪਰੋਕਤ ਸ਼ਬਦਾਂ ਨੂੰ ਵਿਚਾਰਨ ਤੋਂ ਬਾਅਦ ਅਸੀਂ ਇਸ ਸਿੱਟੇ 'ਤੇ ਪਹੁੰਚ ਸਕਦੇ ਹਾਂ ਕਿ ਗੁਰੂ ਜੀ ਨੇ ਬਹੁਤ ਸੋਹਣੇ ਢੰਗ ਨਾਲ ਆਪਣੇ ਜੀਵਨ ਵਿਚਲੀਆਂ ਉਦਾਹਰਨਾਂ ਨੂੰ ਪੇਸ਼ ਕੀਤਾ ਹੈ। ਹੋ ਸਕਦਾ ਹੈ ਕਿ ਗੁਰੂ ਜੀ ਦੇ ਸ਼ਿਸ਼ ਮੁਸਲਮਾਨ ਰਾਜਿਆਂ ਦੀ ਬੇਨਤੀ ਸਵਿਕਾਰਦੇ ਹੋਏ ਧਰਮ ਪ੍ਰਚਾਰ ਹਿੱਤ ਇਸ ਮਸ਼ਹੂਰ ਸ਼ਹਿਰ 'ਆਬਾਦਾਨ' ਵਿਚ ਚਰਨ ਪਾਏ ਹੋਣ।* ਜਿਸ ਦਾ ਸਾਰਾ ਦ੍ਰਿਸ਼ ਉਨ੍ਹਾਂ ਨੇ ਆਪਣੀ ਬਾਣੀ ਵਿਚ ਉਲੀਕ ਦਿੱਤਾ ਜੋ ਉਨ੍ਹਾਂ ਦੀ ਉੱਚ ਕੋਟੀ ਦੀ ਕਾਵਿ ਦ੍ਰਿਸ਼ਟੀ ਮੰਨੀ ਜਾ ਸਕਦੀ ਹੈ। ਜਦੋਂ ਕੋਈ ਕਵੀ ਕਵਿਤਾ ਲਿਖਦਾ ਹੈ ਤਾਂ ਉਹ ਆਪਣੇ ਆਲੇ-ਦੁਆਲੇ ਅਤੇ ਆਪਣੇ ਜੀਵਨ ਵਿਚੋਂ ਸੰਕਲਪ ਪੇਸ਼ ਕਰਦਾ ਹੈ। ਇਹੋ ਸੰਕਲਪ ਗੁਰੂ ਰਵਿਦਾਸ ਮਹਾਰਾਜ ਜੀ ਬਾਣੀ 'ਤੇ ਢੁੱਕਦੇ ਹਨ। ਆਪ ਦੀ ਉੱਚ-ਕੋਟੀ ਦੀ ਕਾਵਿਕ-ਦ੍ਰਿਸ਼ਟੀ ਦਾ ਨਤੀਜਾ ਹੀ ਹੈ ਕਿ 'ਬੇਗ਼ਮਪੁਰਾ ਸਹਰ ਕੋ ਨਾਉ' ਵਰਗਾ ਰਲਦਾ ਸ਼ਬਦ ਹੋਰ ਕਿਸੇ ਮਹਾਂਪੁਰਖ ਦੀ ਬਾਣੀ ਵਿਚ ਉਪਸਥਿਤ ਨਹੀਂ ਹੈ।

ਗੁਰੂ ਰਵਿਦਾਸ ਮਹਾਰਾਜ ਜੀ ਨੇ ਅਰਬ ਦੀ ਯਾਤਰਾ ਕਰਨ ਤੋਂ ਬਾਅਦ ਓਥੋਂ ਦੇ ਸੁੰਦਰ ਸ਼ਹਿਰ 'ਆਬਾਦਾਨ' ਨੂੰ ਦੇਖ ਕੇ ਬੇਗਮਪੁਰੇ ਦੇ ਸੰਕਲਪ ਵਾਲਾ ਸ਼ਬਦ ਉਚਾਰਿਆ, ਆਪ ਜੀ ਨੇ ਬੜੇ ਸੁੰਦਰ ਢੰਗ ਨਾਲ ਫ਼ਰਮਾਇਆ :

**ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥**
**ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥**
**ਅਬ ਮੋਹਿ ਖੂਬ ਵਤਨ ਗਹ ਪਾਈ ॥**
**ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥**
**ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥**
**ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥**
**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥**
**ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥**

ਉਪਰੋਕਤ ਸ਼ਬਦ ਨੂੰ ਪੜ੍ਹਨ, ਸੁਨਣ, ਪਰਖਣ ਤੋਂ ਬਾਅਦ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਆਪ ਜੀ ਨੇ ਦੂਰ-ਦੂਰ ਤੱਕ ਯਾਤਰਾਵਾਂ ਕੀਤੀਆਂ ਸਨ। 'ਆਬਾਦਾਨ' ਸ਼ਹਿਰ ਦੇ ਲੋਕਾਂ ਅਤੇ ਰਹਿਣ-ਸਹਿਣ ਬਾਰੇ ਪੂਰੀ ਜਾਣਕਾਰੀ ਹਾਸਲ ਕਰਨ ਲਈ ਹੋਰ ਖੋਜ ਦੀ ਲੋੜ ਹੈ। ਇੱਥੇ ਤਾਂ ਇਸ ਸ਼ਹਿਰ ਦੀ ਸੁੰਦਰਤਾ ਦਾ ਅਸੀਂ ਅੰਦਾਜ਼ਾ ਸਿਰਫ਼ ਗੁਰੂ ਰਵਿਦਾਸ ਮਹਾਰਾਜ ਜੀ ਦੇ ਸ਼ਬਦ 'ਬੇਗਮਪੁਰਾ ਸਹਿਰ ਕੋ ਨਾਉ' ਤੋਂ ਹੀ ਲਗਾ ਸਕਦੇ ਹਾਂ।

ਫ਼ਾਰਸੀ ਦੇ ਮਸ਼ਹੂਰ ਲੇਖਕ ਸ਼ੇਖ਼ ਸਾਅਦੀ ਦੀਆਂ ਰਚਨਾਵਾਂ ਵਿਚ ਵੀ ਇਸ ਸ਼ਹਿਰ ਦਾ ਜ਼ਿਕਰ ਮਿਲਦਾ ਹੈ। ਇਹ ਸ਼ਹਿਰ ਈਰਾਨ 'ਚ ਉਪਸਥਿਤ ਹੈ ਜੋ ਅਫ਼ਗਾਨਿਸਤਾਨ ਦੇ ਪਰਲੇ ਪਾਸੇ ਹੈ। ਇਹ ਪਰਸ਼ੀਅਨ ਜ਼ੁਬਾਨ ਵਾਲੇ ਲੋਕਾਂ ਦਾ ਇਲਾਕਾ ਮੰਨਿਆ ਜਾਂਦਾ ਹੈ ਜਿਸ 'ਚੋਂ ਫ਼ਾਰਸੀ ਭਾਸ਼ਾ ਦਾ ਜਨਮ ਹੋਇਆ। ਇਥੋਂ ਹੀ ਆਰੀਅਨ ਲੋਕ ਜਾਰਜੀਆ ਤੋਂ ਹੁੰਦੇ ਹੋਏ ਭਾਰਤ ਅੰਦਰ ਦਾਖ਼ਲ ਹੋਏ ਸਨ।

ਗੁਰੂ ਰਵਿਦਾਸ ਮਹਾਰਾਜ ਜੀ ਧਰਮ ਪ੍ਰਚਾਰ ਹਿੱਤ ਆਪਣੇ ਸੇਵਕਾਂ ਨੂੰ ਨਾਲ ਲੈ ਕੇ ਉੱਤਰੀ ਭਾਰਤ ਤੋਂ ਧਰਮ ਪ੍ਰਚਾਰ ਕਰਦੇ ਕਰਦੇ ਈਰਾਨ ਪਹੁੰਚੇ। ਫਿਰ ਆਪ ਜੀ ਕਵੈਤ ਤੋਂ ਸਾਊਦੀ ਅਰਬ ਫਿਰ ਮਦੀਨਾ ਅਤੇ ਮੁਸਲਮਾਨਾਂ ਦੇ ਧਾਰਮਿਕ ਅਸਥਾਨ ਮੱਕੇ ਵੀ ਗਏ। ਇਹ ਨਹੀਂ ਹੋ ਸਕਦਾ ਕਿ ਗੁਰੂ ਜੀ ਬਨਾਰਸ ਤੋਂ ਇੰਨੀ ਜ਼ਿਆਦਾ ਦੂਰ ਆਬਾਦਾਨ ਗਏ ਹੋਣ ਅਤੇ ਫਿਰ ਓਥੋਂ ਅਗਾਂਹ ਮੁਸਲਮਾਨ ਸੇਵਕਾਂ ਨੂੰ ਨਾਲ ਲੈ ਕੇ ਮੱਕੇ ਨਾ ਪਹੁੰਚੇ ਹੋਣ ਕਿਉਂਕਿ ਅਜਿਹਾ ਕਰਨ ਲਈ ਗੁਰੂ ਜੀ ਨੂੰ ਉਨ੍ਹਾਂ ਦੇ ਮੁਸਲਮਾਨ ਸੇਵਕਾਂ ਨੇ ਜ਼ਰੂਰ ਉਤਸ਼ਾਹਿਤ ਕੀਤਾ। ਆਬਾਦਾਨ ਫ਼ਾਰਸੀ ਜ਼ੁਬਾਨ ਦਾ ਸਾਹਿਤਕ ਕੇਂਦਰ ਵੀ ਸੀ, ਜਿਸਦੇ ਨਾਲ ਫ਼ਾਰਸ ਦੀ ਖਾੜੀ ਦੇ ਸਮੁੰਦਰ

ਦਾ ਹਿੱਸਾ ਲੱਗਦਾ ਹੈ। ਫ਼ਾਰਸੀ ਭਾਸ਼ਾ ਕਰਕੇ ਹੀ ਇਰਾਨ ਨੂੰ ਫ਼ਾਰਸ ਵੀ ਕਹਿੰਦੇ ਹਨ। (ਸੰਸਾਰ ਪ੍ਰਸਿੱਧ ਯਾਤਰੀ 'ਇਬਨ ਬਤੂਤਾ' (Ibn Batuta) ਨੇ ਪੂਰੇ ਏਸ਼ੀਆ ਦੀ ਯਾਤਰਾ ਕੀਤੀ। ਉਸਨੇ 1,17,000 ਕਿਲੋਮੀਟਰ ਦੀ ਯਾਤਰਾ ਵਿਚ 40 ਦੇਸ਼ ਘੁੰਮੇ। ਇਸ ਦੌਰਾਨ ਇਬਨ ਬਤੂਤਾ ਵੀ ਅਬਾਦਾਨ ਠਹਿਰਿਆ ਸੀ ਜੋ ਇਥੋਂ ਦੀ ਰੌਣਕ ਤੋਂ ਬਹੁਤ ਪ੍ਰਭਾਵਿਤ ਹੋਇਆ। ਇਹ ਸ਼ਹਿਰ ਈਰਾਨ ਵਿਚ ਈਰਾਕ ਦੀ ਸਰਹੱਦ ਦੇ ਨਾਲ ਹੀ ਸਥਿਤ ਹੈ। ਉਸ ਸਮੇਂ ਇਹ ਸ਼ਹਿਰ ਏਸ਼ੀਆ ਦਾ ਬਹੁਤ ਵੱਡਾ ਵਪਾਰਕ ਕੇਂਦਰ ਸੀ। ਭਾਰਤ, ਈਰਾਨ, ਈਰਾਕ ਤੇ ਅਫ਼ਗਾਨਿਸਤਾਨ ਅਤੇ ਮੱਧ ਏਸ਼ੀਆ ਤੋਂ ਯਾਤਰੀ ਆਬਾਦਾਨ ਦੇ ਰਸਤਿਉਂ ਆਉਂਦੇ-ਜਾਂਦੇ ਸਨ। ਆਬਾਦਾਨ ਤੋਂ ਅਗਾਂਹ ਈਰਾਕ ਵਿਚ ਬਸਰਾ ਪੈਂਦਾ ਹੈ ਜਿੱਥੇ ਜਾ ਕੇ ਪੰਜਾਬੀ ਫ਼ੌਜ ਨੇ ਦੂਜੀ ਵਿਸ਼ਵ ਜੰਗ (1938-45) ਅੰਗਰੇਜ਼ਾਂ ਵਲੋਂ ਲੜੀ ਸੀ।)

ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਅਰਬ ਦੇ ਇਨ੍ਹਾਂ ਇਲਾਕਿਆਂ ਵਿਚ ਮੁਸਲਮਾਨ ਪੀਰ-ਫ਼ਕੀਰਾਂ ਨਾਲ ਗਿਆਨ-ਗੋਸ਼ਟੀਆਂ ਹੋਈਆਂ। ਗੁਰੂ ਜੀ ਦੀ ਉੱਚੇ ਸੁੱਚੇ ਅਧਿਆਤਮਿਕ ਉਪਦੇਸ਼ਾਂ ਨੂੰ ਸੁਣ ਕੇ ਇੱਥੇ ਵੱਡੀ ਗਿਣਤੀ ਵਿਚ ਲੋਕ ਆਪ ਜੀ ਦੇ ਪੱਕੇ ਮੁਰੀਦ ਬਣ ਗਏ।

ਗੁਰੂ ਰਵਿਦਾਸ ਮਹਾਰਾਜ ਜੀ ਨੇ ਅਫ਼ਗਾਨਿਸਤਾਨ ਦੀ ਯਾਤਰਾ ਵੀ ਕੀਤੀ।* ਜੋ ਇਸੇ ਦੌਰਾਨ ਹੀ ਕੀਤੀ ਹੋਵੇਗੀ। ਆਬਾਦਾਨ ਸ਼ਹਿਰ ਸ਼ਾਹੀ ਸ਼ਹਿਰ ਸੀ। ਜਿਸ ਦੀ ਸੁੰਦਰਤਾ ਤੋਂ ਗੁਰੂ ਰਵਿਦਾਸ ਮਹਾਰਾਜ ਜੀ ਨੇ ਪ੍ਰਭਾਵਿਤ ਹੋ ਕੇ ਇਸ ਨੂੰ ਆਪਣੀ ਬਾਣੀ ਵਿਚ ਦਰਜ ਕਰ ਲਿਆ। ਹੋ ਸਕਦਾ ਹੈ ਕਿ ਆਪ ਜੀ ਦੇ ਬਣ ਚੁੱਕੇ ਸ਼ਿਸ਼ਾਂ ਨੇ ਆਪ ਜੀ ਦੀ ਯਾਦ ਵਿਚ ਓਥੇ ਕੋਈ ਨਾ ਕੋਈ ਨਿਸ਼ਾਨੀ ਵੀ ਬਣਾਈ ਹੋਵੇ ਪਰ ਬਾਅਦ ਵਿਚ ਗੁਰੂ ਰਵਿਦਾਸ ਸਮਾਜ ਦੀ ਪਹੁੰਚ ਤੋਂ ਬਾਹਰ ਹੋਣ ਕਾਰਨ ਉਨ੍ਹਾਂ ਨੂੰ ਨਾ ਸਾਂਭਿਆ ਗਿਆ ਹੋਵੇ।

* * * *

## ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਹਿਮਾਚਲ ਅਤੇ ਸਿਰਧਾਰ ਪਰਬਤ ਦੀ ਯਾਤਰਾ

ਇਹ ਦ੍ਰਿਸ਼ਟਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਾਖੀ ਪੰਨਾ 182 ਤੋਂ 186 ਉੱਤੇ ਅੰਕਿਤ ਹੈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਅੰਤਰ ਧਿਆਨ ਹੋ ਕੇ ਹਿਮਾਚਲ ਪਰਬਤ ਉੱਪਰ ਪਹੁੰਚੇ ਤਾਂ ਭਾਈ ਮਰਦਾਨੇ ਨੇ ਪੁੱਛਿਆ ਕਿ ਗੁਰੂ ਜੀ ਇਹ ਕਿਹੜੀ ਜਗ੍ਹਾ ਹੈ? ਤਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਇਹ ਵਗਦੀ ਹੋਈ ਬਰਫ਼ ਹੈ। ਇਸਦਾ ਨਾਂ 'ਹਿਮਾਚਲ' ਹੈ। ਇਸ ਵਿਚ ਜੇਕਰ ਕੋਈ ਮਨੁੱਖ ਜਾਂ ਪ੍ਰਾਣੀ ਪੈਰ ਰੱਖਦਾ ਹੈ ਤਾਂ ਉਹ ਗਲ਼ ਜਾਂਦਾ ਹੈ। ਇਥੇ ਆਦਮੀ ਦੇ ਆਉਂਣ ਲਈ ਕੋਈ ਰਸਤਾ

ਨਹੀਂ ਹੈ। ਤਾਂ ਮਰਦਾਨੇ ਨੇ ਕਿਹਾ ਕਿ ਅਸੀਂ ਇਥੇ ਕਿਉਂ ਆਏ ਹਾਂ? ਤਦ ਗੁਰੂ ਨਾਨਕ ਦੇਵ ਜੀ ਨੇ ਉੱਤਰ ਦਿੱਤਾ ਕਿ ਅਸੀਂ ਉਸ ਅਕਾਲਪੁਰਖ ਦੀ ਆਗਿਆ ਨਾਲ ਇਥੇ ਆਏ ਹਾਂ। ਫਿਰ ਮਰਦਾਨੇ ਨੇ ਪੁੱਛਿਆ ਕਿ ਇਸ ਤੋਂ ਅੱਗੇ ਵੀ ਕੋਈ ਜਗ੍ਹਾ ਜਾਂ ਸਥਾਨ ਹੈ? ਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਇਸ ਤੋਂ ਅੱਗੇ ਹੇਮ ਪਰਬਤ ਹੈ ਅਤੇ ਅੱਗੇ ਚਲੇ ਗਏ। ਜਦੋਂ ਗੁਰੂ ਨਾਨਕ ਦੇਵ ਜੀ ਸਿਰਧਾਰ ਪਰਬਤ ਉੱਤੇ ਪਹੁੰਚੇ ਤਾਂ ਭਾਈ ਬਾਲਾ ਜੀ ਤੇ ਮਰਦਾਨਾ ਜੀ ਨੇ ਪੁੱਛਿਆ ਕਿ ਇਸ ਹੇਮ ਪਰਬਤ ਦਾ ਨਾਂ ਸਿਰਧਾਰ ਕਿਉਂ ਹੈ? ਤਦ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਕਿ ਇਹ ਪਰਬਤ ਸਿਰ ਤਲਵਾਇਆ ਅਤੇ ਸਿਰਧਾਰ ਦੀ ਜਗ੍ਹਾ ਹੈ। ਇਥੇ ਆਉਣ ਦਾ ਕੋਈ ਰਸਤਾ ਨਹੀਂ। ਇੱਥੇ ਉਹੀ ਮਨੁੱਖ ਜਾਂ ਪ੍ਰਾਣੀ ਪਹੁੰਚਦਾ ਹੈ, ਜੋ ਉੱਪਰ ਵਾਲੇ ਦੇ ਸਹਾਰੇ ਚੱਲਦਾ ਹੈ। ਅੱਜ ਤੋਂ ਪਹਿਲਾਂ ਇੱਥੇ ਸਿਰਫ਼ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਹੀ ਪਹੁੰਚ ਸਕੇ ਹਨ। ਇਸ ਦ੍ਰਿਸ਼ਟਾਂਤ ਤੋਂ ਸਿੱਧ ਹੁੰਦਾ ਹੈ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਸਾਰੇ ਭਾਰਤ ਦੀ ਯਾਤਰਾ ਕੀਤੀ ਹੈ ਅਤੇ ਇੰਨੇ ਉੱਚੇ ਸਥਾਨ ਤੇ ਆਪਣੀ ਆਤਮਿਕ ਸ਼ਕਤੀ ਕਾਰਨ ਸਤਿਗੁਰੂ ਰਵਿਦਾਸ ਜੀ ਪਹੁੰਚੇ ਸਨ।

* * *

## ਰਾਜਾ ਪੀਪਾ ਦੁਆਰਾ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਗੁਰੂ ਧਾਰਨ ਕਰਨਾ

ਰਾਜਾ ਪੀਪਾ ਇਕ ਸ਼ਕਤੀਸ਼ਾਲੀ ਖੱਤਰੀ ਰਾਜਾ ਸੀ। ਉਸਦੇ ਮਨ ਵਿਚ ਪਰਮਾਤਮਾ ਦੇ ਪ੍ਰਤੀ ਵੈਰਾਗ ਪੈਦਾ ਹੋਇਆ। ਇਸ ਤਲਾਸ਼ ਦੌਰਾਨ ਉਸਨੂੰ ਜਾਣਕਾਰੀ ਪ੍ਰਾਪਤ ਹੋਈ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਇਕ ਪਹੁੰਚੇ ਹੋਏ ਪੂਰਨ ਸੰਤ ਹਨ। ਖੱਤਰੀ ਹੋਣ ਕਰਕੇ ਉਸਦੇ ਮਨ ਵਿਚ ਜਾਤ ਦਾ ਅਭਿਮਾਨ ਵੀ ਸੀ। ਇਸੇ ਕਾਰਨ ਸਭ ਦੇ ਸਾਹਮਣੇ ਚਮਾਰ ਸੰਤ ਦੇ ਕੋਲ ਜਾਂਦੇ ਹੋਏ ਉਸਨੂੰ ਸ਼ਰਮ ਮਹਿਸੂਸ ਹੋ ਰਹੀ ਸੀ। ਇਕ ਦਿਨ ਮੌਕਾ ਦੇਖ ਕੇ ਉਹ ਸਤਿਗੁਰੂ ਰਵਿਦਾਸ ਮਹਾਰਾਜ ਜੀ ਪਾਸ ਪਹੁੰਚ ਗਿਆ। ਪਹੁੰਚਦੇ ਹੀ ਉਸਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਪਾਸੋਂ ਨਾਮਦਾਨ ਲਈ ਬੇਨਤੀ ਕੀਤੀ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਸਮਝ ਗਏ ਕਿ ਇਕ ਖੱਤਰੀ ਰਾਜਾ ਉਹਨਾਂ ਕੋਲ ਆਇਆ ਹੈ। ਉਸ ਸਮੇਂ ਗੁਰੂ ਜੀ ਚਮੜਾ ਭਿਓਣ ਵਾਲੀ ਦੌਰੀ ਵਿਚੋਂ ਪਾਣੀ ਬਾਹਰ ਕੱਢ ਰਹੇ ਸਨ। ਬਰਤਨ ਉਹਨਾਂ ਦੇ ਹੱਥ ਵਿਚ ਸੀ। ਗੁਰੂ ਜੀ ਦੇ ਮਨ ਵਿਚ ਵਿਚਾਰ ਆਇਆ ਕਿ ਇਕ ਰਾਜਾ ਉਹਨਾਂ ਦੇ ਦਰਬਾਰ ਵਿਚ ਆਇਆ ਹੈ ਅਤੇ ਉਸਨੂੰ ਕੋਈ ਅਜਿਹੀ ਵਸਤੂ ਦਿੱਤੀ ਜਾਵੇ, ਜਿਸਨੂੰ ਉਹ ਹਮੇਸ਼ਾ ਯਾਦ ਰੱਖੇ। ਉਸ ਪਾਣੀ ਨਾਲ ਭਰੇ ਬਰਤਨ ਨੂੰ ਰਾਜੇ ਵਲ

ਵਧਾਉਂਦੇ ਹੋਏ ਗੁਰੂ ਜੀ ਨੇ ਕਿਹਾ ਰਾਜਨ ਲਉ ਇਹ ਚਰਨਾਮ੍ਰਿਤ ਪੀ ਲਓ। ਰਾਜੇ ਦੇ ਮਨ ਵਿਚ ਉਸ ਪਾਣੀ ਪ੍ਰਤੀ ਘ੍ਰਿਣਾ ਪੈਦਾ ਹੋਈ ਕਿ ਇਕ ਖੱਤਰੀ ਰਾਜਾ ਹੋ ਕੇ ਚਮਾਰ ਦੇ ਕੁੰਭ ਦਾ ਪਾਣੀ ਕਿਵੇਂ ਪੀ ਸਕਦਾ ਹੈ? ਪਰ ਗੁਰੂ ਜੀ ਸਾਹਮਣੇ ਪ੍ਰਤੱਖ ਰੂਪ ਵਿਚ ਇਨਕਾਰ ਕਰਨਾ ਉਸ ਲਈ ਬਹੁਤ ਕਠਿਨ ਸੀ। ਉਸਨੇ ਹੱਥ ਅੱਗੇ ਕਰਕੇ ਹਥੇਲੀ ਵਿਚ ਉਹ ਅੰਮ੍ਰਿਤ ਰੂਪ ਪਾਣੀ ਤਾਂ ਲੈ ਲਿਆ ਪਰ ਗੁਰੂ ਜੀ ਤੋਂ ਨਜ਼ਰਾਂ ਬਚਾ ਕੇ ਉਸਨੇ ਉਹ ਪਾਣੀ ਆਪਣੇ ਕੁੜਤੇ ਦੀ ਖੁੱਲ੍ਹੀ ਬਾਂਹ ਵਿਚ ਪਾ ਕੇ ਥੱਲੇ ਸੁੱਟ ਦਿੱਤਾ। ਗੁਰੂ ਜੀ ਇਸ ਗੱਲ ਨੂੰ ਸਮਝ ਗਏ ਪਰ ਉਹਨਾਂ ਬੋਲ ਕੇ ਕੁਝ ਨਹੀਂ ਕਿਹਾ।

ਰਾਜਾ ਜਲਦੀ ਜਲਦੀ ਘਰ ਵਾਪਿਸ ਜਾਂਦੇ ਸਮੇਂ ਸੋਚ ਰਿਹਾ ਸੀ ਕਿ ਅੱਜ ਤਾਂ ਗੁਰੂ ਰਵਿਦਾਸ ਮੈਨੂੰ ਚਮਾਰ ਬਣਾਉਣ ਤੇ ਤੁਲਿਆ ਹੋਇਆ ਸੀ। ਬੜੀ ਮੁਸ਼ਕਿਲ ਨਾਲ ਬਚ ਕੇ ਆਇਆ ਹਾਂ। ਮਹਿਲ ਵਿਚ ਆ ਕੇ ਉਸਨੇ ਧੋਬੀ ਨੂੰ ਹੁਕਮ ਦਿੱਤਾ ਕਿ ਉਸਦੇ ਕੁੜਤੇ ਦੀ ਬਾਂਹ ਤੇ ਲੱਗੇ ਹੋਏ ਦਾਗ ਨੂੰ ਚੰਗੀ ਤਰ੍ਹਾਂ ਸਾਫ਼ ਕਰਕੇ ਲਿਆਵੇ। ਧੋਬੀ ਨੇ ਘਰ ਆ ਕੇ ਆਪਣੀ ਲੜਕੀ ਨੂੰ ਕਿਹਾ ਕਿ ਬੇਟੀ ਮੈਂ ਚੂਨੇ ਦਾ ਪਾਣੀ ਤਿਆਰ ਕਰਦਾ ਹਾਂ ਤੂੰ ਇਸ ਦਾਗ਼ ਨੂੰ ਚੂਸ ਕੇ ਸਾਫ਼ ਕਰ ਦੇ। ਜਿਵੇਂ ਹੀ ਉਸ ਲੜਕੀ ਨੇ ਉਸ ਦਾਗ਼ ਨੂੰ ਉਤਾਰਨ ਲਈ ਕੱਪੜਾ ਮੂੰਹ ਵਿਚ ਪਾਇਆ ਤਾਂ ਉਹ ਦਾਗ਼ ਚੂਸ ਕੇ ਅੰਦਰ ਲੰਘਾਉਣ ਲੱਗ ਪਈ। ਜਿਸ ਨਾਲ ਉਸਦੇ ਕਪਾਟ ਖੁੱਲ੍ਹ ਗਏ, ਗਿਆਨ ਦਾ ਪਰਦਾ ਖੁੱਲ੍ਹ ਗਿਆ ਅਤੇ ਉਹ ਅਧਿਆਤਮਿਕ ਗਿਆਨ ਦੀਆਂ ਗੱਲਾਂ ਕਰਨ ਲੱਗੀ।

ਹੌਲੀ-ਹੌਲੀ ਸ਼ਹਿਰ ਵਿਚ ਇਹ ਚਰਚਾ ਫੈਲ ਗਈ ਕਿ ਇਕ ਧੋਬੀ ਦੀ ਲੜਕੀ ਕਰਮਾ ਬਾਈ ਬਹੁਤ ਵੱਡੀ ਭਗਤਣੀ ਹੈ, ਜੋ ਪਰਮਾਰਥ ਦਾ ਗਿਆਨ ਜਾਣਦੀ ਹੈ। ਰਾਜੇ ਪੀਪੇ ਨੂੰ ਜਦੋਂ ਇਹ ਖ਼ਬਰ ਮਿਲੀ ਤਾਂ ਉਹ ਇਕ ਰਾਤ ਹੌਲੀ ਜਿਹੇ ਧੋਬੀ ਦੇ ਘਰ ਪਹੁੰਚ ਗਿਆ ਕਿਉਂਕਿ ਅਧਿਆਤਮ ਗਿਆਨ ਪ੍ਰਤੀ ਖਿੱਚ ਉਸਦੇ ਦਿਲ ਵਿਚ ਪਹਿਲਾਂ ਹੀ ਬਹੁਤ ਸੀ। ਰਾਜੇ ਨੂੰ ਦੇਖ ਕੇ ਧੋਬੀ ਦੀ ਲੜਕੀ ਖੜ੍ਹੀ ਹੋਈ ਤਾਂ ਰਾਜੇ ਪੀਪੇ ਨੇ ਕਿਹਾ ਕਿ ਬੇਟੀ ਮੈਂ ਤੇਰੇ ਕੋਲ ਇਕ ਰਾਜੇ ਦੇ ਰੂਪ ਵਿਚ ਨਹੀਂ ਸਗੋਂ ਇਕ ਭਿਖਾਰੀ ਦੇ ਰੂਪ ਵਿਚ ਆਇਆ ਹਾਂ। ਉਸ ਲੜਕੀ ਨੇ ਕਿਹਾ ਕਿ ਮੈਂ ਜਾਣਦੀ ਹਾਂ ਕਿ ਤੁਸੀਂ ਰਾਜਾ ਹੋ ਪ੍ਰੰਤੂ ਮੈਂ ਇਸ ਲਈ ਖੜ੍ਹੀ ਹੋਈ ਹਾਂ ਕਿ ਮੈਨੂੰ ਜੋ ਕੁਝ ਪ੍ਰਾਪਤ ਹੋਇਆ ਹੈ ਤੁਹਾਡੀ ਕ੍ਰਿਪਾ ਨਾਲ ਪ੍ਰਾਪਤ ਹੋਇਆ ਹੈ। ਤੁਹਾਡੇ ਕੁੜਤੇ ਵਿਚ ਲੱਗੇ ਦਾਗ਼ ਨੂੰ ਚੂਸਣ ਕਰਕੇ ਹੀ ਮੈਨੂੰ ਇਸ ਆਤਮਿਕ ਗਿਆਨ ਦੀ ਪ੍ਰਾਪਤੀ ਹੋਈ ਹੈ। ਇਹ ਸੁਣਕੇ ਰਾਜਾ ਸਭ ਕੁਝ ਸਮਝ ਗਿਆ ਅਤੇ ਆਪਣੇ ਆਪ ਨੂੰ ਕੋਸਣ ਲੱਗਾ ਕਿ ਲਾਹਣਤ ਹੈ ਮੇਰੇ ਖੱਤਰੀ ਹੋਣ ਤੇ, ਲਾਹਨਤ ਹੈ ਮੇਰੇ ਰਾਜਾ ਹੋਣ ਤੇ, ਲਾਹਨਤ ਹੈ ਮੇਰੀ ਲੋਕ ਲਾਜ ਤੇ, ਲਾਹਨਤ ਹੈ ਇਸ ਜਾਤ ਪਾਤ ਦੇ ਭੇਦ ਭਾਵ ਤੇ ਜਿਸ ਕਾਰਨ ਮੈਂ ਪਰਮਾਰਥ ਦੇ ਗਿਆਨ ਤੋਂ ਵੰਚਿਤ ਰਹਿ ਗਿਆ। ਹੁਣ ਕਿਸੇ ਗੱਲ ਦੀ ਪਰਵਾਹ

ਕੀਤੇ ਬਿਨਾਂ ਰਾਜਾ ਪੀਪਾ ਸਿੱਧਾ ਗੁਰੂ ਰਵਿਦਾਸ ਜੀ ਕੋਲ ਪਹੁੰਚ ਗਿਆ ਅਤੇ ਬੇਨਤੀ ਕੀਤੀ ਕਿ ਹੇ ਗੁਰਦੇਵ! ਮੈਨੂੰ ਅੰਮ੍ਰਿਤ ਪਿਲਾਉ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਕਿਹਾ ਕਿ ਉਹ ਅੰਮ੍ਰਿਤ ਤਾਂ ਧੋਬੀ ਦੀ ਲੜਕੀ ਕੋਲ ਪਹੁੰਚ ਗਿਆ ਹੈ। ਮੈਂ ਇਹ ਸੋਚ ਕੇ ਤੈਨੂੰ ਉਹ ਅੰਮ੍ਰਿਤ ਦਿੱਤਾ ਸੀ ਕਿ ਮੈਂ ਉਸ ਅੰਮ੍ਰਿਤ ਨੂੰ ਹਰ ਰੋਜ਼ ਪੀਂਦਾ ਹਾਂ। ਮੈਂ ਸੋਚਿਆ ਅੱਜ ਖੱਤਰੀ ਰਾਜਾ ਮੇਰੇ ਘਰ ਆਇਆ ਹੈ। ਅੱਜ ਇਹ ਅੰਮ੍ਰਿਤ ਇਸ ਨੂੰ ਦੇ ਦਿੱਤਾ ਜਾਵੇ। ਪਰ ਤੂੰ ਮੈਨੂੰ ਨੀਚ ਜਾਤ ਦਾ ਸਮਝ ਕੇ ਉਹ ਅੰਮ੍ਰਿਤ ਥੱਲੇ ਸੁੱਟ ਦਿੱਤਾ ਤੇ ਉਸੇ ਪਾਣੀ ਦੇ ਦਾਗ਼ ਨੂੰ ਚੂਸ ਕੇ ਧੋਬੀ ਦੀ ਲੜਕੀ ਕਰਮਾ ਬਾਈ ਮਹਾਤਮਾ ਬਣ ਗਈ। ਗੁਰੂ ਜੀ ਨੇ ਕਿਹਾ ਹੇ ਰਾਜਨ! ਜਦ ਤੱਕ ਤੇਰੇ ਮਨ ਵਿਚੋਂ ਜਾਤ ਪਾਤ ਤੇ ਊਚ ਨੀਚ ਦਾ ਭੇਦ ਭਾਵ ਨਹੀਂ ਜਾਂਦਾ, ਤੇਰਾ ਕਲਿਆਣ ਨਹੀਂ ਹੋ ਸਕਦਾ। ਇਕ ਪਰਮਾਤਮਾ ਦੇ ਭਗਤ ਦੀ ਕੋਈ ਜਾਤ ਨਹੀਂ ਹੁੰਦੀ। ਨੀਚ ਤੋਂ ਨੀਚ ਕਹੀ ਜਾਣ ਵਾਲੀ ਜਾਤੀ ਵਿਚ ਵੀ ਜੇਕਰ ਕੋਈ ਪਰਮਾਤਮਾ ਦਾ ਭਗਤ ਪੈਦਾ ਹੋ ਜਾਵੇ ਤਾਂ ਉਹ ਜਾਤ ਹੀ ਨਹੀਂ, ਉਹ ਪਰਿਵਾਰ, ਉਹ ਪਿੰਡ, ਉਹ ਰਾਜ ਸਭ ਕੁਝ ਪਵਿੱਤਰ ਹੋ ਜਾਂਦਾ ਹੈ ਕਿਉਂਕਿ ਅਜਿਹੇ ਭਗਤ ਦਾ ਜਸ ਸਾਰੇ ਸੰਸਾਰ ਵਿਚ ਫ਼ੈਲ ਜਾਂਦਾ ਹੈ। ਤਦ ਰਾਜੇ ਪੀਪੇ ਨੂੰ ਉਪਦੇਸ਼ ਦਿੰਦੇ ਹੋਏ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੀ ਬਾਣੀ ਦਾ ਸ਼ਬਦ ਉਚਾਰਨ ਕੀਤਾ—

**ਜਿਹ ਕੁਲ ਸਾਧੁ ਬੈਸਨੌ ਹੋਇ ॥**

**ਬਰਨ ਅਬਰਨ ਰੰਕੁ ਨਹੀ ਈਸੁਰੁ**
**ਬਿਮਲ ਬਾਸੁ ਜਾਨੀਐ ਜਗਿ ਸੋਇ ॥੧॥ ਰਹਾਉ ॥**
**ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥**
**ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥੧॥**
**ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥**
**ਜਿਨਿ ਪੀਆ ਸਾਰ ਰਸੁ ਤਜੇ ਆਨ ਰਸ**
**ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨ ॥**
**ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥**
**ਜੈਸੇ ਪੁਰੈਨ ਪਾਤ ਰਹੈ ਜਲ ਸਮੀਪ**
**ਭਨਿ ਰਵਿਦਾਸ ਜਨਮੇ ਜਗਿ ਓਇ ॥੩॥੨॥**

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਰਾਜੇ ਪੀਪੇ ਨੂੰ ਕਿਹਾ ਕਿ ਜਿਸ ਅੰਮ੍ਰਿਤ ਦੀ ਉਮੀਦ ਲੈ ਕੇ ਤੁਸੀਂ ਮੇਰੇ ਕੋਲ ਦੁਬਾਰਾ ਆਏ ਹੋ, ਉਹ ਤੁਹਾਨੂੰ ਨਹੀਂ ਮਿਲੇਗਾ। ਹੁਣ ਸੇਵਾ ਸਿਮਰਨ ਵਿਚ ਲੱਗ ਕੇ ਪਰਮਗਤੀ ਨੂੰ ਪ੍ਰਾਪਤ ਕਰੋ। ਚੰਗੇ ਮੌਕੇ ਨੂੰ ਤੁਸੀਂ ਆਪਣੀ ਉੱਚੀ ਜਾਤ ਦੇ ਅਭਿਮਾਨ (ਹੰਕਾਰ) ਕਾਰਨ ਗਵਾ ਦਿੱਤਾ ਹੈ। ਮੈਂ ਤੁਹਾਨੂੰ

ਨਾਮ ਦਾਨ ਦਿੰਦਾ ਹਾਂ, ਤੁਸੀਂ ਉਸ ਨਾਮ ਦੀ ਕਮਾਈ ਕਰਕੇ ਖ਼ੁਦ ਅੰਮ੍ਰਿਤ ਪ੍ਰਾਪਤ ਕਰੋ। ਜਾਤ ਪਾਤ ਦਾ ਭੇਦ-ਭਾਵ ਅਤੇ ਊਚ ਨੀਚ ਦੀ ਭਾਵਨਾ ਨੂੰ ਤਿਆਗ ਕੇ ਭਗਤੀ ਕਰੋ ਤਾਂ ਤੁਹਾਡਾ ਜੀਵਨ ਜ਼ਰੂਰ ਸਫ਼ਲ ਹੋਵੇਗਾ।

* * *

# ਮਾਘ ਦੀ ਸੰਗਰਾਂਦ ਤੇ ਚੌਹਾਂ ਯੁੱਗਾਂ ਦੇ ਜਨੇਊ ਦਿਖਾਉਣਾ

ਇਹ ਲੋਕ ਗਾਥਾ ਆਮ ਪ੍ਰਚਲਿਤ ਹੈ ਕਿ ਜਦੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਦੇਖਿਆ ਕਿ ਸਮਾਜ ਭੇਦ ਭਾਵ ਦਾ ਸ਼ਿਕਾਰ ਹੈ ਅਤੇ ਸ਼ੂਦਰ ਸਮਝੇ ਜਾਂਦੇ ਸਮਾਜ ਨੂੰ ਸਦੀਆਂ ਤੋਂ ਪ੍ਰਭੂ ਦਾ ਨਾਮ ਜੱਪਣ ਤੋਂ ਵਰਜਿਤ ਕੀਤਾ ਗਿਆ ਹੈ। ਸਤਿਗੁਰੂ ਜੀ ਬਾਹਰੀ ਆਡੰਬਰਾਂ ਦੇ ਵਿਰੁੱਧ ਸਨ ਪਰ ਸਮਾਨਤਾ ਸਥਾਪਤ ਕਰਨ ਲਈ ਉਸ ਸਮੇਂ ਗੁਰੂ ਜੀ ਨੇ ਬ੍ਰਾਹਮਣਾਂ ਵਾਲੇ ਕਰਮ-ਕਾਂਡ ਮੱਥੇ ਉੱਤੇ ਤਿਲਕ ਲਗਾਉਣਾ, ਧੋਤੀ ਬੰਨਣੀ ਅਤੇ ਜਨੇਊ ਪਹਿਨਣਾ ਆਦਿ ਕਰਮ ਕਰਨੇ ਸ਼ੁਰੂ ਕਰ ਦਿੱਤੇ ਤਾਂ ਜਨੇਊ ਕੇਵਲ ਬ੍ਰਾਹਮਣ ਹੀ ਪਹਿਨ ਸਕਦੇ ਸਨ। ਉਸ ਸਮੇਂ ਸ਼ੂਦਰ ਸਮਝੇ ਜਾਂਦੇ ਸਮਾਜ ਵਿਚ ਆ ਕੇ ਅਜਿਹੇ ਕਰਮ ਕਰਨੇ ਇਕ ਕ੍ਰਾਂਤੀ ਸੀ। ਅਜਿਹਾ ਦੇਖ ਕੇ ਜਾਤ ਅਭਿਮਾਨੀ ਲੋਕ ਤੜਫ਼ ਉੱਠੇ ਅਤੇ ਉਨ੍ਹਾਂ ਨੇ ਰਾਜੇ ਨਾਗਰ ਮੱਲ ਦੇ ਦਰਬਾਰ ਵਿਚ ਜਾ ਕੇ ਗੁਰੂ ਜੀ ਦੇ ਵਿਰੁੱਧ ਸ਼ਿਕਾਇਤ ਕੀਤੀ ਕਿ ਇਕ ਸ਼ੂਦਰ ਸਾਡੇ ਵਾਲੇ ਕਰਮ ਕਰਦਾ ਹੈ। ਬ੍ਰਾਹਮਣਾਂ ਦੀ ਸ਼ਿਕਾਇਤ 'ਤੇ ਰਾਜੇ ਨਾਗਰ ਮੱਲ ਨੇ ਗੁਰੂ ਜੀ ਨੂੰ ਕਚਹਿਰੀ ਵਿਚ ਬੁਲਾਇਆ ਤੇ ਕਿਹਾ ਬ੍ਰਾਹਮਣਾਂ ਨੂੰ ਆਪ ਦੇ ਵਿਰੁੱਧ ਸ਼ਿਕਾਇਤ ਹੈ ਕਿ ਆਪ ਸ਼ੂਦਰ ਹੋ ਕੇ ਬ੍ਰਾਹਮਣਾਂ ਵਾਲੇ ਕਰਮ ਕਰਦੇ ਹੋ। ਗੁਰੂ ਜੀ ਨੇ ਉੱਤਰ ਦਿੱਤਾ ਕਿ ਸੰਸਾਰ ਦੇ ਸਭ ਜੀਵ ਬਰਾਬਰ ਹਨ ਅਤੇ ਜਨਮ ਕਰਕੇ ਕੋਈ ਜੀਵ ਛੋਟਾ ਵੱਡਾ ਨਹੀਂ ਹੈ। ਭਾਵੇਂ ਕੋਈ ਬ੍ਰਾਹਮਣ ਹੋਵੇ, ਭਾਵੇਂ ਕੋਈ ਸ਼ੂਦਰ ਸਭ ਜੀਵ ਪੰਜਾਂ ਤੱਤਾਂ ਤੋਂ ਬਣੇ ਹਨ। ਸਭ ਜੀਵਾਂ ਵਿਚ ਪਰਮਾਤਮਾ ਦੀ ਜੋਤ ਨਿਵਾਸ ਕਰਦੀ ਹੈ। ਇਸ ਲਈ ਸਭ ਜੀਵਾਂ ਨੂੰ ਆਪਣੀ ਇੱਛਾ ਅਨੁਸਾਰ ਪ੍ਰਭੂ ਦੀ ਪੂਜਾ ਕਰਨ ਦਾ ਬਰਾਬਰ ਅਧਿਕਾਰ ਹੈ। ਰਾਜਾ ਗੁਰੂ ਜੀ ਦੇ ਬਚਨ ਸੁਣਕੇ ਬੜਾ ਹੈਰਾਨ ਹੋਇਆ ਪਰ ਪੰਡਿਤਾਂ ਨੇ ਕਿਹਾ ਕਿ ਤੁਸੀਂ ਸ਼ੂਦਰ ਹੋ ਕੇ ਜਨੇਊ ਨਹੀਂ ਪਹਿਨ ਸਕਦੇ। ਆਪ ਜਨੇਊ ਉਤਾਰ ਦਿਉ। ਗੁਰੂ ਜੀ ਨੇ ਫ਼ਰਮਾਇਆ ਕਿ ਮੈਂ ਹੁਣ ਕੋਈ ਨਵਾਂ ਜਨੇਊ ਨਹੀਂ ਪਹਿਨਿਆ ਸਗੋਂ ਚਾਰਾਂ ਯੁੱਗਾਂ ਤੋਂ ਜਨੇਊ ਪਹਿਨਦਾ ਆ ਰਿਹਾ ਹਾਂ। ਉਸ ਸਮੇਂ ਬ੍ਰਾਹਮਣਾਂ ਨੇ ਕਿਹਾ ਦੇਖੋ ਰਾਜਾ ਕਿ ਇਹ ਕਿੰਨਾ ਝੂਠ ਬੋਲ ਰਿਹਾ ਹੈ? ਇਕ ਆਦਮੀ ਚਾਰ ਯੁੱਗਾਂ ਤੋਂ ਜਨੇਊ ਕਿਵੇਂ ਪਹਿਨ ਸਕਦਾ ਹੈ? ਜੇਕਰ ਆਪ ਚਾਰਾਂ ਯੁੱਗਾਂ ਤੋਂ ਜਨੇਊ

ਪਹਿਨਦੇ ਆ ਰਹੇ ਹੋ ਤਾਂ ਆਪ ਚਾਰਾਂ ਯੁੱਗਾਂ ਵਾਲੇ ਜਨੇਊ ਦਿਖਾਓ? ਉਸ ਸਮੇਂ ਗੁਰੂ ਜੀ ਨੇ ਮਾਘ ਦੀ ਸੰਗਰਾਂਦ ਤੇ ਰੰਬੀ ਨਾਲ ਆਪਣਾ ਖੱਬਾ ਕੰਧਾਂ ਚੀਰ ਕੇ ਚੋਹਾਂ ਯੁੱਗਾਂ ਦੇ ਚਾਰ ਜਨੇਊ ਦਿਖਾਏ ਕਿ ਸਤਿਯੁੱਗ ਵਿਚ ਮੈਂ ਸੋਨੇ ਦਾ ਜਨੇਊ, ਤ੍ਰੇਤੇ ਯੁੱਗ ਵਿਚ ਚਾਂਦੀ ਦਾ, ਦੁਆਪਰ ਯੁੱਗ ਵਿਚ ਕਾਂਸੇ ਦਾ ਅਤੇ ਕਲਯੁੱਗ ਵਿਚ ਸੂਤ ਦਾ ਜਨੇਊ ਪਹਿਨਦਾ ਆ ਰਿਹਾ ਹਾਂ। ਗੁਰੂ ਜੀ ਦਾ ਇਹ ਕੌਤਕ ਦੇਖ ਕੇ ਰਾਜੇ ਨਾਗਰ ਮੱਲ ਅਤੇ ਬ੍ਰਾਹਮਣ ਸਭਨਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਨਮਸਕਾਰ ਕਰ ਕੇ ਆਪਣੀਆਂ ਭੁੱਲਾਂ ਬਖ਼ਸ਼ਾਈਆਂ। ਗੁਰੂ ਜੀ ਨੇ ਪਹਿਲਾਂ ਵਾਲਾ ਸੂਤ ਦਾ ਜਨੇਊ ਉਤਾਰ ਦਿੱਤਾ, ਉਚਾਰਨ ਕੀਤਾ ਮੈਨੂੰ ਜਨੇਊ ਧਾਰਨ ਕਰਨ ਦੀ ਲੋੜ ਨਹੀਂ ਸੀ, ਮੈਂ ਕੇਵਲ ਇਹ ਸਿੱਧ ਕਰਨਾ ਸੀ ਕਿ ਸਭ ਜੀਵਾਂ ਨੂੰ ਸਮਾਨ ਅਧਿਕਾਰ ਹਨ ਅਤੇ ਸਭਨਾਂ ਨੂੰ ਭੇਦ ਭਾਵ ਤੋਂ ਉੱਪਰ ਉੱਠ ਕੇ ਜੀਵਾਂ ਨਾਲ ਪ੍ਰੇਮ ਕਰਨ ਦਾ ਅਤੇ ਪ੍ਰਭੂ ਦਾ ਸਿਮਰਨ ਕਰਨ ਦਾ ਪਾਵਨ ਉਪਦੇਸ਼ ਦਿੱਤਾ।

* * *

# ਗਊਆਂ ਵਿਚ ਜਾਨ ਪਾਉਣੀ

ਜਦੋਂ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਅਤੇ ਅਧਿਆਤਮਕਤਾ ਪੂਰੇ ਸੰਸਾਰ ਵਿਚ ਫੈਲਣ ਲੱਗੀ ਤਾਂ ਉਨ੍ਹਾਂ ਪਾਸ ਸੰਗਤ ਦਾ ਆਉਣਾ ਜਾਣਾ ਬਹੁਤ ਵੱਧ ਗਿਆ। ਰਾਜੇ-ਮਹਾਰਾਜੇ ਉਨ੍ਹਾਂ ਪਾਸ ਅਕਸਰ ਹੀ ਉਨ੍ਹਾਂ ਦੇ ਦਰਸ਼ਨਾਂ ਨੂੰ ਆਉਂਦੇ ਸਨ। ਇਕ ਦਿਨ ਗੁਰੂ ਜੀ ਰਾਜਾ ਨਾਗਰ ਮੱਲ ਉਰਫ਼ ਰਾਜਾ ਹਰਦੇਵ ਸਿੰਘ ਦੀ ਬੇਨਤੀ 'ਤੇ ਉਨ੍ਹਾਂ ਪਾਸ ਗਏ ਅਤੇ ਉੱਥੇ ਪੰਡਤ-ਪ੍ਰੋਹਿਤ ਕਿਸੇ ਕਾਰਜ ਨੂੰ ਸੰਪੰਨ ਕਰ ਰਹੇ ਸੀ। ਮੰਤਰ ਉਚਾਰਣ ਹੋ ਰਹੇ ਸੀ ਅਤੇ ਸਾਰੇ ਲੋਕ ਇਸ ਧਾਰਮਿਕ ਕਾਰਜ ਨੂੰ ਦੇਖ ਰਹੇ ਸੀ। ਗੁਰੂ ਜੀ ਵੀ ਉੱਥੇ ਆਪਣੇ ਆਸਣ 'ਤੇ ਬਿਰਾਜਮਾਨ ਸਨ। ਇੰਨੇ ਨੂੰ ਉੱਥੇ ਬਾਦਸ਼ਾਹ ਆਇਆ ਤੇ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਵਿਧੀ-ਵਿਧਾਨ ਅਨੁਸਾਰ ਜੋ ਵੀ ਸਮੱਗਰੀ ਦਾਨ ਵਿਚ ਦੇਣੀ ਹੈ ਉਸ ਨੂੰ ਇਕ ਵਾਰ ਦੇਖ ਲਓ। ਤਦ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਕਿਹਾ ਕਿ ਬਾਦਸ਼ਾਹ ਤੁਸੀਂ ਜਾਣਦੇ ਹੋ ਕਿ ਮੈਂ ਕੇਵਲ ਪਰਮ-ਪਿਤਾ ਪਰਮਾਤਮਾ ਦਾ ਉਪਾਸਕ ਹਾਂ। ਇਸ ਲਈ ਇਹ ਕਾਰਜ ਜਿਨ੍ਹਾਂ ਪ੍ਰੋਹਿਤਾਂ ਨੇ ਆਰੰਭ ਕਰਵਾਇਆ ਹੈ, ਉਨ੍ਹਾਂ ਦੀ ਦੇਖ-ਰੇਖ ਵਿਚ ਹੀ ਸੰਪੰਨ ਕਰਵਾਇਆ ਜਾਵੇ ਤਾਂ ਹੀ ਠੀਕ ਹੈ। ਬਾਦਸ਼ਾਹ ਵੀ ਸਮਝ ਗਿਆ ਅੱਜ ਕੋਈ ਨਵੀਂ ਲੀਲਾ ਆਰੰਭ ਹੋਣ ਜਾ ਰਹੀ ਹੈ ਨਹੀਂ ਤਾਂ ਗੁਰੂ ਜੀ ਕਦੀ ਵੀ ਸਾਡੀ ਬੇਨਤੀ ਨੂੰ ਨਹੀਂ ਟਾਲਦੇ। ਕੁਝ ਸੋਚ-ਸਮਝ ਕੇ ਬਾਦਸ਼ਾਹ ਨੇ ਫਿਰ ਗੁਰੂ ਜੀ ਨੂੰ ਕਿਹਾ ਕਿ ਮੇਰੀ ਬੇਨਤੀ ਨੂੰ ਸਵੀਕਾਰ ਕਰੋ ਅਤੇ ਮੇਰੇ ਨਾਲ ਚੱਲੋ ਇਹੀ ਮੇਰੇ ਪਰਿਵਾਰ ਲਈ ਠੀਕ ਹੋਵੇਗਾ।

ਜਦੋਂ ਗੁਰੂ ਰਵਿਦਾਸ ਮਹਾਰਾਜ ਜੀ ਆਪਣੇ ਆਸਣ 'ਤੋਂ ਉੱਠਣ ਲੱਗੇ ਤਾਂ ਸਹਿਜ ਹੀ ਉਨ੍ਹਾਂ ਦੇ ਮੁੱਖੋਂ ਇਹ ਸ਼ਬਦ ਨਿਕਲੇ ਕਿ ਹੇ ਰਾਜਨ ! ਜੈਸੀ ਤੁਹਾਡੀ ਇੱਛਾ ਦੇਖੋ ਮੇਰੇ ਮਾਲਿਕ ਨੂੰ ਕੀ ਮਨਜ਼ੂਰ ਹੈ? ਇਹ ਕਹਿ ਕੇ ਗੁਰੂ ਜੀ ਅਤੇ ਰਾਜਾ ਹਵਨ ਕੱਕਸ਼ 'ਤੇ ਪਹੁੰਚੇ। ਸਾਰਾ ਕੰਮ ਸਮਾਪਤ ਹੋਣ ਤੋਂ ਬਾਅਦ ਬਾਦਸ਼ਾਹ ਨੇ ਪ੍ਰੋਹਿਤਾਂ ਨੂੰ ਸੋਨੇ ਦੀਆਂ ਗਊਆਂ ਦਾਨ ਵਿਚ ਦਿੱਤੀਆਂ। ਇਹ ਦੇਖ ਕੇ ਗੁਰੂ ਜੀ ਨੇ ਕਿਹਾ 'ਰਾਜਨ ਠਹਿਰੋ ! ਮੈਂ ਨੀਤੀ ਦੀ ਗੱਲ ਕਰਨਾ ਚਾਹੁੰਦਾ ਹਾਂ ਇਹ ਸੋਨੇ ਦੀਆਂ ਗਊਆਂ ਕਿਸ ਮਨੋਰਥ ਸਿੱਧ ਲਈ ਤੁਸੀਂ ਦੇ ਰਹੇ ਹੋ'? ਤਾਂ ਰਾਜੇ ਨੇ ਕਿਹਾ ਪੰਡਤਾਂ ਤੇ ਪ੍ਰੋਹਿਤਾਂ ਨੂੰ ਸੋਨੇ ਦੀਆਂ ਗਊਆਂ ਦੇਣ ਨਾਲ ਸਵਰਗ ਲੋਕ ਪ੍ਰਾਪਤ ਹੁੰਦਾ ਹੈ। ਗੁਰੂ ਜੀ ਕਹਿਣ ਲੱਗੇ 'ਹੇ ਪੰਡਤ ਜੀ ! ਦਾਨ ਜੀਵਿਤ ਗਊਆਂ ਦਾ ਦਿੱਤਾ ਜਾਂਦਾ ਹੈ ਜਾਂ ਮਰੀਆਂ ਹੋਈਆਂ ਦਾ'। ਤਾਂ ਪੰਡਤਾਂ ਨੇ ਜਵਾਬ ਦਿੱਤਾ ਸੱਚ ਕਹੋ ਤਾਂ ਦਾਨ ਹਮੇਸ਼ਾ ਜਿਊਂਦੀਆਂ ਗਊਆਂ ਦਾ ਦਿੱਤਾ ਜਾਂਦਾ ਹੈ। ਫਿਰ ਗੁਰੂ ਜੀ ਕਹਿਣ ਲੱਗੇ ਜੇਕਰ ਤੁਸੀਂ ਜੋ ਕਹਿ ਰਹੇ ਹੋ ਇਹ ਸੱਚ ਹੈ ਤਾਂ ਤੁਸੀਂ ਰਾਜਾ ਨਾਲ ਛਲ-ਕਪਟ ਕਰਨ ਜਾ ਰਹੇ ਹੋ। ਇਹ ਗੱਲ ਸੁਣ ਕੇ ਪ੍ਰੋਹਿਤ ਲੋਕ ਤੇ ਰਾਜਾ ਹੈਰਾਨ ਰਹਿ ਗਏ। ਗੁਰੂ ਰਵਿਦਾਸ ਮਹਾਰਾਜ ਜੀ ਕਹਿਣ ਲੱਗੇ 'ਪੰਡਤ ਜੀ ! ਤੁਹਾਡਾ ਵਿਧੀ-ਵਿਧਾਨ ਤੁਹਾਡੇ ਸ਼ਾਸਤਰ, ਵੇਦ ਤੇ ਸਿਮਰਤੀਆਂ ਇਹ ਜਣਦੇ ਹੋਏ ਵੀ ਕਿ ਪਰਮਾਤਮਾ ਹਰ ਜੀਵ ਵਿਚ ਰਹਿੰਦਾ ਹੈ ਫਿਰ ਵੀ ਜਾਤ ਪਾਤ ਵਿਚ ਵਿਸ਼ਵਾਸ਼ ਕਰਦੇ ਹਨ। ਆਪ ਜਾਣਦੇ ਹੋ ਕਿ ਪਰਮਾਤਮਾ ਦੀ ਰਚਨਾ ਦੇ ਆਧਾਰ 'ਤੇ ਨਹੀਂ ਬਲਕਿ ਆਪ ਦੀ ਨੀਤੀ ਦੇ ਆਧਾਰ 'ਤੇ ਮੈਂ ਚਮਾਰ ਜਾਤੀ ਨਾਲ ਸੰਬੰਧਤ ਹਾਂ। ਤੁਹਾਡੀ ਨੀਤੀ ਅਨੁਸਾਰ ਹਰ ਜੀਵਿਤ ਵਸਤੂ ਤੇ ਪ੍ਰਾਣੀ ਤੁਹਾਡਾ ਹੈ ਅਤੇ ਮਰੇ ਹੋਏ ਪ੍ਰਾਣੀ ਸਾਡੇ ਕਿਉਂਕਿ ਮੇਰੀ ਜਾਤੀ ਦੇ ਲੋਕ ਸ਼ਹਿਰ ਦੇ ਆਸ-ਪਾਸ ਮਰੇ ਹੋਏ ਪਸ਼ੂਆਂ ਨੂੰ ਢੋਣ ਦਾ ਕੰਮ ਕਰਦੇ ਹਨ। ਮੇਰੀ ਮਤ ਅਨੁਸਾਰ ਗਊਆਂ ਦੀਆਂ ਮੂਰਤੀਆਂ ਅਤੇ ਮਰੇ ਹੋਏ ਪਸ਼ੂਆਂ ਵਿਚ ਕੋਈ ਅੰਤਰ ਨਹੀਂ ਹੈ। ਨਿਰਜੀਵ ਵਸਤੂਆਂ ਸੋਨੇ ਦੀਆਂ ਹੋਣ ਜਾਂ ਚਮੜੇ ਦੀਆਂ ਉਸ ਉੱਤੇ ਤੁਹਾਡਾ ਕੋਈ ਅਧਿਕਾਰ ਨਹੀਂ ਕਿਉਂਕਿ ਇਹ ਸਾਰੀਆਂ ਗਊਆਂ ਨਿਰਜੀਵ ਹਨ ਇਸ ਲਈ ਇਨ੍ਹਾਂ 'ਤੇ ਮੇਰਾ ਪੈਦਾਇਸ਼ੀ ਹੱਕ ਹੈ'। ਸੁਭਾਵਿਕ ਹੀ ਇਹ ਗੱਲ ਵਿਵਾਦ ਦਾ ਵਿਸ਼ਾ ਬਣ ਗਈ ਰਾਜਾ ਤਾਂ ਪਹਿਲਾਂ ਹੀ ਗੁਰੂ ਜੀ ਦੀ ਸੱਚਾਈ, ਇਮਾਨਦਾਰੀ, ਪੂਜਾ, ਪੱਦਵੀ ਅਤੇ ਪ੍ਰਭੂ-ਗਿਆਨ ਦਾ ਕਾਇਲ ਸੀ। ਇਸ ਲਈ ਉਸ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਪੰਡਤ ਜੀ ਮੈਂ ਵਿਚ ਨਹੀਂ ਪੈਣਾ ਚਾਹੁੰਦਾ ਪ੍ਰੰਤੂ ਆਪ ਲੋਕਾਂ ਨੂੰ ਗੁਰੂ ਜੀ ਦੇ ਇਸ ਪ੍ਰਸ਼ਨ ਦਾ ਉੱਤਰ ਜ਼ਰੂਰ ਦੇਣਾ ਪਵੇਗਾ। ਅੰਤ ਫੈਸਲਾ ਇਹ ਹੋਇਆ ਕਿ ਜਾਂ ਤਾਂ ਪ੍ਰੋਹਿਤ ਆਪਣੀ ਵਿੱਦਿਆ ਸ਼ਕਤੀ ਨਾਲ ਇਨ੍ਹਾਂ ਨੂੰ ਜੀਵਿਤ ਕਰੇ ਤੇ ਆਪਣੇ ਨਾਲ ਲੈ ਜਾਵੇ ਨਹੀਂ ਤਾਂ ਇਨ੍ਹਾਂ ਸੋਨੇ ਦੀਆਂ ਗਊਆਂ ਨੂੰ ਗੁਰੂ ਜੀ ਲੈ ਜਾਣ। ਲਾਲਚ ਵਿਚ ਆਏ ਪੰਡਤ ਇੰਨਾ

ਸੋਨਾ ਨਹੀਂ ਛੱਡਣਾ ਚਾਹੁੰਦੇ ਸਨ ਉਨ੍ਹਾਂ ਨੇ ਵਿਸ਼ਵਾਸ ਅਨੁਸਾਰ ਕਈ ਮੰਤਰ ਪੜ੍ਹੇ ਪਰ ਕੰਮ ਨਾ ਬਣਦਾ ਦੇਖ ਅੰਤ ਕਹਿਣ ਲੱਗੇ "ਰਾਜਨ ! ਤੁਸੀਂ ਆਪਣੇ ਗੁਰੂ ਨੂੰ ਕਹੋ ਕਿ ਕੁਝ ਐਸਾ ਕਰੋ ਜਿਸ ਨਾਲ ਸੋਨੇ ਦੀਆਂ ਗਊਆਂ ਖ਼ੁਦ ਚੱਲਕੇ ਉਨ੍ਹਾਂ ਪਾਸ ਆ ਜਾਣ"। ਇਤਿਹਾਸ ਵਿਚ ਦਰਜ ਹੈ ਕਿ ਗੁਰੂ ਜੀ ਨੇ ਉਨ੍ਹਾਂ ਦੇ ਪ੍ਰਸਤਾਵ ਨੂੰ ਮਨਜ਼ੂਰ ਕੀਤਾ ਤੇ ਸਮਾਧੀ ਲਾ ਕੇ ਬੈਠ ਗਏ। ਤਦ ਸਾਰੇ ਲੋਕਾਂ ਨੇ ਦੇਖਿਆ ਕਿ ਸੋਨੇ ਦੀਆਂ ਗਊਆਂ ਗੁਰੂ ਜੀ ਦੇ ਚਰਨਾਂ ਵਿਚ ਆ ਕੇ ਬੈਠ ਗਈਆਂ। ਇਹ ਚਮਤਕਾਰ ਦੇਖ ਕੇ ਗੁਰੂ ਜੀ ਦੀ ਮਹਿਮਾਂ ਚਾਰੇ ਪਾਸੇ ਫੈਲ ਗਈ।

* * *

## ਕਿਰਦਾਰ ਪਾਂਡੇ ਅਤੇ ਉਸਦੇ ਸਾਥੀਆਂ ਦੁਆਰਾ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਖ਼ਤਮ ਕਰਨ ਦੀ ਯੋਜਨਾ

ਰਾਜਾ ਨਾਗਰ ਮੱਲ ਦੇ ਦਰਬਾਰ ਵਿਚ ਜਦੋਂ ਪਾਖੰਡੀ ਲੋਕਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਤਾਂ ਮਜਬੂਰ ਹੋ ਕੇ ਉਹਨਾਂ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅੱਗੇ ਹਾਰ ਤਾਂ ਮੰਨ ਲਈ ਪ੍ਰੰਤੂ ਉਹਨਾਂ ਦੇ ਮਨ ਵਿਚ ਬਦਲਾ ਲੈਣ ਦੀ ਭਾਵਨਾ ਪਹਿਲਾਂ ਨਾਲੋਂ ਜ਼ਿਆਦਾ ਵਧਣ ਲੱਗੀ। ਉਹ ਹਰ ਸਮੇਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਤੋਂ ਬਦਲਾ ਲੈਣ ਦੀਆਂ ਯੋਜਨਾਵਾਂ ਬਣਾਉਂਦੇ ਰਹਿੰਦੇ। ਕਿਰਦਾਰ ਪਾਂਡੇ ਉਹਨਾਂ ਦਾ ਮੁਖੀਆ ਸੀ ਜੋ ਆਪਣੀ ਹਾਰ ਨੂੰ ਭੁੱਲ ਨਹੀਂ ਸੀ ਸਕਿਆ। ਉਸਨੇ ਗੁਰੂ ਜੀ ਤੋਂ ਬਦਲਾ ਲੈਣ ਦੀ ਯੋਜਨਾ ਬਣਾਈ ਕਿ ਉਹਨਾਂ ਨੂੰ ਧੋਖ਼ੇ ਨਾਲ ਬੁਲਾ ਕੇ ਖ਼ਤਮ ਕਰ ਦਿੱਤਾ ਜਾਵੇ। ਉਸਨੇ ਆਪਣੇ ਸਾਥੀਆਂ ਨੂੰ ਕਿਹਾ ਕਿ ਰਵਿਦਾਸ ਉਹਨਾਂ ਦੇ ਰਸਤੇ ਦੀ ਰੁਕਾਵਟ ਹੈ ਅਤੇ ਜੇਕਰ ਰਵਿਦਾਸ ਨੂੰ ਮਾਰ ਦਿੱਤਾ ਜਾਵੇ ਤਾਂ ਇਹ ਰੁਕਾਵਟ ਆਪਣੇ ਆਪ ਖ਼ਤਮ ਹੋ ਜਾਵੇਗੀ। ਇਸ ਕੰਮ ਦੀ ਜ਼ਿੰਮੇਵਾਰੀ ਉਸਨੇ ਆਪਣੇ ਸਿਰ ਲਈ।

ਉਸਨੇ ਗੁਰੂ ਜੀ ਕੋਲ ਜਾ ਕੇ ਕਿਹਾ ਕਿ ਸਾਡਾ ਇਕ ਫ਼ੈਸਲਾ ਉਲਝ ਗਿਆ ਹੈ, ਤੁਸੀਂ ਸਤਿਪੁਰਸ਼ ਹੁੰਦੇ ਹੋਏ ਜਿਹੜਾ ਵੀ ਫੈਸਲਾ ਕਰੋਗੇ ਸਾਨੂੰ ਮਨਜ਼ੂਰ ਹੋਵੇਗਾ। ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਗਲਤ ਫ਼ੈਸਲਾ ਨਹੀਂ ਦੇਵੋਗੇ। ਤੁਸੀਂ ਮੇਰੇ ਨਾਲ ਚੱਲੋ। ਗੁਰੂ ਜੀ ਉਹਨਾਂ ਦੀ ਚਾਲ ਸਮਝ ਤਾਂ ਗਏ ਪਰ ਪਰਮਾਤਮਾ ਨੂੰ ਪ੍ਰਤੱਖ ਫ਼ੈਸਲਾ ਦੇਣ ਵਾਲਾ ਮੰਨ ਕੇ ਉਹ ਕਿਰਦਾਰ ਪਾਂਡੇ ਦੇ ਨਾਲ ਚਲ ਪਏ। ਉਹਨਾਂ ਨੂੰ ਪੂਰਾ ਵਿਸ਼ਵਾਸ ਸੀ ਕਿ ਪਰਮਾਤਮਾ ਉਹਨਾਂ ਦੀ ਮਦਦ ਜ਼ਰੂਰ ਕਰੇਗਾ। ਕਿਰਦਾਰ ਪਾਂਡੇ ਉਹਨਾਂ ਨੂੰ 'ਲੋਟਾ ਵੀਰ' ਦੇ ਜੰਗਲਾਂ ਵਿਚ ਲੈ ਗਿਆ। ਉਥੇ ਪਹੁੰਚ ਕੇ ਉਸਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਪ੍ਰਭੂ ਦੀ ਭਗਤੀ ਛੱਡਣ ਨਾਲ ਸਹਿਮਤ ਹੋ ਜਾਂ ਨਹੀਂ? ਤਾਂ ਸ਼੍ਰੀ ਗੁਰੂ ਰਵਿਦਾਸ ਜੀ ਨੇ ਕਿਹਾ ਕਿ ਮੈਂ ਰਾਮ ਦੇ ਨਾਮ ਦਾ ਸਿਮਰਨ ਕਰਨਾ ਨਹੀਂ ਛੱਡਾਂਗਾ,

ਚਾਹੇ ਮੇਰੇ ਪ੍ਰਾਣ ਚਲੇ ਜਾਣ। ਜੰਗਲ ਵਿਚ ਕਿਰਦਾਰ ਪਾਂਡੇ ਦੇ ਬਾਕੀ ਸਾਥੀ ਵੀ ਸਨ। ਜਿਵੇਂ ਹੀ ਉਹਨਾਂ ਨੇ ਗੁਰੂ ਜੀ ਉੱਪਰ ਹਮਲਾ ਕਰਨਾ ਚਾਹਿਆ ਤਾਂ ਉਹਨਾਂ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਉਹਨਾਂ ਨੇ ਗਲਤੀ ਨਾਲ ਆਪਣੇ ਸਾਥੀ ਕਿਰਦਾਰ ਪਾਂਡੇ ਨੂੰ ਹੀ ਮਾਰ ਦਿੱਤਾ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਘਰ ਵਾਪਿਸ ਪਰਤ ਆਏ। ਬ੍ਰਾਹਮਣ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਮਰਿਆ ਸਮਝ ਕੇ ਉਸ ਲਾਸ਼ ਨੂੰ ਨਾਗਰ ਮੱਲ ਦੇ ਦਰਬਾਰ ਵਿਚ ਲੈ ਗਏ। ਉਹਨਾਂ ਨੇ ਰਾਜੇ ਨਾਗਰ ਮੱਲ ਨੂੰ ਸੂਚਨਾ ਦਿੱਤੀ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਕਿਸੇ ਨੇ ਮਾਰ ਦਿੱਤਾ ਹੈ। ਰਾਜੇ ਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਹੋਇਆ। ਰਾਜਾ ਆਪ ਉਸ ਲਾਸ਼ ਨੂੰ ਦੇਖਣ ਗਿਆ। ਰਾਜੇ ਨੇ ਲਾਸ਼ ਉੱਤੋਂ ਪਰਦਾ ਚੁੱਕ ਕੇ ਬ੍ਰਾਹਮਣਾਂ ਨੂੰ ਕਿਹਾ ਕਿ ਪਹਿਚਾਣੋ! ਇਹ ਲਾਸ਼ ਕਿਸਦੀ ਹੈ? ਤਦ ਬ੍ਰਾਹਮਣ ਆਪਣੇ ਹੀ ਸਾਥੀ ਕਿਰਦਾਰ ਪਾਂਡੇ ਦੀ ਲਾਸ਼ ਦੇਖ ਕੇ ਹੈਰਾਨ ਰਹਿ ਗਏ। ਅੰਤ ਉਹਨਾਂ ਨੂੰ ਆਪਣੀ ਕੀਤੀ ਹੋਈ ਗਲਤੀ ਨੂੰ ਸਵੀਕਾਰ ਕਰਨਾ ਪਿਆ।

* * *

# ਜਗਤਗੁਰੂ ਰਵਿਦਾਸ ਮਹਾਰਾਜ ਜੀ ਅਲਾਵਦੀ ਬਾਦਸ਼ਾਹ ਨਾਲ ਗੋਸ਼ਟੀ

ਇਹ ਗੋਸ਼ਟੀ ਇਕ **ਹੱਥਲਿਖ਼ਤ ਗ੍ਰੰਥ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਮੌਜੂਦ ਹੈ ਜੋ ਸੰਮਤ 1786 ਵਿਚ ਲਿਖਿਆ ਹੈ ਅਤੇ ਇਹ ਉਸਦੇ ਪੰਨਾ 463, 466 ਅਤੇ 487 ਉੱਪਰ ਅੰਕਿਤ ਹੈ।**

**(ਪੰਨਾ 71, 'ਭਗਤ ਰਵਿਦਾਸ' ਜਸਵੀਰ ਸਿੰਘ ਸਾਬਰ, ਗੁਰੂ ਨਾਨਕ**

**(ਪੰਨਾ 71, 'ਭਗਤ ਰਵਿਦਾਸ' ਜਸਵੀਰ ਸਿੰਘ ਸਾਬਰ, ਗੁਰੂ ਨਾਨਕ ਦੇਵ**

**ਯੂਨੀਵਰਸਿਟੀ ਅੰਮ੍ਰਿਤਸਰ)**

ਕਾਂਸ਼ੀ ਵਿਚ ਕਾਜੀਆਂ ਨੇ ਅਲਾਵਦੀ ਬਾਦਸ਼ਾਹ ਨੂੰ ਕਿਹਾ ਕਿ ਰਵਿਦਾਸ ਜੀ ਇਕ ਚਮਾਰ ਹੈ। ਇਸ ਸੰਸਾਰ ਦੇ ਲੋਕ ਉਸਨੂੰ ਪੂਜਨੀਕ ਮੰਨਦੇ ਹਨ। ਉਹ ਆਪਣੇ ਆਪ ਨੂੰ ਪੀਰ ਕਹਿੰਦਾ ਹੈ ਤੇ ਸਾਰੇ ਲੋਕ ਉਸ ਕੋਲ ਮੁਰੀਦ ਬਣ ਕੇ ਜਾਂਦੇ ਹਨ। ਤੁਸੀਂ ਉਸਨੂੰ ਬੁਲਾ ਕੇ ਪੁੱਛੋ ਕਿ ਉਸ ਨੇ ਇਹ ਕੀ ਪਾਖੰਡ ਰਚਿਆ ਹੋਇਆ ਹੈ? ਤਦ ਅਲਾਵਦੀ ਬਾਦਸ਼ਾਹ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਆਪਣੇ ਦਰਬਾਰ ਵਿਚ ਬੁਲਾਇਆ। ਉਸ ਸਮੇਂ ਹੀ ਗੁਰੂ ਜੀ ਦੇ ਸਕੇ ਸੰਬੰਧੀ ਚਮੜਾ ਸਿਰ ਉਪਰ ਰੱਖ ਕੇ ਰਵਿਦਾਸ ਜੀ ਦੇ ਪੱਖ ਵਿਚ ਕਹਿਣ ਲਈ ਸੁਲਤਾਨ ਦੇ ਦਰਬਾਰ ਵਿਚ ਆਏ। ਜਦੋਂ ਗੁਰੂ ਰਵਿਦਾਸ ਮਹਾਰਾਜ ਜੀ ਬਾਦਸ਼ਾਹ ਕੋਲ ਗਏ ਤਾਂ ਉਸਨੇ

ਬਹੁਤ ਆਦਰ ਸਤਿਕਾਰ ਨਾਲ ਗੁਰੂ ਜੀ ਨੂੰ ਆਪਣੇ ਕੋਲ ਬਿਠਾ ਲਿਆ। ਉਸ ਸਮੇਂ ਹੀ ਬਾਦਸ਼ਾਹ ਨੂੰ ਚਮੜੇ ਦੀ ਬਦਬੂ ਆਈ, ਕਿਉਂਕਿ ਗੁਰੂ ਜੀ ਦੇ ਸਾਕ-ਸੰਬੰਧੀਆਂ ਨੇ ਚਮੜਾ ਸਿਰ ਉੱਪਰ ਚੁੱਕਿਆ ਹੋਇਆ ਸੀ। ਬਾਦਸ਼ਾਹ ਨੇ ਉਹਨਾਂ ਨੂੰ ਮਾਰ-ਮਾਰ ਕੇ ਦਰਬਾਰ ਵਿਚੋਂ ਬਾਹਰ ਕੱਢ ਦਿੱਤਾ ਅਤੇ ਰਵਿਦਾਸ ਜੀ ਨੂੰ ਕਿਹਾ ਕਿ ਤੁਸੀਂ ਲੋਕਾਂ ਨੂੰ ਆਪਣੇ ਚੇਲੇ ਬਣਾਉਂਦੇ ਹੋ, ਕੋਈ ਕਰਾਮਾਤ ਤਾਂ ਕਰਕੇ ਦਿਖਾਉ? ਤਦ ਸ਼੍ਰੀ ਗੁਰੂ ਰਵਿਦਾਸ ਜੀ ਨੇ ਕਿਹਾ ਕਿ ਕਰਾਮਾਤ ਤਾਂ ਮੈਂ ਦਿਖਾ ਚੁੱਕਾ ਹਾਂ, ਤੁਸੀਂ ਹੀ ਨਹੀਂ ਸਮਝੇ। ਬਾਦਸ਼ਾਹ ਨੇ ਕਿਹਾ ਕਿ ਕਿਹੜੀ ਕਰਾਮਾਤ ਦਿਖਾਈ ਹੈ? ਤਦ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੀ ਬਾਣੀ ਵਿਚ ਉਚਾਰਨ ਕੀਤਾ—

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥**
**ਰਿਦੈ ਰਾਮ ਗੋਬਿੰਦ ਗੁਨ ਸਾਰੰ ॥੧॥ਰਹਾਉ ॥**

ਬਾਦਸ਼ਾਹ ਨੇ ਕਿਹਾ ਕਿ ਇਸਦਾ ਪਰਮਾਰਥ ਕੀ ਹੈ? ਤਦ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਮਝਾਉਂਦੇ ਹੋਏ ਕਿਹਾ ਕਿ ਮੇਰੀ ਜਾਤ ਨੀਚ ਸਮਝੀ ਜਾਂਦੀ ਹੈ, ਜਿਸ ਵਿਚ ਮੈਂ ਪੈਦਾ ਹੋਇਆ ਹਾਂ। ਮੇਰੇ ਸਾਕ ਸੰਬੰਧੀਆਂ ਨੂੰ ਤਾਂ ਤੁਸੀਂ ਮਾਰ ਕੇ ਦੌੜਾ ਦਿੱਤਾ, ਕਿਉਂਕਿ ਉਹਨਾਂ ਕੋਲੋਂ ਚਮੜੇ ਦੀ ਬਦਬੂ ਆ ਰਹੀ ਸੀ। ਪਰੰਤੂ ਮੇਰੇ ਹਿਰਦੇ ਵਿਚ ਰਾਮ ਨਾਮ ਦੇ ਗੁਣਾਂ ਦਾ ਵਾਸ ਹੈ, ਇਸ ਲਈ ਤੁਸੀਂ ਮੈਨੂੰ ਆਪਣੇ ਨੇੜੇ ਬਿਠਾਇਆ ਹੈ ਨਹੀਂ ਤਾਂ ਮੈਂ ਅਛੂਤ (ਚਮਾਰ) ਤੁਹਾਡੇ ਨੇੜੇ ਕਿਵੇਂ ਆ ਸਕਦਾ ਸੀ। ਗੁਰੂ ਜੀ ਨੇ ਬਾਣੀ ਉਚਾਰਨ ਕਰਦੇ ਹੋਏ ਕਿਹਾ—

**ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ**
**ਸੰਤ ਜਨ ਕਰਤ ਨਹੀ ਪਾਨੰ ॥**
**ਸੁਰਾ ਅਪਵਿਤ੍ਰ ਨਤ ਅਵਰ ਜਲ ਰੇ**
**ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥**

ਬਾਦਸ਼ਾਹ ਨੇ ਕਿਹਾ ਕਿ ਇਸਦਾ ਪਰਮਾਰਥ ਕੀ ਹੈ? ਤਦ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਉੱਤਰ ਦਿੱਤਾ ਕਿ ਬਾਦਸ਼ਾਹ ਸਲਾਮਤ ਜਦੋਂ ਕੋਈ ਗੰਗਾ ਜੀ ਵਿਚੋਂ ਪਾਣੀ ਕੱਢ ਕੇ ਸ਼ਰਾਬ ਬਣਾਉਂਦਾ ਹੈ ਤਾਂ ਉਸ ਸ਼ਰਾਬ ਨੂੰ ਹਰ ਕੋਈ ਅਪਵਿੱਤਰ ਆਖਦਾ ਹੈ ਪਰ ਜੇਕਰ ਖੂਹ ਦਾ ਪਾਣੀ ਲੈ ਕੇ, ਉਸ ਨਾਲ ਸ਼ਰਾਬ ਬਣਾ ਕੇ ਉਸ ਸ਼ਰਾਬ ਨੂੰ ਗੰਗਾ ਜੀ ਵਿਚ ਮਿਲਾ ਦਿੱਤਾ ਜਾਵੇ ਤਾਂ ਉਹ ਗੰਗਾ ਦਾ ਹੀ ਰੂਪ ਹੋ ਜਾਂਦੀ ਹੈ। ਇਸ ਪ੍ਰਕਾਰ ਮੈਂ ਵੀ ਸ਼ਰਾਬ ਦੀ ਤਰ੍ਹਾਂ ਅਛੂਤ (ਚਮਾਰ) ਜਾਤ ਦਾ ਸੀ ਪਰ ਜਦੋਂ ਤੋਂ ਮੈਂ ਪਰਮਾਤਮਾ ਦੀ ਸ਼ਰਨ ਵਿਚ ਆਇਆ ਹਾਂ ਉਦੋਂ ਤੋਂ ਹੀ ਮੈਂ ਪਵਿੱਤਰ ਹੋ ਗਿਆ ਹਾਂ। ਗੁਰੂ ਜੀ ਅੱਗੋਂ ਫ਼ਰਮਾਉਂਦੇ ਹਨ—

**ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ**

**ਜੈਸੇ ਕਾਗਰਾ ਕਰਤ ਬੀਚਾਰੰ ॥**

**ਭਗਤਿ ਭਾਗਉਤ ਲਿਖੀਐ ਤਿਹ ਊਪਰੇ**

**ਪੂਜੀਐ ਕਰਿ ਨਮਸਕਾਰੰ ॥੨॥**

ਬਾਦਸ਼ਾਹ ਨੇ ਕਿਹਾ ਕਿ ਇਸਦਾ ਪਰਮਾਰਥ ਕੀ ਹੈ? ਗੁਰੂ ਜੀ ਨੇ ਕਿਹਾ ਕਿ ਬਾਦਸ਼ਾਹ ਜੀ ਕਾਗਜ਼ ਤਾੜੀ ਦੇ ਦਰੱਖ਼ਤ ਤੋਂ ਬਣਦਾ ਹੈ ਅਤੇ ਤਾੜ ਨੂੰ ਵੇਦਾਂ ਵਿਚ ਅਪਵਿੱਤਰ ਮੰਨਿਆ ਗਿਆ ਹੈ। ਜਦੋਂ ਪਰਮਾਤਮਾ ਦੀ ਭਗਤੀ ਦਾ ਵਿਚਾਰ ਉਸ ਕਾਗਜ਼ ਉੱਪਰ ਲਿਖ ਦਿੱਤਾ ਜਾਂਦਾ ਹੈ ਤਾਂ ਉਸ ਕਾਗਜ਼ ਨੂੰ ਪੂਜਿਆ ਜਾਂਦਾ ਹੈ। ਇਸ ਪ੍ਰਕਾਰ ਹੀ ਮੇਰੀ ਜਾਤ ਵੀ ਤਾੜੀ ਵਾਂਗ ਅਪਵਿੱਤਰ ਸਮਝੀ ਜਾਂਦੀ ਸੀ ਪਰ ਪ੍ਰਭੂ ਪ੍ਰੇਮ ਦੇ ਰੰਗ ਵਿਚ ਭਿੱਜ ਕੇ ਮੈਂ ਪੂਜਣਯੋਗ ਬਣ ਗਿਆ ਹਾਂ। ਭਾਵ ਪ੍ਰਭੂ ਦੇ ਨਾਮ ਦੇ ਸਿਮਰਨ ਕਾਰਨ ਮੈਂ ਪਵਿੱਤਰ ਹੋ ਗਿਆ ਹਾਂ। ਆਪਣੀ ਬਾਣੀ ਦਾ ਉਚਾਰਨ ਕਰਦੇ ਹੋਏ ਗੁਰੂ ਜੀ ਫ਼ਰਮਾਉਂਦੇ ਹਨ—

**ਮੇਰੀ ਜਾਤਿ ਕੁਟ ਬਾਂਡਲਾ ਢੋਰ ਢੋਵੰਤਾ**

**ਨਿਤਹਿ ਬਾਨਾਰਸੀ ਆਸ ਪਾਸਾ ॥**

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**

**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥**

ਬਾਦਸ਼ਾਹ ਨੇ ਇਸਦੇ ਪਰਮਾਰਥ ਬਾਰੇ ਪੁੱਛਿਆ? ਤਾਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਕਿਹਾ ਕਿ ਮੇਰੀ ਚਮਾਰ ਜਾਤ ਚਮੜੇ ਦਾ ਕੰਮ ਕਰਦੀ ਹੈ। ਮੇਰੀ ਜਾਤ ਦੇ ਲੋਕ ਮਰੇ ਹੋਏ ਪਸ਼ੂਆਂ ਨੂੰ ਹਰ ਰੋਜ਼ ਬਨਾਰਸ ਦੇ ਆਸ ਪਾਸ ਢੋਂਦੇ (ਉਠਾਉਂਦੇ) ਹਨ ਪਰ ਪਰਮਾਤਮਾ ਦੇ ਨਾਮ ਸਿਮਰਨ ਕਰਕੇ ਵੱਡੇ-ਵੱਡੇ ਬਾਦਸ਼ਾਹ, ਪ੍ਰਧਾਨ, ਬ੍ਰਾਹਮਣ ਅਤੇ ਖੱਤਰੀ ਵੀ ਝੁਕ ਕੇ ਮੈਨੂੰ ਨਮਸਕਾਰ ਕਰਦੇ ਹਨ।

ਪਰਮਾਰਥ ਦੀਆਂ ਇਹ ਸਾਰੀਆਂ ਗੱਲਾਂ ਸੁਣ ਕੇ ਬਾਦਸ਼ਾਹ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਬਹੁਤ ਸਾਰੀ ਮਾਇਆ ਭੇਂਟ ਕੀਤੀ ਅਤੇ ਸੋਨੇ ਨਾਲ ਜੁੜੀ ਹੋਈ ਸੇਜ ਵੀ ਸ਼ਰਧਾ ਵਜੋਂ ਭੇਂਟ ਕੀਤੀ। ਗੁਰੂ ਜੀ ਨੇ ਪਰਮਾਤਮਾ ਦੇ ਨਾਮ ਤੇ ਉਹ ਸਾਰੀ ਮਾਇਆ ਗਰੀਬਾਂ ਵਿਚ ਵੰਡ ਦਿੱਤੀ ਅਤੇ ਸੋਨੇ ਨਾਲ ਜੜੀ ਹੋਈ ਸੇਜ ਗੰਗਾ ਜੀ ਨੂੰ ਭੇਂਟ ਕਰ ਦਿੱਤੀ। ਕਾਜ਼ੀਆਂ ਨੇ ਦੁਬਾਰਾ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਕਿ ਰਵਿਦਾਸ ਜੀ ਨੇ ਸਾਰੀ ਮਾਇਆ ਲੁਟਾ ਦਿੱਤੀ ਹੈ ਅਤੇ ਤੁਹਾਡੇ ਦੁਆਰਾ ਦਿੱਤੀ ਹੋਈ ਸੋਨੇ ਦੀ ਸੇਜ ਗੰਗਾ ਜੀ ਵਿਚ ਪ੍ਰਵਾਹਿਤ ਕਰ ਦਿੱਤੀ ਹੈ। ਉਸ ਸੇਜ ਉਪਰ ਹੁਣ ਮਛੇਰੇ ਜਾਂ ਸਾਡੇ ਵਰਗੇ ਲੋਕ ਬੈਠਣਗੇ। ਇਹ ਰਵਿਦਾਸ ਜੀ ਨੇ ਠੀਕ ਨਹੀਂ ਕੀਤਾ।

ਸੁਲਤਾਨ ਨੇ ਉਹਨਾਂ ਦੀ ਸ਼ਿਕਾਇਤ ਸੁਣ ਕੇ ਰਵਿਦਾਸ ਜੀ ਨੂੰ ਆਪਣੇ

ਕੋਲ ਬੁਲਾਇਆ ਤੇ ਕਿਹਾ ਕਿ ਮੇਰੀ ਸੇਜ ਮੈਨੂੰ ਵਾਪਿਸ ਕਰ ਦਿਉ। ਮੈਂ ਤੁਹਾਨੂੰ ਦੂਸਰੀ ਸੇਜ ਦੇ ਦੇਵਾਂਗਾ। ਜਦੋਂ ਰਵਿਦਾਸ ਜੀ ਨੇ ਪੁੱਛਿਆ ਕਿ ਤੁਹਾਨੂੰ ਉਹੀ ਸੇਜ ਚਾਹੀਦੀ ਹੈ ਤਾਂ ਬਾਦਸ਼ਾਹ ਨੇ ਕਿਹਾ ਕਿ ਮੈਨੂੰ ਉਹੀ ਦਿੱਤੀ ਹੋਈ ਸੇਜ ਚਾਹੀਦੀ ਹੈ। ਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਤੁਸੀਂ ਮੇਰੇ ਨਾਲ ਉਥੇ ਚਲੋ ਜਿੱਥੇ ਮੈ ਤੁਹਾਡੀ ਸੇਜ ਰੱਖੀ ਹੋਈ ਹੈ। ਮੈਂ ਤੁਹਾਨੂੰ ਉਹ ਸੇਜ ਉਥੋਂ ਕੱਢ ਦੇਵਾਂਗਾ। ਫਿਰ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਬਾਦਸ਼ਾਹ ਗੰਗਾ ਦੇ ਕਿਨਾਰੇ ਤੇ ਆਏ। ਗੁਰੂ ਜੀ ਨੇ ਗੰਗਾ ਜੀ ਨੂੰ ਫ਼ਰਮਾਇਆ ਕਿ ਮੇਰੀ ਅਮਾਨਤ ਮੈਨੂੰ ਵਾਪਿਸ ਕਰ ਦਿਉ। ਤਦ ਗੰਗਾ ਜੀ ਨੇ ਆਪਣੀ ਲਹਿਰ ਨਾਲ ਉਸ ਸੇਜ ਵਰਗੀਆਂ ਸੱਤ ਸੇਜਾਂ ਬਾਹਰ ਕੱਢ ਦਿੱਤੀਆਂ। ਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਉਹ ਆਪਣੀ ਸੇਜਾਂ ਪਹਿਚਾਣ ਲੈਣ। ਬਾਦਸ਼ਾਹ ਨੇ ਕਿਹਾ ਕਿ ਮੇਰੀ ਤਾਂ ਸਿਰਫ਼ ਇਕ ਹੀ ਸੇਜ ਹੈ ਪਰ ਇਹ ਸੱਤ ਸੇਜਾਂ ਕਿਥੋਂ ਆਈਆਂ? ਗੁਰੂ ਜੀ ਨੇ ਕਿਹਾ ਬਾਦਸ਼ਾਹ ਜੀ ਇਹ ਇਕ ਦਿਨ ਵਿਚ ਹੀ ਇਕ ਤੋਂ ਸੱਤ ਹੋ ਗਈਆਂ ਹਨ। ਜੇਕਰ ਇਹ ਸੇਜ ਹੋਰ ਸਮਾਂ ਗੰਗਾ ਜੀ ਵਿਚ ਰਹਿੰਦੀਆਂ ਤਾਂ ਇਹਨਾਂ ਦੀ ਗਿਣਤੀ ਹੋਰ ਵੱਧ ਜਾਣੀ ਸੀ। ਇਹ ਸਾਰੀਆਂ ਸੇਜਾਂ ਤੇਰੇ ਹੀ ਕੰਮ ਆਉਣੀਆਂ ਸਨ। ਹੁਣ ਸੱਤ ਸੇਜਾਂ ਤੁਹਾਡੀਆਂ ਹੀ ਹਨ ਤੁਸੀਂ ਇਹਨਾਂ ਨੂੰ ਲੈ ਲਉ। ਬਾਦਸ਼ਾਹ ਨੇ ਗੁਰੂ ਜੀ ਨੂੰ ਕਿਹਾ ਕਿ ਇਹਨਾਂ ਸੇਜਾਂ ਨੂੰ ਗੰਗਾ ਜੀ ਵਿਚ ਪਾ ਦਿਉ ਤਾਂ ਜੋ ਇਹ ਹੋਰ ਵੱਧ ਜਾਣ। ਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਹੁਣ ਇਹ ਹੋਰ ਨਹੀਂ ਵੱਧਣਗੀਆਂ, ਕਿਉਂਕਿ ਇਹਨਾਂ ਦਾ ਤਾਂ ਬੀਜ ਹੀ ਉਖੜ ਗਿਆ ਹੈ। ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਅਜਿਹੀ ਲੀਲਾ ਦੇਖ ਕੇ ਬਾਦਸ਼ਾਹ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ। ਬਾਦਸ਼ਾਹ ਨੇ ਉੱਠ ਕੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਚਰਨਾਂ ਵਿਚ ਨਮਸਕਾਰ ਕੀਤੀ।

* * *

## ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਤਿਗੁਰੂ ਕਬੀਰ ਜੀ ਅਤੇ ਸਤਿਗੁਰੂ ਨਾਨਕ ਦੇਵ ਜੀ ਨਾਲ ਗਿਆਨ ਗੋਸ਼ਟੀਆਂ

ਅਜਿਹਾ ਪ੍ਰਮਾਣ ਮਿਲਦਾ ਹੈ ਕਿ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ 'ਮਡੂਰ ਨਗਰ' ਜਿਸਨੂੰ ਅੱਜਕਲ੍ਹ 'ਸੀਰ ਗੋਵਰਧਨਪੁਰ' ਕਿਹਾ ਜਾਂਦਾ ਹੈ, ਵਿਖੇ ਆਪਣਾ ਸਤਿਸੰਗ ਕਰਿਆ ਕਰਦੇ ਸਨ। ਉਸ ਸਮੇਂ ਗੁਰੂ ਜੀ ਦੀ ਉਮਰ ਲਗਭਗ 73 ਸਾਲਾਂ ਦੀ ਸੀ। ਕਬੀਰ ਜੀ ਬਨਾਰਸ (ਅੱਜਕੱਲ੍ਹ ਕਬੀਰ ਚੌਰਾ) ਵਿਖੇ ਸਤਿਸੰਗ ਕਰਿਆ ਕਰਦੇ ਸਨ। ਅਕਸਰ ਦੋਨੋਂ ਮਹਾਤਮਾ ਇਕੱਠੇ ਬੈਠ ਕੇ ਗਿਆਨ ਗੋਸ਼ਟੀਆਂ ਕਰਦੇ ਸਨ।

ਡਾ. ਲੇਖ ਰਾਜ ਪਰਵਾਨਾ ਆਪਣੀ ਕਿਤਾਬ 'ਸ੍ਰੀ ਗੁਰੂ ਰਵਿਦਾਸ ਜੀਵਨ ਅਤੇ ਕਿਰਤਾਂ' ਵਿਚ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਗੁਰੂ ਨਾਨਕ ਦੇਵ ਜੀ ਨਾਲ ਗੋਸ਼ਟੀਆਂ ਬਾਰੇ ਲਿਖਦੇ ਹਨ—

ਇਹ ਤੱਥ ਇਤਿਹਾਸਕ ਤੌਰ ਤੇ ਸਾਬਤ ਹੋ ਚੁੱਕਾ ਹੈ ਕਿ "ਗੁਰੂ ਰਵਿਦਾਸ ਜੀ (ਸੰਮਤ 1433-1584) 151 ਵਰ੍ਹਿਆਂ ਦੇ ਹੋ ਕੇ ਜੋਤੀ ਜੋਤ ਸਮਾਏ ਸਨ।" "ਗੁਰੂ ਨਾਨਕ ਦੇਵ ਜੀ 70 ਵਰ੍ਹੇ 5 ਮਹੀਨੇ ਅਤੇ 3 ਦਿਨਾਂ ਦੀ (1526-1596) ਉਮਰ ਭੋਗ ਕੇ ਅਕਾਲ ਪੁਰਖ ਦੇ ਸੰਗ ਸਦੀਵੀ ਤੌਰ 'ਤੇ ਜਾ ਮਿਲੇ ਸਨ।" ਇਸ ਸਮੇਂ ਵਿਚ ਗੁਰੂ ਨਾਨਕ ਸਾਹਿਬ ਦੀਆਂ ਗੁਰੂ ਰਵਿਦਾਸ ਮਹਾਰਾਜ ਜੀ ਨਾਲ ਤਿੰਨ ਮੁਲਾਕਾਤਾਂ ਹੋਈਆਂ ਦੱਸੀਆਂ ਜਾਂਦੀਆਂ ਹਨ। ਪਹਿਲੀ ਗੋਸ਼ਟੀ ਚੂੜਕਾਣੇ (ਨਨਕਾਣਾ ਸਾਹਿਬ) ਵਿਖੇ ਉਦੋਂ ਹੋਈ, ਜਦੋਂ ਗੁਰੂ ਨਾਨਕ ਸਾਹਿਬ ਅਜੇ ਕਿਸ਼ੋਰ ਅਵਸਥਾ ਵਿਚ ਸਨ। ਪੰਜ ਸੰਤ-ਕਬੀਰ ਜੀ, ਰਵਿਦਾਸ ਜੀ, ਸੈਨ ਜੀ, ਪੀਪਾ ਜੀ ਅਤੇ ਧੰਨਾ ਜੀ ਧਰਮ ਪ੍ਰਚਾਰ ਹਿਤ ਪੰਜਾਬ ਆਏ ਸਨ। ਗੁਰੂ ਨਾਨਕ ਦੇਵ ਜੀ ਨੇ ਜਿਹੜੇ ਵੀਹ ਰੁਪਏ ਆਪਣੇ ਪਿਤਾ ਮਹਿਤਾ ਕਾਲੂ ਜੀ ਪਾਸੋਂ ਵਪਾਰ ਲਈ ਪ੍ਰਾਪਤ ਕੀਤੇ ਸਨ, ਉਹ ਇਨ੍ਹਾਂ ਸੰਤਾਂ ਦੀ ਸੇਵਾ ਤੇ ਹੀ ਲਾ ਕੇ ਸੱਚਾ ਸੌਦਾ ਕੀਤਾ ਸੀ ਤੇ ਸੰਤਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਸੀ। ਬਾਬਾ ਜੀ ਜਾਣੀ-ਜਾਣ ਸਨ। ਉਨ੍ਹਾਂ ਨੇ ਸੰਤਾਂ ਅੰਦਰ ਜ਼ਰੂਰ ਕੋਈ ਸਾਤਵਿਕ ਤੇ ਆਤਮਿਕ ਸ਼ਕਤੀ ਦੇਖੀ ਹੋਵੇਗੀ, ਜਿਸ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਸੰਤਾਂ ਦੀ ਸੇਵਾ ਕੀਤੀ। ਪਿਤਾ ਕਾਲੂ ਜੀ ਨੂੰ ਜਦੋਂ ਪਤਾ ਲੱਗਾ ਕਿ ਇਨ੍ਹਾਂ ਸੰਤਾਂ ਵਿਚ ਨੀਚ ਜਾਤੀ ਨਾਲ ਸੰਬੰਧ ਰੱਖਣ ਵਾਲੇ ਵੀ ਹਨ ਤਾਂ ਲੋਕ-ਲਾਜ ਦੇ ਮਾਰੇ ਉਨ੍ਹਾਂ ਨੇ ਬਾਬੇ ਦੇ ਥੱਪੜ ਮਾਰੇ ਤੇ ਝਿੜਕਿਆ ਕਿ "ਰਵਿਦਾਸ-ਕਬੀਰ ਨੀਚੀ ਜਾਤੀ ਦੇ ਹਨ, ਤੂੰ ਉਨ੍ਹਾਂ ਨਾਲ ਕਿਉਂ ਸ਼ਿਸ਼ਟਾਚਾਰ ਵਧਾਇਆ?" ਗੁਰੂ ਜੀ ਨੇ ਆਪਣੇ ਪਿਤਾ ਜੀ ਨੂੰ ਨਿਝੱਕ ਹੋ ਕੇ ਜਾਤ-ਪਾਤ ਦਾ ਖੰਡਨ ਕਰਦਿਆਂ ਨਿਧੜਕ ਹੋ ਕੇ ਕਿਹਾ ਸੀ-

**ਨੀਚਾ ਅੰਦਰ ਨੀਚੁ ਜਾਤਿ ਨੀਚੀ ਹੂ ਅਤਿ ਨੀਚ ॥**
**ਨਾਨਕ ਤਿਨ ਕੇ ਸੰਗ ਸਾਥ ਵਡਿਆ ਸੋ ਕਿਆ ਰੀਸ ॥**

ਦੂਜੀ ਗੋਸ਼ਟੀ ਬਾਬਾ ਜੀ ਨਾਲ ਗੁਰੂ ਰਵਿਦਾਸ ਮਹਾਰਾਜ ਜੀ ਦੀ ਉਸ ਸਮੇਂ ਹੋਈ ਜਦੋਂ ਗੁਰੂ ਰਵਿਦਾਸ ਮਹਾਰਾਜ ਜੀ ਆਪਣੇ ਹੋਰ ਸੰਤ ਸਾਥੀਆਂ ਨਾਲ ਉੱਤਰੀ ਭਾਰਤ ਦਾ ਦੌਰਾ ਕਰਦੇ-ਕਰਦੇ ਬਾਰ੍ਹਾਂ ਵਰ੍ਹੇ ਬਾਅਦ ਦੁਬਾਰਾ ਪੰਜਾਬ ਆਏ ਸਨ। ਆਪਣੇ ਮਿੱਤਰਾਂ, ਸ਼ਰਧਾਲੂਆਂ, ਸੰਤਾਂ, ਭਗਤਾਂ ਨੂੰ ਮਿਲਦੇ-ਮਿਲਾਂਦੇ ਉਹ ਸੁਲਤਾਨਪੁਰ ਪੁੱਜੇ। ਸੰਤਘਾਟ ਗੁਰਦੁਆਰੇ ਵਾਲੇ ਸਥਾਨ ਤੇ ਸੰਤ ਸਮਾਗਮ ਹੋਣਾ ਨਿਯਤ ਸੀ।

ਗੁਰੂ ਨਾਨਕ ਦੇਵ ਜੀ ਦਾ ਜੀਜਾ ਜੈਰਾਮ ਤੇ ਭੈਣ ਬੇਬੇ ਨਾਨਕੀ ਨਾਨਕ ਜੀ ਦਾ ਬਹੁਤ ਖਿਆਲ ਕਰਦੇ ਸਨ ਕਿ ਉਹ ਘਰ-ਬਾਰ ਛੱਡ ਕੇ ਕਿਤੇ ਸੰਨਿਆਸੀ ਹੀ ਨਾ ਹੋ ਜਾਣ। ਸੁਲਤਾਨਪੁਰ ਦਾ ਬੇਰ ਸਾਹਿਬ ਗੁਰਦੁਆਰਾ ਉਸ ਸਮੇਂ ਹੋਂਦ ਵਿਚ ਨਹੀਂ ਸੀ, ਪਰ ਬੇਈਂ ਨਦੀ ਉਥੇ ਵਹਿੰਦੀ ਸੀ। ਗੁਰੂ ਨਾਨਕ ਸਾਹਿਬ ਦੇ ਇਸ ਨਦੀ ਵਿਚ ਚੁੱਭੀ ਮਾਰਨ ਨਾਲ ਇਸ ਨਦੀ ਦਾ ਮਾਣ-ਇੱਜ਼ਤ ਬਣ ਗਿਆ। ਇਸ ਜਗ੍ਹਾ ਤੋਂ ਤਿੰਨ ਕੁ ਮੀਲ ਉੱਤਰ ਵੱਲ ਕਪੂਰਥਲਾ-ਸੁਲਤਾਨਪੁਰ ਸੜਕ ਤੇ ਸੰਤ ਘਾਟ ਗੁਰਦੁਆਰਾ ਵਿਖੇ, ਜੋ ਬੇਈਂ ਨਦੀ ਦੇ ਬਿਲਕੁਲ ਕੰਢੇ ਤੇ ਸਥਿਤ ਹੈ ਅਤੇ ਜਿਸ ਦੀ ਇਮਾਰਤ ਅਜੇ ਵੀ ਅਧੂਰੀ ਪਈ ਹੈ (ਜਿੱਥੇ ਭਾਈ ਉਧਮ ਸਿੰਘ 30 ਕੁ ਸਾਲ ਪਹਿਲਾਂ ਛੱਡ ਗਏ ਸਨ, ਉਸੇ ਹਾਲਤ ਵਿਚ ਹੈ) ਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਸਸ਼ੋਭਤ ਹੈ, ਚੁੱਭੀ ਮਾਰਨ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਸਨ। ਇਥੇ ਪਹਿਲਾਂ ਗੁਰਦੁਆਰਾ ਨਹੀਂ ਸੀ, ਸਮਾਧਾਂ ਦੱਸੀਆਂ ਗਈਆਂ ਹਨ। ਸਮਾਧਾਂ ਅਜੇ ਵੀ ਹਨ, ਪਰ ਉਹ ਥੋੜ੍ਹਾ ਦੂਰ ਸੁਲਤਾਨਪੁਰ ਸ਼ਹਿਰ ਵੱਲ ਨੂੰ ਹਨ। ਬਾਬਾ ਜੀ ਨੂੰ ਇਕੱਲਿਆਂ ਬਾਹਰ ਘੱਟ ਭੇਜਿਆ ਜਾਂਦਾ ਸੀ। ਭਾਈ ਭਾਗੀਰਥ, ਜੋ ਉਨ੍ਹਾਂ ਦਾ ਸਹਾਇਕ ਸੀ, ਹਰ ਵੇਲੇ ਗੁਰੂ ਜੀ ਨਾਲ ਹੀ ਰਹਿੰਦਾ ਸੀ। ਸੰਤ ਸਮਾਗਮ ਵਾਲੇ ਦਿਨ ਗੱਲਾਂ ਕਰਦੇ-ਕਰਦੇ ਬਹਾਨੇ ਨਾਲ ਬੇਰ ਸਾਹਿਬ ਗੁਰਦੁਆਰੇ ਵਾਲੀ ਜਗ੍ਹਾ ਤੇ ਬੇਈਂ ਕਿਨਾਰੇ ਆ ਗਏ। ਕੱਪੜੇ ਉਤਾਰ ਕੇ ਭਾਈ ਭਾਗੀਰਥ ਜੀ ਨੂੰ ਫੜਾ ਦਿੱਤੇ ਤੇ ਖ਼ੁਦ ਲੰਗੋਟੀ ਨਾਲ ਬੇਈਂ ਵਿਚ ਇਸ਼ਨਾਨ ਕਰਨ ਦੇ ਬਹਾਨੇ ਕੁੱਦ ਪਏ ਅਤੇ ਹਨ੍ਹੇਰੇ ਵਿਚ ਅਲੋਪ ਹੋ ਗਏ। ਗੁਰਦੁਆਰਾ ਬੇਰ ਸਾਹਿਬ ਤੋਂ ਤਿੰਨ ਕਿਲੋਮੀਟਰ ਦੂਰ 'ਸੰਤ ਘਾਟ ਗੁਰਦੁਆਰਾ' ਹੈ ਜਿੱਥੇ ਸਤਿਸੰਗ ਹੋਣਾ ਨਿਯਤ ਸੀ, ਸੰਤ ਸਤਿਸੰਗ ਲਈ ਪਹੁੰਚ ਗਏ ਸਨ। ਇਹ ਪਹਿਲਾਂ ਵਾਲੇ ਹੀ ਸੰਤ ਸਨ, ਜੋ ਪੰਜਾਬ ਵਿਚ ਆਪਣੇ ਮਿਸ਼ਨ ਦਾ ਪ੍ਰਚਾਰ ਕਰਨ ਆਏ ਸਨ। ਇਨ੍ਹਾਂ ਪੰਜਾਂ ਸੰਤਾਂ ਵਿਚ ਗੁਰੂ ਰਵਿਦਾਸ ਜੀ ਵੀ ਸਨ। ਇਸੇ ਸੰਤ ਸਮਾਗਮ ਵਿਚ ਮਾਲੂਮ ਹੁੰਦਾ ਹੈ, ਸਰਬਸ਼ਕਤੀਮਾਨ, ਨਿਰ-ਆਕਾਰ, ਸਰਬ ਵਿਆਪਕ ਪਰਮਾਤਮਾ ਦਾ ਸੰਕਲਪ ਮਿੱਥਿਆ ਗਿਆ ਹੋਵੇ। ਇਸੇ ਗੁਰਦੁਆਰੇ (ਸੰਤ ਘਾਟ) ਦੀ ਦੀਵਾਰ ਤੇ ਲੱਗੇ ਬੋਰਡ ਤੇ ਲਿਖੇ ਇਹ ਸ਼ਬਦ ੧ਓ ਗੁਰਦੁਆਰਾ ਸ਼੍ਰੀ ਸੰਤ ਘਾਟ ਸਾਹਿਬ ਜੀ। ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸ਼੍ਰੀ ਬੇਰ ਸਾਹਿਬ ਤੋਂ ਬੇਈਂ ਨਦੀ ਵਿਚ ਚੁੱਭੀ ਲਾ ਕੇ ਤੀਸਰੇ ਦਿਨ ਪ੍ਰਗਟ ਹੋਏ ਅਤੇ ਇਥੇ ਹੀ ਮੂਲ ਮੰਤਰ ਉਚਾਰਨ ਕੀਤਾ' ਤੋਂ ਸਪੱਸ਼ਟ ਹੈ ਕਿ ਨਿਰੰਕਾਰ ਰੂਪੀ ਪਰਮਾਤਮਾ ਦੀ ਪ੍ਰਸ਼ੰਸਾ ਵਿਚ 'ਪੱਟੀ' ਨਾਮੀ ਰਚਨਾ ਗੁਰੂ ਨਾਨਕ ਸਾਹਿਬ ਨੇ ਇਸੇ ਵੇਲੇ ਕੀਤੀ ਸੀ ਅਤੇ ਸਾਰ-ਤੱਤ ਇਸ ਤੋਂ ਬਾਅਦ ਮੂਲ ਮੰਤਰ ਦੀ ਸ਼ਕਲ ਵਿਚ ਸਿਰਜਨਾ ਕੀਤੀ ਹੋਵੇਗੀ। ਮੂਲ ਮੰਤਰ ਨਾਲ-ਨਾਲ ਉਨ੍ਹਾਂ ਦਾ ਨਿਮਨ ਲਿਖਤ ਸ਼ਬਦ ਮੁਕਤੀ ਜਾਪ ਵਲ ਵੀ ਇਸ਼ਾਰਾ ਕਰਦਾ ਹੈ—

**ਝਾੜ ਮਿੱਟੀ ਆਤਮ ਦਰਸਾਨਾ।**
**ਪ੍ਰਗਟੈ ਗਿਆਨ ਜੋਤ ਤਬ ਭਾਨਾ॥**
**ਲਿਵ ਲੀਨ ਭਹੈ ਮਾਧੋ ਆਤਮ ਐਸੇ।**
**ਜਲ ਤਰੰਗ ਭੇਦ ਕੁ ਕੈਸੇ॥**
**ਨਾਨਕ ਓਅੰਗ ਸੋਹੰਗ ਆਤਮਾ ਸੋਊ॥**

ਤਿੰਨਾਂ ਦਿਨਾਂ ਦੇ ਸੰਤ ਸਮਾਗਮ ਵਿਚ ਲਏ ਗਏ ਫ਼ੈਸਲੇ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੀ ਤਿਆਰੀ ਦਾ ਮੁੱਢ ਵੀ ਇਸੇ 'ਸੰਤ ਘਾਟ' ਗੁਰਦੁਆਰੇ ਵਾਲੇ ਸਥਾਨ ਤੋਂ ਹੀ ਆਰੰਭ ਹੋਇਆ ਦੱਸਿਆ ਗਿਆ ਹੈ। ਇਸ ਕਥਨ ਦੀ ਪੂਰਤੀ ਸੰਤ ਕਰਤਾਰ ਸਿੰਘ ਜੀ ਨੇ, ਜੋ ਗੁਰਦੁਆਰਿਆਂ ਦੀ ਉਸਾਰੀ ਉਨ੍ਹਾਂ ਦੀ ਮੁਰੰਮਤ ਕਰਵਾਉਣ, ਸਿੱਖ ਇਤਿਹਾਸ ਅਤੇ ਬਾਣੀ ਦੇ ਪ੍ਰਬੀਨ ਬੁਲਾਰੇ ਅਤੇ ਤਰਜਮਾਨ ਮੰਨੇ ਜਾਂਦੇ ਹਨ, ਨੇ ਵੀ ਇਸੇ ਸੰਤ ਸਮਾਗਮ ਦੀ ਸੰਭਾਵਨਾ ਦੀ ਹੋਂਦ ਦੀ ਪੁਸ਼ਟੀ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਮਿਤੀ 31-3-1983 ਨੂੰ ਮੇਰੇ ਨਾਲ ਇਕ ਵਿਚਾਰਗੋਸ਼ਟੀ ਵਿਚ ਕੀਤੀ ਸੀ। ਗੁਰੂ ਨਾਨਕ ਸਾਹਿਬ ਦੀ ਸੰਤਾਂ ਨਾਲ ਇਹ ਦੂਜੀ ਮਿਲਣੀ ਸੀ। ਸੱਚਖੰਡ ਦੇ ਸੰਕਲਪ ਨੂੰ ਵਿਕਾਸ ਇਸੇ ਸਮੇਂ ਮਿਲਿਆ ਸੀ ਅਤੇ ਮੂਲ ਮੰਤਰ ਦੀ ਰਚਨਾ ਵੀ ਇਸੇ ਜਗ੍ਹਾ ਹੋਈ ਦੱਸੀ ਗਈ ਹੈ।

ਗੁਰੂ ਨਾਨਕ ਦੇਵ ਜੀ ਵੀ ਭਾਰਤੀ ਸਮਾਜ ਦੀ ਬਦਕਿਸਮਤੀ 'ਤੇ ਗਿਲਾਨੀ ਤੋਂ ਪੂਰੀ ਤਰ੍ਹਾਂ ਵਾਕਫ਼ ਹੋ ਚੁੱਕੇ ਸਨ। ਜਾਤਪਾਤ ਦੇ ਬੰਧਨਾਂ ਅਤੇ ਵਰਣ ਵਿਵਸਥਾ ਦੁਆਰਾ ਪੈਦਾ ਹੋਈਆਂ ਤੇ ਕੋੜ੍ਹਾ-ਰੂਪ ਧਾਰਨ ਕਰ ਚੁੱਕੀਆਂ ਸਮੱਸਿਆਵਾਂ ਤੋਂ ਵੀ ਚੇਤੰਨ ਹੋ ਚੁੱਕੇ ਸਨ ਤੇ ਬ੍ਰਾਹਮਣਵਾਦ ਦੀ ਪ੍ਰਭੂਸੱਤਾ ਤੇ ਅਜ਼ਾਰਾਦਾਰੀ ਤੋਂ ਵੀ ਚੰਗੀ ਤਰ੍ਹਾਂ ਜਾਗ੍ਰਿਤ ਹੋ ਚੁੱਕੇ ਸਨ। ਇਸਤਰੀ ਤੇ ਜ਼ੁਲਮ ਅਤੇ ਰਾਜਿਆਂ ਦੀਆਂ ਜ਼ਬਰਦਸਤ ਗਲਤ ਕਾਰਗੁਜ਼ਾਰੀਆਂ ਤੋਂ ਵੀ ਉਹ ਪੂਰੀ ਤਰ੍ਹਾਂ ਸੁਚੇਤ ਸਨ। ਇਸ ਲਈ ਗੁਰੂ ਨਾਨਕ ਸਾਹਿਬ ਨੇ ਉੱਤਰੀ ਭਾਰਤ ਵਿਚ ਆਪਣੇ ਦੋ ਸਾਥੀਆਂ ਭਾਈ ਬਾਲਾ ਅਤੇ ਮਰਦਾਨਾ ਸਮੇਤ ਉਕਤ ਸਮੱਸਿਆਵਾਂ ਵਿਰੁੱਧ ਸੰਘਰਸ਼ ਕੀਤਾ। ਗੁਰੂ ਸਾਹਿਬਾਨ ਦੀ ਆਸ਼ਾ ਵੀ ਉਹੀ ਸੀ, ਜੋ ਗੁਜਰਾਤ, ਰਾਜਸਥਾਨ, ਯੂ.ਪੀ. ਅਤੇ ਦੱਖਣੀ ਭਾਰਤ ਵਿਚ ਸੰਤਾਂ ਦੀ ਸੀ। ਬ੍ਰਾਹਮਣਵਾਦ ਦੀਆਂ ਧਾਰਮਿਕ ਅਤੇ ਸਮਾਜਿਕ ਬੇਇਨਸਾਫ਼ੀਆਂ ਭਰੇ ਵਤੀਰਿਆਂ ਵਿਰੁੱਧ ਗੁਰੂ ਨਾਨਕ ਸਾਹਿਬ ਨੇ ਬੀੜਾ ਉਠਾਇਆ ਸੀ। ਖੱਤਰੀ, ਵੈਸ਼, ਸ਼ੂਦਰ ਅਤੇ ਨਾਰੀ ਚਹੁੰਆਂ ਨੂੰ ਦੁਪਾਸੀ ਮਾਰ ਪੈ ਰਹੀ ਸੀ। ਇਕ ਪਾਸੇ ਰਾਜਸੀ ਹਾਕਮ ਇਨ੍ਹਾਂ ਨੂੰ ਨਾਜਾਇਜ਼ ਦਬਾ ਰਹੇ ਸਨ ਅਤੇ ਦੂਜੇ ਪਾਸੇ ਬ੍ਰਾਹਮਣ ਆਪਣੀ ਆਜ਼ਾਰਾਦਾਰੀ ਤੇ

ਬੌਧਿਕ ਰਾਜ ਕਾਇਮ ਰੱਖਣ ਦੀ ਖਾਤਰ ਜਾਤਪਾਤ, ਵਰਣ-ਭੇਦ ਅਤੇ ਊਚ-ਨੀਚ ਪ੍ਰਣਾਲੀਆਂ ਦੇ ਹੱਥ ਕੰਡੇ ਵਰਤ ਕੇ ਭਾਰਤੀ ਸਮਾਜ ਨੂੰ ਤਕਸੀਮ ਕਰੀ ਬੈਠੇ ਸਨ। ਗੁਰੂ ਨਾਨਕ ਦੇਵ ਜੀ ਲਈ ਅਜਿਹਾ ਵਾਤਾਵਰਣ ਅਸਹਿ ਸੀ। ਉਹਨਾਂ ਨੇ ਸੰਤਾਂ ਦੇ ਆਦਰਸ਼ ਨੂੰ ਘੋਖ ਕੇ ਇਹ ਉੱਚਿਤ ਸਮਝਿਆ ਕਿ ਉੱਤਰੀ ਭਾਰਤ ਵਿਚ ਇਨ੍ਹਾਂ ਸਮਾਜਿਕ ਬੁਰਾਈਆਂ ਵਿਰੁੱਧ ਆਵਾਜ਼ ਉਠਾਈ ਜਾਵੇ। ਉਹ ਇਹ ਸਮਝ ਚੁੱਕੇ ਸਨ ਕਿ ਆਵਾਜ਼ ਸਾਰੇ ਭਾਰਤ ਵਿਚ ਉਠਣੀ ਚਾਹੀਦੀ ਹੈ। ਇਹ ਆਵਾਜ਼ ਉਠਾਉਣੀ ਗੁਰੂ ਨਾਨਕ ਸਾਹਿਬ ਦਾ ਪ੍ਰਮੁੱਖ ਨਿਸ਼ਾਨਾ ਸੀ।

ਇਸ ਪ੍ਰਯੋਜਨ ਲਈ ਗੁਰੂ ਜੀ ਨੇ ਤੀਜੀ ਗੋਸ਼ਟੀ "ਕਾਸ਼ੀ ਵਿਚ ਗੋਪਾਲਦਾਸ ਦੀ ਬਗੀਚੀ ਵਿਚ, ਜਿੱਥੇ ਹੁਣ ਗੁਰੂ ਕਾ ਬਾਗ ਗੁਰਦੁਆਰਾ ਹੈ, ਸੰਤ ਕਬੀਰ ਜੀ ਅਤੇ ਸੰਤ ਰਵਿਦਾਸ ਜੀ ਨਾਲ" ਕੀਤੀ ਅਤੇ ਭਗਤੀ ਅੰਦੋਲਨ ਨੂੰ ਮਾਨਵੀ ਹਿੱਤ ਲਈ ਅਤੇ ਸਹੀ ਲੀਹਾਂ ਤੇ ਚਲਾਉਣ ਲਈ ਯੋਜਨਾ ਵੀ ਤਿਆਰ ਕੀਤੀ। ਇਸੇ ਯਾਤਰਾ ਸਮੇਂ ਗੁਰੂ ਨਾਨਕ ਸਾਹਿਬ ਨੇ ਸੁਆਮੀ ਰਾਮਾਨੰਦ ਅਤੇ ਸੁਆਮੀ ਸ਼ੰਕਰਾਚਾਰੀਆ ਨਾਲ ਵੀ ਆਤਮਿਕ ਗਿਆਨ ਸਬੰਧੀ ਗੋਸ਼ਟੀਆਂ ਕੀਤੀਆਂ ਅਤੇ ਨਿਰਾਕਾਰ ਰੂਪੀ ਪਰਮ ਪਿਤਾ ਪਰਮਾਤਮਾ ਦੀ ਹੋਂਦ, ਸ਼ਕਤੀ, ਲੀਲਾ ਅਤੇ ਸਰਬੰਗੀ ਪਾਸਾਰ ਵਰਗੇ ਮਲੂਕ ਅਤੇ ਨਾਜ਼ੁਕ ਮਸਲਿਆਂ ਤੇ ਵਾਦ-ਵਿਵਾਦ ਕੀਤਾ। ਇਸ ਤੋਂ ਬਾਅਦ ਸੰਤਾਂ ਦੀ ਮਹਿਫ਼ਲ ਵੀ ਲੱਗੀ। ਸੰਤਾਂ ਦੀ ਮਹਿਫ਼ਲ ਦੇ ਮੁੱਖ ਸੰਤ ਰਵਿਦਾਸ ਜੀ ਨਾਲ ਸਵਿਸਥਾਰ ਧਾਰਮਿਕ ਅਤੇ ਆਤਮਿਕ ਮਾਮਲਿਆਂ ਤੇ ਵਿਚਾਰ-ਵਟਾਂਦਰਾ ਹੋਇਆ ਅਤੇ ਆਗਾਮੀ ਧਾਰਮਿਕ-ਸਮਾਜਿਕ ਸਰਗਰਮੀਆਂ ਦੀ ਰੂਪ-ਰੇਖਾ ਇਸੇ ਤੀਜੇ ਸੰਤ ਸਮਾਗਮ ਵਿਚ ਉਲੀਕੀ ਗਈ। ਹਜ਼ਾਰਾਂ ਦੀ ਗਿਣਤੀ ਵਿਚ ਵਹਿਮਾਂ-ਭਰਮਾਂ ਵਿਚ ਫਸੇ ਲੋਕਾਂ ਨੂੰ ਕੱਢ ਕੇ ਸੱਚੇ ਨਿਰੰਕਾਰ ਅਕਾਲ-ਪੁਰਖ ਦਾ ਗਿਆਨ ਦਿੱਤਾ। ਉਥੇ ਉਨ੍ਹਾਂ ਦਾ ਅੰਤਰਿਮ ਤੌਰ 'ਤੇ ਸਮਾਜਿਕ ਨਾ-ਬਰਾਬਰੀ ਵਿਰੁੱਧ ਪ੍ਰਚਾਰ ਅਤੇ "**ਏਕ ਪਿਤਾ ਏਕਸ ਕੇ ਹਮ ਬਾਰਕ**" ਨਾਮੀ ਮਹਾਂਵਾਕ ਦੇ ਸੱਚ ਨੂੰ ਸਾਕਾਰ ਕਰਨਾ ਸੀ ਅਤੇ "**ਸਰਬਤ ਦਾ ਭਲਾ**" ਸਿਧਾਂਤ ਨੂੰ ਅਮਲੀ ਰੂਪ ਵਿਚ ਲਿਆ ਕੇ ਸੀਮਿਤ ਸਗੁਣ ਦੀਆਂ ਹੱਦਾਂ ਨੂੰ ਖੋਲ੍ਹਣਾ ਸੀ। ਇਹ ਗੋਸ਼ਟੀਆਂ ਬੇਹੱਦ ਭਾਵ-ਮੂਲਕ ਸਨ। ਸੰਤ ਰਵਿਦਾਸ ਜੀ ਦਾ ਆਦਰਸ਼ ਪਾਖੰਡ ਵਿਚ ਫਸੇ ਵਿਦਵਾਨਾਂ, ਸੰਤਾਂ, ਸਿੱਧਾਂ, ਮਹਾਤਮਾਵਾਂ ਅਤੇ ਬ੍ਰਾਹਮਣਾਂ ਨੂੰ ਸਹੀ-ਨੂਰੀ-ਰਾਹ ਵਿਖਾਉਣਾ ਸੀ। ਇਸੇ ਮਨੋਰਥ ਦੀ ਸਹਿਕਾਰਤਾ ਅਤੇ ਸਮਰਥਨ ਦੀ ਪੁਸ਼ਟੀ ਲਈ, ਗੁਰੂ ਨਾਨਕ ਸਾਹਿਬ ਬਨਾਰਸ ਵਿਖੇ ਤਤਕਾਲੀ ਸਮਾਜਿਕ ਬੰਧਨਾਂ ਨੂੰ ਤੋੜ ਕੇ ਸੰਤਾਂ ਨੂੰ ਮਿਲੇ ਅਤੇ ਸੰਤ ਰਵਿਦਾਸ ਨਾਲ ਸਰਬ-ਸਾਂਝੇ ਮਾਮਲਿਆਂ ਤੇ ਵਿਚਾਰ ਵਟਾਂਦਰਾ ਹੋਇਆ, ਇਸ ਸਮਾਗਮ ਵਿਚ ਧਾਰਮਿਕ,

ਸਮਾਜਿਕ ਅਤੇ ਰਾਜਸੀ ਮਸਲਿਆਂ ਤੇ ਵੀ ਵਿਚਾਰ ਹੋਇਆ। ਜਿਸ ਵਿਚ ਸ਼ੂਦਰਾਂ, ਇਸਤਰੀ ਵਰਗ ਦੀ ਆਜ਼ਾਦੀ , ਉਸ ਦੀ ਉੱਚਤਾ, ਸਮਾਜ ਵਿਚ ਬਰਾਬਰ ਦਾ ਸਥਾਨ ਦਿਵਾਉਣਾ, ਸਮਾਜਿਕ ਨਾ-ਬਰਾਬਰੀ, ਬੇਇਨਸਾਫ਼ੀ ਵਿਰੁੱਧ
ਅੰਦੋਲਨ ਕਰਨ ਅਤੇ ਤਤਕਾਲੀ ਰਾਜਸੱਤਾ ਦੇ ਜ਼ੁਲਮਾਂ ਵਿਰੁਧ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ ਸੀ।

* * *

# ਅਯੁੱਧਿਆ ਵਿੱਚ ਜਗਤਗੁਰੂ ਰਵਿਦਾਸ ਮਹਾਰਾਜ ਜੀ

ਅਯੁੱਧਿਆ ਵਿੱਚ ਇੱਕ ਵਾਰੀ ਮਹਾਨ ਸੰਤ ਸੰਮੇਲਨ ਦਾ ਆਯੋਜਨ ਕੀਤਾ ਗਿਆ।ਇਸ ਗੋਸ਼ਟੀ ਵਿੱਚ ਭਾਰਤ ਦੇ ਕੋਨੇ ਕੋਨੇ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ।ਇਸ ਸਮੇਂ ਸਤਿਗੁਰੂ ਰਵਿਦਾਸ ਜੀ ਦੀ ਪ੍ਰਸਿੱਧੀ ਦੂਰ ਦੂਰ ਤੱਕ ਫੈਲ ਗਈ ਸੀ ਪਰ ਕਾਂਸ਼ੀ ਦੀ ਤਰ੍ਹਾਂ ਇਥੋਂ ਦੇ ਕਈ ਬ੍ਰਾਹਮਣ ਜਗਤਗੁਰੂ ਰਵਿਦਾਸ ਮਹਾਰਾਜ ਜੀ ਨਾਲ ਈਰਖਾ ਕਰਦੇ ਸਨ। ਆਯੋਜਕਾਂ ਦੇ ਫ਼ੈਸਲੇ ਅਨੁਸਾਰ ਜਿਹੜਾ ਪ੍ਰਸ਼ਾਦ ਸੰਤ ਸੰਮੇਲਨ ਦੇ ਮਗਰੋਂ ਵਰਤਾਇਆ ਜਾਣਾ ਸੀ। ਉਹਦੇ ਵਿੱਚ ਈਰਖਾਲੂ ਬ੍ਰਾਹਮਣਾਂ ਨੇ ਮਿੱਟੀ ਦੇ ਰੋੜੇ ਅਤੇ ਠੀਕਰੀਆਂ ਮਿਲਾ ਦਿੱਤੀਆਂ। ਸਾਰੇ ਆਏ ਸੰਤ, ਮਹਾਂਪੁਰਸ਼ਾ ਦੀ ਤਰ੍ਹਾਂ ਜਦੋਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੇ ਪ੍ਰਵਚਨਾਂ ਨਾਲ ਸੰਗਤ ਨੂੰ ਨਿਹਾਲ ਕਰਨ ਮਗਰੋਂ ਆਖ਼ੀਰ ਆਰਤੀ ਗਾਇਨ ਕਰ ਪ੍ਰਸ਼ਾਦ ਵਿੱਚ ਬ੍ਰਾਹਮਣਾਂ ਨੇ ਜੋ ਰੋੜ ਠੀਕਰੀਆਂ ਮਿਲਾਈਆ ਸਨ ਉਹ ਸੋਨੇ ਦੀਆਂ ਅਸ਼ਰਫੀਆਂ ਬਣ ਗਈਆ, ਸੰਗਤ ਅਸ਼ਰਫੀਆਂ ਸਹਿਤ ਪ੍ਰਸ਼ਾਦ ਪਾ ਕੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ ਜੈ ਕਾਰ ਬੁਲਾ ਰਹੀ ਸੀ ਤੇ ਹੁਣ ਦੋਸ਼ੀ ਬ੍ਰਾਹਮਣ ਕਿਸੇ ਤਰ੍ਹਾਂ ਦੇ ਪ੍ਰਕੋਪ ਤੋਂ ਡਰਦਿਆ ਘਬਰਾ ਕੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿੱਚ ਮੁਆਫ਼ੀ ਦੀ ਬੇਨਤੀ ਕਰ ਰਹੇ ਸਨ। ਮਹਾਰਾਜ ਜੀ ਤੋਂ ਭੁੱਲਾਂ ਬਖ਼ਸ਼ਾ ਉਹਨਾਂ ਸਾਰਿਆ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਦਾਸ ਹੋ ਕੇ ਸਾਰੀ ਸੰਗਤ ਦੀ ਸੇਵਾ ਦਾ ਪ੍ਰਣ ਕੀਤਾ।

ਇਥੇ ਅਯੁੱਧਿਆ ਵਿੱਚ ਵੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਹੋਈ ਦੱਸੀ ਜਾਂਦੀ ਹੈ। ਸੋਢੀ ਮਨੋਹਰ ਦਾਸ ਮਿਹਰਬਾਨ ਜੀ ਜੋ ਕਿ ਗੁਰੂ ਅਰਜਨ ਦੇਵ ਜੀ ਦੇ ਭਤੀਜੇ ਸਨ ਉਹਨਾਂ ਦੀ ਸਤ੍ਹਾਰਵੀ ਸਦੀ ਦੀ ਲਿਖਤ **"ਪੋਥੀ ਸੱਚਖੰਡ" (ਜਨਮ ਸਾਖੀ ਸ਼੍ਰੀ ਗੁਰੂ ਨਾਨਕ ਜੀ)** ਵਿੱਚ **"ਗੋਸ਼ਟੀ ਗੁਰੂ ਬਾਬਾ ਜੀ ਕੀ ਭਗਤਾਂ ਨਾਲ"** ਵਿੱਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਅਯੁੱਧਿਆ ਵਿੱਚ ਜਗਤ ਕਲਿਆਣ ਕਰਦੇ ਵਿਚਰ ਰਹੇ ਸਨ ਤਾਂ ਉਹਨਾਂ ਦੀ ਮੁਲਾਕਾਤ ਗੁਰੂ ਰਵਿਦਾਸ ਜੀ, ਗੁਰੂ ਕਬੀਰ ਜੀ, ਗੁਰੂ ਧੰਨਾ ਜੀ, ਗੁਰੂ ਸੈਣ ਜੀ ਅਤੇ ਹੋਰ ਮਹਾਂਪੁਰਸ਼ਾਂ ਨਾਲ ਹੋਈ

* * *

# ਰਾਜਾ ਚੰਦਰ ਪ੍ਰਤਾਪ

ਉਦੇਪੁਰ ਮਹਾਰਾਣਾ ਸਾਂਗਾ ਦੇ ਜੱਗ ਵਿਚ ਗਾਜ਼ੀਪੁਰ ਦਾ ਰਾਜਾ ਚੰਦਰ ਪ੍ਰਤਾਪ ਵੀ ਆਇਆ ਹੋਇਆ ਸੀ। ਪੂਰਨ ਚੰਦ ਜੱਖੂ ਨੇ ਆਪਣੀ ਰਚਨਾ "ਜੀਵਨ ਸਾਖੀ" ਵਿਚ ਲਿਖਿਆ ਹੈ—

**"ਗਾਜ਼ੀਪੁਰ ਦਾ ਰਾਜਾ ਚੰਦਰ ਪ੍ਰਤਾਪ ਗੁਰੂ ਜੀ ਦੀ ਮਹਾਨ ਸ਼ੋਭਾ ਸੁਣ ਕੇ ਦਰਸ਼ਨ ਕਰਨ ਲਈ ਆਇਆ। ਰਾਜੇ ਚੰਦਰ ਪ੍ਰਤਾਪ ਜੀ ਨੇ ਪਵਿੱਤਰ ਚਰਨਾਂ ਉੱਤੇ ਆਪਣਾ ਸਿਰ ਝੁਕਾ ਕੇ ਦੋਨੋਂ ਹੱਥ ਜੋੜ ਕੇ ਜੱਗ ਕਰਾਉਣ ਲਈ ਬੇਨਤੀ ਕੀਤੀ।"**

ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਰਾਜਾ ਚੰਦਰ ਪ੍ਰਤਾਪ ਦੀ ਬੇਨਤੀ ਪ੍ਰਵਾਨ ਕਰ ਲਈ। ਰਾਣਾ ਸਾਂਗਾ ਨੇ ਗਾਜ਼ੀਪੁਰ ਜਾਣ ਤੱਕ ਦੀ ਸੇਵਾ ਕਰਨ ਦਾ ਬਚਨ ਲੈ ਲਿਆ। ਮੀਰਾਂ ਬਾਈ ਤੇ ਕਰਮਾ ਬਾਈ ਵੀ ਨਾਲ ਹੀ ਗਾਜ਼ੀਪੁਰ ਆਈਆਂ। ਸ਼੍ਰੀ ਪੂਰਨ ਚੰਦ ਜੱਖੂ ਗਾਜ਼ੀਪੁਰ ਪਹੁੰਚਣ ਦਾ ਇਕ ਸੁੰਦਰ ਦ੍ਰਿਸ਼ ਪੇਸ਼ ਕਰਦੇ ਹਨ-

"ਗੁਰੂ ਜੀ ਮਹਾਰਾਜ ਦੇ ਗਾਜ਼ੀਪੁਰ ਨਗਰੀ ਵਿਚ ਚਰਨ ਪਾਉਣ ਨਾਲ ਹੀ ਪਾਪਾਂ ਦੀ ਹਨ੍ਹੇਰੀ ਜੋ ਵਗ ਰਹੀ ਸੀ, ਸੋ ਬੰਦ ਹੋ ਗਈ। ਆਪ ਜੀ ਦੀ ਸੱਚੀ ਜੋਤ ਨੇ ਦੁਨੀਆਂ ਵਿਚ ਚਾਰੋਂ ਪਾਸੇ ਰੌਸ਼ਨੀ ਕਰ ਦਿੱਤੀ। ਰਾਜਾ ਚੰਦਰ ਪ੍ਰਤਾਪ ਤੇ ਉਸ ਦੀ ਰਾਣੀ ਅਤੇ ਗੋਲੀਆਂ, ਮੀਰਾਂ ਬਾਈ ਸਮੇਤ ਮਿਲ ਕੇ ਗੁਰੂ ਮਹਾਰਾਜ ਜੀ ਦੀ ਭੇਟਾ ਲਈ ਫੁੱਲਾਂ ਦੇ ਹਾਰ ਗਲ ਪਾ ਕੇ ਨਮਸਕਾਰਾਂ ਕੀਤੀਆਂ। ਸ਼ਾਹੀ-ਢੰਗ ਨਾਲ ਸਵਾਗਤ ਕਰਕੇ ਸ਼ਾਹੀ-ਕਿਲੇ ਵਿਚ ਨਿਵਾਸ ਕਰਾਇਆ... ਗੁਰੂ ਜੀ ਦੀ ਆਵੰਦ ਤੇ ਇਕ ਬਹੁਤ ਵੱਡਾ ਜੱਗ ਕੀਤਾ ਗਿਆ। ਸਭ ਰਾਜੇ ਮਹਾਰਾਜੇ, ਰਿਸ਼ਤੇਦਾਰ ਬੁਲਾਏ ਗਏ।"

* * *

# ਬੀਬੀ ਭਾਨਮਤੀ ਦਾ ਸ਼ਿਸ਼ ਹੋਣਾ

ਮੁਲਤਾਨ ਸ਼ਹਿਰ ਦੀ ਬੀਬੀ ਭਾਨਮਤੀ ਹਿੰਦੂ ਪਰਿਵਾਰ ਦੀ ਠਾਕੁਰ-ਪੂਜਾ ਵਿਚ ਮਸਤ ਰਹਿਣ ਵਾਲੀ ਇਕ ਦਲੇਰ ਔਰਤ ਸੀ। ਉਸਦੇ ਮਨ ਨੂੰ ਚੈਨ ਫਿਰ ਵੀ ਨਹੀਂ ਸੀ ਮਿਲਦਾ। ਕਿਸੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪ੍ਰਸ਼ੰਸਕ ਨੇ ਦੱਸ ਪਾਈ ਕਿ ਉਹ ਜੇਕਰ ਆਤਮ ਸੰਤੁਸ਼ਟੀ ਚਾਹੁੰਦੀ ਹੈ ਅਤੇ ਜੀਵਨ-ਮੁਕਤੀ ਦੀ ਲੋੜ ਅਨੁਭਵ ਕਰਦੀ ਹੈ ਤਾਂ ਉਹ ਕਾਂਸ਼ੀ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਪਾਸ ਪਹੁੰਚ ਜਾਵੇ। ਬੀਬੀ ਭਾਨਮਤੀ ਪਤੀ ਨੂੰ ਨਾਲ ਲੈ ਕੇ ਕਾਂਸ਼ੀ ਪੁੱਜੀ ਅਤੇ ਗੁਰੂ ਰਵਿਦਾਸ

ਮਹਾਰਾਜ ਜੀ ਦੇ ਦਰਸ਼ਨ ਕੀਤੇ। ਜਦੋਂ ਬੀਬੀ ਭਾਨਮਤੀ ਕਾਸ਼ੀ ਪਹੁੰਚੀ ਉਸ ਸਮੇਂ ਦੁਬਾਰਾ ਗੁਰੂ ਗੋਰਖ ਨਾਥ ਜੀ ਗੋਸ਼ਟੀ ਲਈ ਆਏ ਦੱਸੇ ਗਏ ਹਨ। ਗੋਰਖ ਨਾਥ ਜੀ ਨੇ ਆਪਣੀਆਂ ਸਿੱਧੀਆਂ ਦੁਆਰਾ ਗੁਰੂ ਰਵਿਦਾਸ ਮਹਾਰਾਜ ਦੀ ਸ਼ਕਤੀ ਆਪਣੇ ਵੱਲ ਖਿੱਚਣੀ ਚਾਹੀ, ਪਰ ਉਹ ਅਜਿਹਾ ਕਰ ਨਾ ਸਕੇ। ਬੀਬੀ ਭਾਨਮਤੀ ਨੇ ਜਦੋਂ ਆਪਣੀ ਮਾਨਸਿਕ ਅਤੇ ਆਤਮਿਕ ਅਵਸਥਾ ਦੱਸੀ ਤਾਂ ਗੁਰੂ ਰਵਿਦਾਸ ਮਹਾਰਾਜ ਜੀ ਨੇ ਹੇਠ ਲਿਖਿਆ ਸ਼ਬਦ ਪੜ੍ਹ ਕੇ ਗੱਲ ਸਪੱਸ਼ਟ ਕੀਤੀ ਕਿ ਹਰਿ ਦੀ ਸੰਗਤ ਤੋਂ ਬਿਨਾਂ ਇਨਸਾਨ ਆਵਾਗਵਣ ਤੋਂ ਨਹੀਂ ਬਚ ਸਕਦਾ-

**ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ।।**
**ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧ ॥ ਰਹਾਉ ॥**
**ਹਰਿ ਕੇ ਨਾਮ ਕਬੀਰ ਉਜਾਗਰ ॥**
**ਜਨਮ ਜਨਮ ਕੇ ਕਾਟੇ ਕਾਗਰ ॥੧ ॥**
**ਨਿਮਤ ਨਾਮਦੇਉ ਦੂਧੁ ਪੀਆਇਆ ॥**
**ਤਉ ਜਗ ਜਨਮ ਸੰਕਟ ਨਹੀ ਆਇਆ ॥੨ ॥**
**ਜਨ ਰਵਿਦਾਸ ਰਾਮ ਰੰਗਿ ਰਾਤਾ ॥**
**ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥੩ ॥**

ਇਸ ਸ਼ਬਦ ਨੂੰ ਸੁਣ ਕੇ ਅਤੇ ਇਸ ਦੇ ਅਰਥਾਂ ਨੂੰ ਜਾਣ ਕੇ ਬੀਬੀ ਭਾਨਮਤੀ ਬਹੁਤ ਪ੍ਰਭਾਵਿਤ ਹੋਈ ਅਤੇ ਉਨ੍ਹਾਂ ਦੀ ਸ਼ਿਸ਼ ਬਣ ਗਈ।

* * *

# ਮੁਲਤਾਨ ਵਿੱਚ ਬੀਬੀ ਧਰਮੋ ਦੇ ਪੁੱਤਰ ਨੂੰ ਜੀਵਨ ਦਾਨ ਦੇਣਾ

ਪਿਆਰੀ ਸਾਧ ਸੰਗਤ ਜੀ ਬੀਬੀ ਧਰਮੋ ਸ੍ਰੀ ਭੋਜ ਅਤੇ ਬੀਬੀ ਭਾਨਮਤੀ ਦੇ ਘਰ ਸਤਿਸੰਗ ਦੀ ਉਪਮਾ ਅਤੇ ਗੁਰੂ ਰਵਿਦਾਸ ਮਹਾਰਾਜ ਜੀ ਦੀ ਸ਼ੋਭਾ ਸੁਣਕੇ ਸਤਿਸੰਗ ਵਿੱਚ ਪਹੁੰਚ ਗਈ ਅਤੇ ਗੁਰੂ ਜੀ ਦੀ ਮਹਿਮਾ ਸਰਵਣ ਕਰਨ ਲੱਗੀ। ਅੰਮ੍ਰਿਤਬਾਣੀ ਸਤਿਸੰਗ ਦਾ ਕੀਰਤਨ ਸੁਣਨ ਤੋਂ ਬਾਅਦ ਬੀਬੀ ਧਰਮੋਂ ਗੁਰੂ ਜੀ ਦੇ ਪ੍ਰੇਮ ਵਿੱਚ ਲੀਨ ਹੋ ਕੇ ਬੀਬੀ ਭਾਨਮਤੀ ਜੀ ਨੂੰ ਬੋਲੀ ਜੇਕਰ ਤੁਹਾਡੇ ਗੁਰੂ ਜੀ ਅੰਤਰਜਾਮੀ ਹਨ ਤਾਂ ਅੰਮ੍ਰਿਤ ਵੇਲੇ ਆਉਣ ਤਾਂ ਮੈਂ ਉਹਨਾਂ ਨੂੰ ਪ੍ਰੇਮ ਸਹਿਤ ਭੋਜਨ ਕਰਾਵਾਂਗੀ।

ਭੋਜ ਅਤੇ ਬੀਬੀ ਭਾਨਮਤੀ ਬੀਬੀ ਧਰਮੋਂ ਨੂੰ ਕਹਿੰਦੇ ਹਨ ਕਿ ਇਹ ਤੁਹਾਡੇ ਹੱਥ ਵਿੱਚ ਹੈ ਕਿ ਤੁਸੀਂ ਆਪਣੇ ਪ੍ਰੇਮ ਨਾਲ ਗੁਰੂ ਜੀ ਨੂੰ ਆਪਣੀ ਵੱਲ ਖਿੱਚ ਸਕੋ। ਧਰਮੋਂ ਕਹਿੰਦੀ ਹੈ ਕਿ ਮੈਂ ਸਤਿਗੁਰੂ ਰਵਿਦਾਸ ਜੀ ਵਰਗਾ ਪਰਉਪਕਾਰੀ ਗੁਰੂ ਹੋਰ ਕੋਈ ਨਹੀਂ ਦੇਖਿਆ ਜੋ ਮੇਰੀ ਜ਼ਿੰਦਗੀ ਵਿੱਚ ਇੱਕ ਨਵੀਂ ਸਵੇਰ ਲੈ ਕੇ ਆਉਣਗੇ। ਮੈ ਉਹਨਾਂ ਦੀ ਸੇਵਿਕਾ ਬਣਾਂਗੀ ਅਤੇ ਉਹਨਾਂ ਦੇ ਪਾਵਨ ਚਰਨਾਂ ਵਿੱਚ ਸਿਰ ਝੁਕਾਵਾਂਗੀ ਅਤੇ ਪ੍ਰੇਮ ਸਹਿਤ ਭੋਜਨ

ਕਰਾਵਾਂਗੀ। ਇੰਨੀ ਗੱਲ ਕਹਿ ਕੇ ਧਰਮੋਂ ਆਪਣੇ ਘਰ ਆ ਗਈ ਅਤੇ ਕਹਿਣ ਲੱਗੀ ਕਿ ਮੈ ਆਪਣਾ ਸਾਰਾ ਜੀਵਨ ਗੁਰੂ ਜੀ ਦੇ ਚਰਨਾਂ ਵਿੱਚ ਸੇਵਾ ਕਰਦੇ ਬਤੀਤ ਕਰਾਂਗੀ। ਗੁਰੂ ਜੀ ਦਾ ਸਿਮਰਨ ਕਰਦੇ ਹੋਏ ਧਰਮੋ ਨੂੰ ਨੀਂਦ ਆ ਗਈ ਤਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਧਰਮੋ ਦੇ ਸੁਪਨੇ ਵਿੱਚ ਆ ਕੇ ਪ੍ਰਮਾਤਮਾ ਦਾ ਪਵਿੱਤਰ ਨਾਮ ਉਚਾਰਨ ਕਰਦੇ ਹਨ। ਧਰਮੋ ਇੱਕਦਮ ਹੜਬੜਾਹਟ ਵਿੱਚ ਉੱਚੀ ਅਤੇ ਬੁੜਬੜਾਉਂਦੇ ਹੋਏ ਆਪਣੇ ਪਤੀ ਦਾ ਨਾਮ ਲੈ ਕੇ ਕਹਿੰਦੀ ਹੈ ਕਿ ਆਓ ਗੋਪਾਲ ਘਰ ਆਓ ਭੋਜਨ ਤਿਆਰ ਹੈ, ਤੁਸੀਂ ਆ ਕੇ ਭੋਜਨ ਕਿਉਂ ਨਹੀਂ ਛਕਦੇ? ਧਰਮੋ ਦਾ ਪਤੀ ਗੋਪਾਲ ਜਾਗ ਰਿਹਾ ਸੀ ਉਸਨੇ ਧਰਮੋ ਨੂੰ ਆਵਾਜ਼ ਦੇ ਕੇ ਕਿਹਾ ਕਿ ਤੈਨੂੰ ਸੁਪਨੇ ਡਰਾ ਰਹੇ ਹਨ।

ਗੋਪਾਲ ਧਰਮੋ ਨੂੰ ਕਹਿੰਦਾ ਹੈ ਕਿ ਤੂੰ ਨੀਂਦ ਵਿਚ ਮੈਨੂੰ ਅਵਾਜ਼ਾ ਦੇ ਰਹੀ ਸੀ ਅਤੇ ਭੋਜਨ ਛਕਣ ਨੂੰ ਕਹਿ ਰਹੀ ਸੀ। ਮੈਨੂੰ ਇਹ ਤਾਂ ਦੱਸ ਕਿ, ਕੱਲ੍ਹ ਰਾਤ ਨੂੰ ਸੁਪਨੇ ਵਿਚ ਕੀ ਦੇਖਿਆ? ਧਰਮੋ ਨੇ ਕਿਹਾ ਕਿ "ਮੈਂ ਤੁਹਾਨੂੰ ਨਹੀਂ ਬੁਲਾ ਰਹੀ ਸੀ। ਕੱਲ ਮੈਂ ਭਾਨਮਤੀ ਦੇ ਘਰ ਵਿੱਚ ਸਤਿਸੰਗ ਸੁਣ ਰਹੀ ਸੀ ਉੱਥੇ ਮੈਂ ਸੱਚੇ ਗੁਰੂ ਦੇ ਬਾਰੇ ਜਾਣਿਆ। ਸੁਪਨੇ ਵਿੱਚ ਮੈਂ ਉਹਨਾਂ ਨੂੰ ਹੀ ਬੁਲਾ ਰਹੀ ਸੀ ਅਤੇ ਭੋਜਨ ਛਕਣ ਲਈ ਕਹਿ ਰਹੀ ਸੀ ਜੇਕਰ ਤੁਸੀਂ ਵੀ ਉਹਨਾਂ ਬਾਰੇ ਜਾਨਣਾ ਹੈ ਤਾਂ ਅੱਜ ਤੁਸੀਂ ਵੀ ਮੇਰੇ ਨਾਲ ਚੱਲੋ।

ਕਾਂਸ਼ੀ ਸ਼ਹਿਰ ਵਿੱਚ ਮੇਰੇ ਗੁਰੂ ਸਮਾਧੀ ਲਗਾ ਕੇ ਬੈਠੇ ਹੋਏ ਹਨ ਉਹ ਮੇਰੇ ਭਗਵਾਨ ਹਨ ਮੇਰੇ ਸਤਿਗੁਰੂ ਹਨ। ਮੈਂ ਉਹਨਾਂ ਨੂੰ ਭੋਜਨ ਛਕਾਉਣ ਦਾ ਵਚਨ ਦਿੱਤਾ ਹੈ।ਮੈਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਮੇਰੇ ਘਰ ਵਿੱਚ ਜ਼ਰੂਰ ਚਰਨ ਪਾਉਂਣਗੇ। ਉੱਥੇ ਸਾਰੇ ਸੰਤ ਮਹਾਂਪੁਰਸ਼ਾਂ ਦਾ ਧਿਆਨ ਪ੍ਰਮਾਤਮਾ ਨਾਲ ਜੁੜਿਆ ਹੋਇਆ ਹੈ। ਗੋਪਾਲ ਕਹਿੰਦਾ ਹੈ ਕਿ ਇੰਨੀ ਸ਼ਕਤੀ ਅਤੇ ਸਮਰੱਥਾ ਰੱਖਣ ਵਾਲੇ ਗੁਰੂ ਦਾ ਤੇਰੇ ਘਰ ਆ ਕੇ ਭੋਜਨ ਛਕਣਾ ਸੌਖਾ ਨਹੀਂ ਹੋਵੇਗਾ।

ਅੰਮ੍ਰਿਤ ਵੇਲੇ ਗੁਰੂ ਜੀ ਮੁਲਤਾਨ ਸ਼ਹਿਰ ਵਿੱਚ ਪਹੁੰਚ ਗਏ ਉੱਥੇ ਸੰਤ ਮਹਾਂਪੁਰਸ਼ਾਂ ਦੇ ਰਾਤ ਦੇ ਅਰਾਮ ਲਈ ਕੁਟੀਆ ਬਣੀ ਹੋਈ ਸੀ ਉੱਥੇ ਪਾਣੀ ਤਲਾਬ ਅਤੇ ਬਰਗਦ ਦਾ ਵਿਸ਼ਾਲ ਦਰੱਖਤ ਲੱਗਾ ਹੋਇਆ ਸੀ। ਸੰਤ ਮਹਾਂਪੁਰਸ਼ਾਂ ਦੇ ਠਹਿਰਣ ਲਈ ਯੋਗ ਉੱਚਿਤ ਪ੍ਰਬੰਧ ਕੀਤਾ ਹੋਇਆ ਸੀ। ਸ਼ਹਿਰ ਦੇ ਲੋਕ ਉੱਥੇ ਠਹਿਰਣ ਵਾਲੇ ਸੰਤ ਮਹਾਂਪੁਰਸ਼ਾਂ ਦੀ ਸੇਵਾ ਅਤੇ ਦਾਨ ਪੁੰਨ ਕਰਦੇ ਸਨ। ਜਿਸ ਵਸਤੂ ਦੀ ਸੰਤ ਮਹਾਪੁਰਸ਼ਾਂ ਨੂੰ ਲੋੜ ਹੁੰਦੀ ਉੱਥੇ ਪਹੁੰਚਾਉਂਦੇ ਸਨ। ਉਨ੍ਹਾਂ ਸਾਧੂ-ਜਨਾ ਦੀ ਮਹਿਮਾ ਘਰ-ਘਰ ਵਿੱਚ ਹੁੰਦੀ ਸੀ।

ਧਰਮੋ ਜੋ ਆਪਣੇ ਗੁਰੂ ਦੀ ਉਡੀਕ ਕਰ ਰਹੀ ਸੀ ਉਸਨੂੰ ਪਤਾ ਲੱਗਾ ਕਿ ਸਾਕਸ਼ਾਤ ਪ੍ਰਮਾਤਮਾ ਰੂਪੀ ਸਾਧੂ ਆਇਆ ਹੋਇਆ ਹੈ ਜੋ ਤਲਾਬ ਦੇ ਕਿਨਾਰੇ ਬੈਠਾ ਹੋਇਆ ਹੈ। ਧਰਮੋ ਜਲਦੀ-ਜਲਦੀ ਉੱਠ ਕੇ ਭਾਨਮਤੀ ਦੇ ਕੋਲ ਜਾਂਦੀ ਹੈ ਤੇ ਕਹਿੰਦੀ ਹੈ ਕਿ ਚਲੋ ਉਹਨਾਂ ਸਾਧੂਆਂ ਦੇ ਦਰਸ਼ਨ ਕਰਨ ਚੱਲੀਏ। ਭਾਨਮਤੀ ਕਹਿੰਦੀ ਹੈ ਉਹ ਸਾਧੂ ਕੌਣ ਹਨ ਜਿਸ ਦੀ ਇੰਨੀ ਮਹਿਮਾ ਹੋ ਰਹੀ ਹੈ। ਉਹ ਆਪਣੀਆਂ ਗੁਆਂਢਣਾ, ਗੋਪਾਲ, ਭਾਨਮਤੀ ਅਤੇ ਭੋਜ ਨੂੰ ਨਾਲ ਲੈ ਕੇ ਸੰਤ ਜਨਾਂ ਦੇ ਦਰਸ਼ਨ ਕਰਨ ਜਾਂਦੀ ਹੈ।

ਧਰਮੋ ਕਹਿੰਦੀ ਹੈ ਕਿ ਧੰਨ ਭਾਗ ਹਨ ਕਿ ਸਾਡੇ ਗੁਰੂ ਪਧਾਰੇ ਹਨ, ਕੀਰਤਨ ਹੋ ਰਿਹਾ ਹੈ ਅਤੇ ਬੇਸ਼ੁਮਾਰ ਸੰਗਤਾਂ ਆਈਆ ਹੋਈਆਂ ਹਨ। ਫਿਰ ਧਰਮੋ ਦੇ ਘਰ ਗੁਰੂ ਜੀ

ਪਧਾਰਦੇ ਹਨ, ਧਰਮੋ ਅਤਿ ਸੁੰਦਰ ਬਿਸਤਰੇ ਵਿਛਾ ਕੇ ਖੂਬਸੂਰਤ ਪਲੰਘ ਸਜਾਉਂਦੀ ਹੈ ਅਤੇ ਗੁਰੂ ਜੀ ਨੂੰ ਸਨਮਾਨ ਸਹਿਤ ਉਸ ਉੱਪਰ ਬਿਠਾਉਂਦੀ ਹੈ। ਧਰਮੋ ਦਾ ਇੱਕ ਪੁੱਤਰ ਮੁੰਨਾ ਜੋ ਬਹੁਤ ਆਗਿਆਕਾਰੀ ਸੀ। ਉਸਨੇ ਜਲਦੀ-ਜਲਦੀ ਪੂਰੇ ਘਰ ਦੀ ਸਫ਼ਾਈ ਕੀਤੀ ਅਤੇ ਘਰ ਨੂੰ ਸੁੰਦਰ ਢੰਗ ਨਾਲ ਸਜਾਇਆ। ਅਚਾਨਕ ਇੱਕ ਸੱਪ ਨੇ ਮੁੰਨਾ ਨੂੰ ਡੰਗ ਮਾਰਿਆ ਅਤੇ ਉਹ ਚੀਕਣ ਲੱਗਾ ਤਾਂ ਗੋਪਾਲ ਉਸਨੂੰ ਦੇਖਣ ਲਈ ਦੌੜਿਆ। ਗੋਪਾਲ ਅਤੇ ਧਰਮੋ ਆਪਣੇ ਪੁੱਤਰ ਨੂੰ ਦੇਖ ਕੇ ਬਹੁਤ ਦੁਖੀ ਹੋਏ ਅਤੇ ਪੁੱਤਰ ਵਿਯੋਗ ਵਿਚ ਰੋਣ ਲੱਗੇ। ਇੱਕ ਵਾਰ ਹੱਥ ਵਿਚੋਂ ਗਵਾਚਿਆਂ ਪੁੱਤਰ ਦੁਬਾਰਾ ਪ੍ਰਾਪਤ ਨਹੀਂ ਹੋ ਸਕਦਾ ਹੈ ਪਰ ਇਹ ਸੋਚਦਿਆਂ ਕਿ ਗੁਰੂ ਜੀ ਸਾਡੇ ਘਰ ਸਾਡੇ ਪਿਆਰ ਦੇ ਬੱਝੇ ਹੋਏ ਆਏ ਹਨ ਇਸ ਲਈ ਸਾਨੂੰ ਪੂਰੇ ਤਨ-ਮਨ ਨਾਲ ਉਹਨਾਂ ਦੀ ਸੇਵਾ ਕਰਨੀ ਚਾਹੀਦੀ ਹੈ। ਸਾਨੂੰ ਹਿੰਮਤ ਕਰਕੇ ਇਸ ਔਖੀ ਘੜੀ ਨੂੰ ਬਿਤਾਉਣਾ ਚਾਹੀਦਾ ਹੈ ਅਤੇ ਪੁੱਤਰ ਦੇ ਵਿਯੋਗ ਨੂੰ ਦਿਲ ਤੇ ਪੱਥਰ ਰੱਖਕੇ ਸਹਿਣ ਕਰਨਾ ਚਾਹੀਦਾ ਹੈ।

ਗੁਰੂ ਜੀ ਦਰਸ਼ਨਾਂ ਲਈ ਆਸ ਪਾਸ ਦੇ ਆਂਢੀ-ਗੁਆਂਢੀ ਵੀ ਧਰਮੋ ਦੇ ਘਰ ਆਉਣ ਲੱਗੇ। ਉਹ ਅੰਦਰ ਜਾ ਕੇ ਚਾਰੇ ਪਾਸੇ ਦੇਖਣ ਲੱਗੇ ਅਤੇ ਮੁੰਨਾ ਨੂੰ ਆਵਾਜ਼ ਮਾਰਨ ਲੱਗੇ। ਪਰ ਮੁੰਨੇ ਦੇ ਨਾ ਬੋਲਣ ਤੇ ਸਾਰੇ ਹੈਰਾਨ ਹੋ ਜਾਂਦੇ ਹਨ ਕਿ ਮੁੰਨਾ ਨੂੰ ਕੀ ਹੋ ਗਿਆ। ਮੁੰਨਾ ਤਾਂ ਇਸ ਦੁਨਿਆਂ ਤੋਂ ਹੀ ਚਲਾ ਗਿਆ ਹੈ। ਗੋਪਾਲ ਪੁੱਤਰ ਵੱਲ ਦੇਖ ਕੇ ਰੋਂਦਾ ਹੈ ਅਤੇ ਪੁੱਤਰ ਵਿਯੋਗ ਵਿਚ ਧਰਮੋ ਨੂੰ ਅਪਸ਼ਬਦ ਬੋਲਦਿਆ ਕਹਿੰਦਾ ਹੈ ਕਿ ਅੱਜ ਸਾਡਾ ਇਸ ਦੁਨੀਆਂ ਤੋਂ ਨਿਸ਼ਾਨ ਮਿਟ ਗਿਆ ਹੈ। ਤੂੰ ਨੀਚ ਚਮਾਰ ਦੀ ਸ਼ਰਣ ਵਿਚ ਗਈ ਸੀ ਉਸਨੂੰ ਘਰ ਬੁਲਾਇਆ, ਸਾਡਾ ਭਲਾ ਤਾਂ ਕੀ ਹੋਣਾ ਸੀ ਪਰ ਸਾਡਾ ਇਕਲੌਤਾ ਪੁੱਤਰ ਵੀ ਇਸ ਸੰਸਾਰ ਤੋਂ ਚਲਾ ਗਿਆ।ਜੇਕਰ ਤੇਰਾ ਇਹ ਗੁਰੂ ਜੋ ਸਾਡੇ ਘਰ ਵਿਚ ਬੈਠਾ ਹੈ ਜੇ ਉਹ ਸ੍ਰੇਸ਼ਟ ਤੇ ਪੂਰਨ ਹੈ ਤਾਂ ਉਹ ਮੇਰੇ ਪੁੱਤਰ ਨੂੰ ਜ਼ਿੰਦਾ ਕਰੇ ਤੇ ਸਾਡਾ ਦੁੱਖ ਦੂਰ ਕਰੇ।

ਧਰਮੋ ਗੋਪਾਲ ਨੂੰ ਕਹਿੰਦੀ ਕਿ ਦਿਲ ਵਿਚ ਉਸ ਪ੍ਰਮਾਤਮਾ ਪ੍ਰਤੀ ਸੱਚਾ ਪ੍ਰੇਮ ਹੋਣਾ ਚਾਹੀਦਾ ਹੈ ਤੇ ਉਸਤੋਂ ਹੀ ਉਮੀਦ ਕਰਨੀ ਚਾਹੀਦੀ ਹੈ। ਸਾਡਾ ਗੁਰੂ ਪੂਰਨ ਹੈ। ਸੰਤ ਮਹਾਂਪੁਰਸ਼ਾਂ ਦਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ ਹੁੰਦਾ ਇਸ ਲਈ ਸਾਨੂੰ ਆਪਣੇ ਗੁਰੂ ਤੇ ਭਰੋਸਾ ਰੱਖਣਾ ਚਾਹੀਦਾ ਹੈ ਕਿ ਉਹ ਸਾਡਾ ਭਲਾ ਕਰਨਗੇ। ਸਾਨੂੰ ਇਸ ਵਿਸ਼ੇ ਤੇ ਕੋਈ ਚਿੰਤਾ ਨਹੀਂ ਕਰਨੀ ਚਾਹੀਦੀ ਅਤੇ ਆਪਣੇ ਗੁਰੂ ਵਿਚ ਵਿਸ਼ਵਾਸ ਰੱਖਣਾ ਚਾਹੀਦਾ ਹੈ। ਸਾਨੂੰ ਗੁਰੂ ਜੀ ਦੀ ਸੇਵਾ ਵਿਚ ਤਨ-ਮਨ ਲਗਾ ਦੇਣਾ ਚਾਹੀਦਾ ਹੈ।

ਧਰਮੋ ਦੇ ਘਰ ਬਹੁਤ ਵੱਡਾ ਸਤਿਸੰਗ ਹੋ ਰਿਹਾ ਸੀ ਅਤੇ ਸਾਰੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ ਜੈਕਾਰ ਕਰ ਰਹੇ ਸਨ। ਧਰਮੋ ਦੇ ਘਰ ਅੰਦਰ ਉਸਦਾ ਪੁੱਤਰ ਮ੍ਰਿਤਕ ਪਿਆ ਹੋਇਆ ਸੀ ਅਤੇ ਬਾਹਰ ਸਤਿਸੰਗ ਹੋ ਰਿਹਾ ਸੀ। ਪਰਮਾਤਮਾ ਦਾ ਗੁਣਗਾਣ ਹੋ ਰਿਹਾ ਸੀ। ਬੇਸ਼ੁਮਾਰ ਮਾਇਆ ਚੜ੍ਹਾਈ ਜਾ ਰਹੀ ਸੀ।

ਧਰਮੋ ਘਰ ਆਏ ਗੁਰੂ ਜੀ ਦੀ ਸੇਵਾ ਵਿਚ ਲੀਨ ਸੀ। ਉਸਦੇ ਘਰ ਵਿਚ ਇੱਕ ਪਾਸੇ ਲੰਗਰ ਤਿਆਰ ਹੋ ਰਿਹਾ ਸੀ ਅਤੇ ਦੂਜੇ ਪਾਸੇ ਮੁੰਨਾ ਦਾ ਮੁਰਦਾ ਸਰੀਰ ਪਿਆ ਹੋਇਆ ਸੀ। ਜ਼ਿਆਦਾ ਗਿਣਤੀ ਵਿਚ ਸੰਗਤਾਂ ਦੇਖ ਕੇ ਧਰਮੋ ਗੁਰੂ ਜੀ ਦੇ ਕੋਲ ਜਾ ਕੇ ਕਹਿਣ ਲੱਗੀ ਕਿ ਮੁੰਨਾ ਮੇਰੇ ਨਾਲ ਰੁੱਸਿਆ ਹੋਇਆ ਹੈ ਅਤੇ ਤੁਸੀਂ ਤਾਂ ਅੰਤਰਜਾਮੀ ਹੋ, ਕਿਰਪਾ ਕਰਕੇ ਉਸਨੂੰ ਆਵਾਜ਼ ਲਗਾ ਕੇ ਬੁਲਾਓ।

ਗੁਰੂ ਮਹਾਰਾਜ ਜੀ ਨੇ ਮੁੰਨਾ ਦਾ ਨਾਂ ਲੈ ਕੇ ਉਸਨੂੰ ਆਵਾਜ਼ ਮਾਰੀ ਤਾਂ ਮੁੰਨਾ ਅੰਦਰੋਂ ਭੱਜਦਾ-ਭੱਜਦਾ ਆਇਆ। ਸਤਿਗੁਰੂ ਜੀ ਨੂੰ ਸਿਰ ਨਿਵਾਇਆ ਅਤੇ ਥਾਲੀ ਚੁੱਕ ਕੇ ਪ੍ਰਸ਼ਾਦ ਵੰਡਣ ਲੱਗਾ। ਮੁੰਨਾ ਨੇ ਪਹਿਲਾਂ ਗੁਰੂ ਜੀ ਨੂੰ ਪ੍ਰਸ਼ਾਦ ਦਾ ਭੋਗ ਲਗਾਇਆ ਅਤੇ ਫਿਰ ਸਾਰੀ ਸੰਗਤ ਨੂੰ ਪ੍ਰਸ਼ਾਦ ਵੰਡਣ ਲੱਗਾ। ਮੁੰਨਾ ਨੂੰ ਦੇਖ ਕੇ ਸਾਰੀਆਂ ਸੰਗਤਾਂ ਗੁਰੂ ਜੀ ਦੀ ਜੈ-ਜੈ ਕਾਰ ਕਰਨ ਲੱਗੀਆਂ ਅਤੇ ਕਹਿਣ ਲੱਗੀਆਂ ਕਿ ਅਸੀਂ ਸਾਰੇ ਗੁਰੂ ਜੀ ਦੇ ਦਰਬਾਰ ਦੇ ਭਿਖਾਰੀ ਹਾਂ ਅਤੇ ਉਹ ਪਰਮਾਤਮਾ ਸਾਨੂੰ ਸਾਰੇ ਸੁੱਖ ਦੇਣ ਵਾਲਾ ਦਾਨੀ ਹੈ।

ਸਤਿਗੁਰੂ ਦਾ ਆਦੇਸ਼ ਮੰਨਦੇ ਹੋਏ ਮੁੰਨਾ ਸੰਗਤਾਂ ਦੀਆਂ ਲਾਇਨਾਂ ਬਣਾ ਕੇ ਪ੍ਰਸ਼ਾਦ ਵੰਡਣ ਲੱਗਾ। ਮੁੰਨਾ ਦੇ ਮਾਤਾ-ਪਿਤਾ ਨੇ ਗੁਰੂ ਚਰਨਾਂ ਵਿਚ ਸਿਰ ਨਿਵਾਇਆ। ਸਾਰੀ ਸੰਗਤ ਉਹਨਾਂ ਨੂੰ ਵਧਾਈਆ ਦੇਣ ਲੱਗੀ। ਇਹ ਅੱਦਭੁੱਤ ਕੌਤਕ ਦੇਖ ਕੇ ਸਾਰੇ ਹੈਰਾਨ ਹੋ ਰਹੇ ਸਨ। ਸਾਰੀ ਸੰਗਤ ਗੁਰੂ ਜੀ ਦੇ ਦਰਬਾਰ ਵਿਚ ਬੈਠੀ ਹੋਈ ਸੀ ਅਤੇ ਸਤਿਨਾਮ, ਸੋਹੰ 'ਜੋ ਜਪੈ ਸੋ ਉਤਰੇ ਪਾਰ' ਦੇ ਜੈਕਾਰੇ ਲਗਾ ਰਹੇ ਸਨ। ਗੁਰੂ ਜੀ ਸੰਗਤਾਂ ਨੂੰ ਉਪਦੇਸ਼ ਦੇ ਰਹੇ ਸਨ ਕਿ ਸੰਸਾਰ ਵਿਚ ਰਹਿ ਕੇ ਜੀਵ ਨੂੰ ਜਾਦੂ ਮੰਤਰਾਂ, ਭਰਮ, ਅਡੰਬਰਾਂ ਅਤੇ ਨਸ਼ਿਆਂ ਆਦਿ ਤੋਂ ਦੂਰ ਰਹਿਣਾ ਚਾਹੀਦਾ ਹੈ। ਜੀਵ ਨੂੰ ਆਪਣੇ ਮਨ ਤੇ ਕਾਬੂ ਪਾ ਕੇ ਹਰਿ ਦਾ ਜਾਪ ਕਰਨਾ ਚਾਹੀਦਾ ਹੈ ਅਤੇ ਪਰਮਾਤਮਾ ਨਾਲ ਸੱਚੀ ਪ੍ਰੀਤ ਕਰਨੀ ਚਾਹੀਦੀ ਹੈ।

ਗੋਪਾਲ ਨੂੰ ਗੁਰੂ ਜੀ ਕਹਿੰਦੇ ਹਨ ਕਿ ਤੇਰਾ ਮਨ ਮਾਇਆ ਦੇ ਜੰਜਾਲ ਵਿਚ ਫਸ ਗਿਆ ਸੀ ਇਹ ਸੰਸਾਰ ਮਾਇਆ ਨਗਰੀ ਹੈ। ਸਿਰਫ ਉਸ ਪ੍ਰਮਾਤਮਾ ਨਾਲ ਜੁੜ ਕੇ ਹੀ ਇਸ ਸੰਸਾਰ ਦੀ ਮੋਹ ਮਾਇਆ ਨੂੰ ਪਾਰ ਕੀਤਾ ਜਾ ਸਕਦਾ ਹੈ। ਇਸ ਸੰਸਾਰ ਵਿਚ ਪਿਤਾ ਪੁੱਤਰ ਕੋਈ ਨਹੀਂ ਹੈ। ਇਸ ਸੰਸਾਰ ਵਿਚ ਜੀਵ ਇਕੱਲਾ ਹੀ ਆਉਂਦਾ ਹੈ ਤੇ ਇਕੱਲਾ ਹੀ ਸੰਸਾਰ ਨੂੰ ਛੱਡ ਕੇ ਚਲਾ ਜਾਂਦਾ ਹੈ।

ਧਰਮੋ ਗੁਰੂ ਜੀ ਨੂੰ ਕਹਿੰਦੀ ਹੈ ਕਿ ਤੁਸੀਂ ਸੱਚਮੁੱਚ ਹੀ ਰੱਬ ਦੀ ਜੋਤ ਹੋ ਸਾਡੇ ਪੱਛੜੇ ਦਲਿਤਾਂ ਅਤੇ ਗਰੀਬਾਂ ਦੇ ਦੁੱਖਾਂ ਨੂੰ ਦੂਰ ਕਰਨ ਵਾਲੇ ਹੋ ਅਤੇ ਸਾਡੇ ਜੀਵਨ ਦੀ ਡੁੱਬੀ ਹੋਈ ਬੇੜੀ ਨੂੰ ਪਾਰ ਲਗਾਉਣ ਵਾਲੇ ਹੋ। ਸਾਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਕਰਨੀ ਚਾਹੀਦੀ ਹੈ। ਬੇਸ਼ੱਕ ਲੋਕ ਕਹਿੰਦੇ ਹਨ ਕਿ ਇਹ ਚਮਾਰ ਕੀ ਕਰ ਸਕਦਾ ਹੈ ਪਰ ਇਹ ਹੀ ਸੱਚੇ ਗੁਰੂ ਹਨ ਜੋ ਸਾਡਾ ਉਦਾਰ ਕਰ ਸਕਦੇ ਹਨ।ਗੁਰੂ ਜੀ ਨੇ ਗੁਰੂਮੁਖੀ ਭਾਸ਼ਾ ਵਿਚ ਅੰਮ੍ਰਿਤਬਾਣੀ ਲਿਖੀ ਜਿਸਨੂੰ ਪੜ੍ਹ ਕੇ ਸਾਰੇ ਨਿਹਾਲ ਹੁੰਦੇ ਹਨ।

ਧਰਮੋ ਅਤੇ ਗੋਪਾਲ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਨਿਹਾਲ ਹੁੰਦੇ ਹੋਏ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਹੋ ਜਾਂਦੇ ਹਨ। ਉਹ ਆਪਣੇ ਮਨ ਦੀਆਂ ਸਾਰੀਆਂ ਸੰਸਾਰਕ ਇੱਛਾਵਾਂ ਨੂੰ ਖ਼ਤਮ ਕਰਕੇ ਗੁਰੂ ਜੀ ਦੇ ਦਰਬਾਰ ਨੂੰ ਸਮਰਪਿਤ ਹੋ ਜਾਂਦੇ ਹਨ।ਉਹ ਇਸ ਸੰਸਾਰ ਵਿਚ ਨਾਮਦਾਨ ਦੀ ਤਲਾਸ਼ ਕਰਦੇ ਰਹੇ ਅਤੇ ਸੱਚੇ ਗੁਰੂ ਦੇ ਮਿਲਣ ਨਾਲ ਉਹਨਾਂ ਨੂੰ ਨਾਮਦਾਨ ਵੀ ਮਿਲ ਗਿਆ। ਜਿਸ ਨਾਲ ਉਹ ਭਵਸਾਗਰ ਤੋਂ ਪਾਰ ਹੋ ਜਾਂਦੇ ਹਨ।

ਬੀਬੀ ਭਾਨਮਤੀ ਧਰਮੋ ਨੂੰ ਮਹਾਨ ਮੰਨਦੀ ਹੋਈ ਕਹਿੰਦੀ ਹੈ ਕਿ ਉਸਦੀ ਪ੍ਰੇਮਾ ਭਗਤੀ ਨੇ ਹੀ ਉਸਨੂੰ ਗੁਰੂ ਨਾਲ ਮਿਲਾਇਆ ਹੈ ਅਤੇ ਉਹ ਵੀ ਭਾਗਾਂ ਵਾਲੇ ਹਨ ਜਿਹਨਾਂ ਦਾ ਉਦਾਰ ਹੋ ਗਿਆ ਹੈ। ਉਸਦੇ ਮ੍ਰਿਤਕ ਪੁੱਤਰ ਨੂੰ ਜ਼ਿੰਦਾ ਕਰਨ ਲਈ ਹੀ ਗੁਰੂ ਜੀ ਆਏ ਸਨ ਅਤੇ ਸੱਚੇ ਗੁਰੂ ਜੀ ਨੇ ਉਸਦੇ ਘਰ ਚਰਨ ਪਾਏ ਹਨ। ਉਸਦੇ ਨਾਲ ਉਹਨਾਂ ਨੂੰ ਵੀ

ਸਤਿਸੰਗ ਸੁਣਨ ਦਾ ਮੌਕਾ ਪ੍ਰਾਪਤ ਹੋਇਆ ਹੈ। ਇਸ ਪ੍ਰਕਾਰ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਅਨੇਕਾਂ ਜੀਵਾਂ ਦਾ ਉਦਾਰ ਕੀਤਾ।

* * *

## ਬਾਜੀਗਰਾਂ ਦੀ ਬਾਜੀ

ਜਦੋਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਮੰਦਿਰ ਦੀਆਂ ਮੂਰਤੀਆਂ ਸ਼ਾਹੀ ਦਰਬਾਰ ਵਿਚ ਬੁਲਾ ਕੇ ਵਾਪਸ ਕੀਤੀਆਂ ਸਨ ਤਾਂ ਸ਼ਿਕਾਇਤੀ ਪੰਡਤਾਂ ਅੰਦਰ ਜਗਤਗੁਰੂ ਰਵਿਦਾਸ ਮਹਾਰਾਜ ਜੀ ਲਈ ਮਾਣ-ਇੱਜ਼ਤ ਵੱਧਣ ਦੀ ਬਜਾਏ ਸਗੋਂ ਹੋਰ ਘਿਰਣਾ ਵੱਧ ਗਈ। ਪਰ ਰਾਜਾ ਨਾਗਰ ਮੱਲ 'ਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਸ਼ਕਤੀ ਦਾ ਚੋਖਾ ਅਸਰ ਸੀ। ਉਹ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਮੁਰੀਦ ਬਣ ਗਿਆ ਸੀ। ਉਸ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਾਣ ਵਿਚ ਇਕ ਬ੍ਰਹਮ ਭੋਜ ਦਿੱਤਾ ਜਿਸ ਵਿਚ ਪਤਵੰਤੇ ਸੱਜਣ ਬੁਲਾਏ ਗਏ ਅਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਪਰਿਵਾਰ ਸਹਿਤ ਆਮੰਤ੍ਰਿਤ ਕੀਤਾ ਗਿਆ। ਪੰਡਤਾਂ ਨੇ ਛੜਯੰਤਰ ਰਚਿਆ। ਬਾਜੀਗਰਾਂ ਨਾਲ ਵਿਉਂਤਬੰਦੀ ਕੀਤੀ ਅਤੇ ਕਾਫ਼ੀ ਪੈਸੇ ਦੇਣੇ ਵੀ ਕੀਤੇ। ਉਨ੍ਹਾਂ ਨੇ ਉਥੇ ਬਾਜੀ ਪਾਉਣੀ ਸੀ ਤੇ ਚੰਗੀ ਰਕਮ ਨਾ ਬਣਨ ਤੇ ਉਨ੍ਹਾਂ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਹਾਜ਼ਰੀ ਵਿਚ ਉਨ੍ਹਾਂ ਦੀ ਨਿਖੇਧੀ ਕਰਨੀ ਸੀ। ਬ੍ਰਹਮ ਭੋਜ ਸਫ਼ਲ ਰਿਹਾ। ਬਾਜੀਗਰਾਂ ਨੇ ਬਾਜੀ ਸ਼ੁਰੂ ਕੀਤੀ ਤੇ ਪ੍ਰਸ਼ੰਸਾ ਵਜੋਂ ਗੁਰੂ ਰਵਿਦਾਸ ਜੀ ਨੇ ਸਭ ਤੋਂ ਪਹਿਲਾਂ ਦਸ ਮੋਹਰਾਂ ਥਾਲ ਵਿਚ ਰੱਖ ਦਿੱਤੀਆਂ। ਜਗਤਗੁਰੂ ਰਵਿਦਾਸ ਮਹਾਰਾਜ ਜੀ ਸੇਵਕਾਂ ਅਤੇ ਸਮਰਥਕਾਂ ਨੇ ਮੋਹਰਾਂ ਨਾਲ ਥਾਲ ਭਰ ਦਿੱਤਾ। ਜਿੰਨੇ ਪੈਸੇ ਬ੍ਰਾਹਮਣਾਂ ਨੇ ਦੇਣੇ ਸੀ ਉਨ੍ਹਾਂ ਨਾਲੋਂ ਕਈ ਗੁਣਾਂ ਉਨ੍ਹਾਂ ਨੂੰ ਮਿਲ ਗਏ। ਬਜਾਏ ਨਿਖੇਧੀ ਕਰਨ ਦੇ, ਬਾਜੀਗਰਾਂ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀਦੀ ਖਿਆਤੀ ਅਤੇ ਪ੍ਰਸ਼ੰਸਾ ਦੇ ਪੁਲ ਬੰਨਣੇ ਆਰੰਭ ਕਰ ਦਿੱਤੇ। ਜਿੱਥੇ ਵੀ ਉਹ ਬਾਜੀ ਪਾਉਣ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਪ੍ਰਸ਼ੰਸਾ ਕਰਨ। ਉਨ੍ਹਾਂ ਦੀ ਪ੍ਰਸ਼ੰਸਾ ਨੇ ਬਾਜੀਗਰਾਂ ਨੂੰ ਅਮੀਰ ਬਣਾ ਦਿੱਤਾ ਤੇ ਉਨ੍ਹਾਂ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਪ੍ਰਸਿੱਧਤਾ ਨੂੰ ਅਮੀਰ ਬਣਾ ਦਿੱਤਾ।

* * *

## ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਗੁਰੂ ਗੋਰਖ ਨਾਥ ਜੀ ਗੋਸ਼ਟੀ

ਜਦੋਂ ਗੁਰੂ ਗੋਰਖ ਨਾਥ ਜੀ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਸੁਣੀ ਕਿ ਉਹ ਇਕ ਚਮਾਰ ਹੋ ਕੇ ਪ੍ਰਭੂ ਦੀ ਭਗਤੀ ਕਰਦੇ ਹਨ ਅਤੇ

ਸ਼ਕਤੀਵਾਨ ਵੀ ਹਨ। ਤਦ ਗੁਰੂ ਗੋਰਖ ਨਾਥ ਜੀ ਆਪਣੇ ਮਨ ਵਿਚ ਵਿਚਾਰਦੇ ਹਨ ਕਿ ਐਸਾ ਚਮਾਰ ਕੌਣ ਹੈ ਉਸਨੂੰ ਦੇਖਣਾ ਚਾਹੀਦਾ ਹੈ ਅਤੇ ਉਸਦੇ ਆਚਾਰ ਵਿਚਾਰ ਅਤੇ ਕਰਮ ਵੀ ਸਮਝਣੇ ਚਾਹੀਦੇ ਹਨ।

ਤਦ ਗੁਰੂ ਗੋਰਖ ਨਾਥ ਜੀ ਬਨਾਰਸ ਵਿਚ ਆ ਕੇ ਲੋਕਾਂ ਤੋਂ ਪੁੱਛਦੇ ਹਨ ਕਿ ਰਵਿਦਾਸ ਜੀ ਕੌਣ ਹਨ? ਕਿਸ ਅਸਥਾਨ ਤੇ ਰਹਿੰਦੇ ਹਨ? ਤਦ ਲੋਕ ਦੱਸਦੇ ਹਨ ਕਿ ਉਹ ਝੌਂਪੜੀ ਹੈ ਜਿਸ ਦੇ ਉਪਰ ਖਪਰੀ ਪਈ ਹੈ। ਗੁਰੂ ਗੋਰਖ ਨਾਥ ਜੀ ਨੇ ਆ ਕੇ ਅਲਖ ਜਗਾਈ। ਤਦ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਨਾਥ ਜੀ ਨੂੰ ਬੁਲਾਇਆ ਅਤੇ ਬੈਠਣ ਨੂੰ ਆਸਣ ਦਿੱਤਾ ਅਤੇ ਕਿਹਾ ਕਿ ਆਪ ਜੀ ਨੇ ਬੜੀ ਕ੍ਰਿਪਾ ਕੀਤੀ ਜੋ ਦਰਸ਼ਨ ਦਿੱਤੇ, ਬੈਠੋ ਜੀ ਕੋਈ ਸੇਵਾ ਫਰਮਾਓ, ਤਦ ਗੋਰਖ ਨਾਥ ਜੀ ਨੇ ਕਿਹਾ ਕਿ ਸਾਡਾ ਜੋੜਾ ਟੁੱਟਿਆ ਹੋਇਆ ਹੈ। ਮੈਂ ਤੁਹਾਡੀ ਬਹੁਤ ਉਪਮਾ ਸੁਣੀ ਹੈ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਬਹੁਤ ਵੱਡੇ ਪਰਮੇਸ਼ਵਰ ਦੇ ਸਵਰੂਪ ਹਨ। ਤਦ ਆਪ ਦੇ ਦਰਸ਼ਨ ਕਰਨ ਆਏ ਹਾਂ।

ਜਗਤਗੁਰੂ ਰਵਿਦਾਸ ਮਹਾਰਾਜ ਜੀ ਕਹਿੰਦੇ ਹਨ ਕਿ ਆਪ ਸੰਤਾਂ ਦੇ ਦਰਸ਼ਨ ਈਸ਼ਵਰ ਦੇ ਦਰਸ਼ਨ ਸਮਾਨ ਹਨ। ਜਿਵੇਂ ਪਰਮੇਸ਼ਵਰ ਦਾ ਦਰਸ਼ਨ ਕਰਨ ਨਾਲ ਜੀਵ ਦਾ ਚੌਰਾਸੀ ਲੱਖ ਜੂਨਾਂ ਦਾ ਦੁੱਖ ਕੱਟਿਆ ਜਾਂਦਾ ਹੈ, ਇਸ ਤਰ੍ਹਾਂ ਸੰਤਾਂ ਦੇ ਦਰਸ਼ਨ ਕਰਨ ਨਾਲ ਵੀ ਚੁਰਾਸੀ ਲੱਖ ਜੂਨਾਂ ਦਾ ਗੇੜ ਕੱਟਿਆ ਜਾਂਦਾ ਹੈ। ਸੰਤਾਂ ਦੇ ਚਰਨ ਅਠ੍ਹਾਰਾਂ ਤੀਰਥਾਂ ਨਾਲੋਂ ਵੀ ਜ਼ਿਆਦਾ ਫਲ ਦੇਣ ਵਾਲੇ ਹਨ। ਸੰਤਾਂ ਦੇ ਚਰਨਾਂ ਨਾਲ ਜੁੜ ਕੇ, ਸੀਸ ਝੁਕਾਉਣ ਨਾਲ ਪਾਪਾਂ ਦੀ ਨਵਿਰਤੀ ਹੁੰਦੀ ਹੈ। ਸੰਤਾਂ ਦੇ ਵਚਨ ਤਿੰਨਾਂ ਤਾਪਾਂ ਦਾ ਨਾਸ਼ ਕਰਦੇ ਹਨ। ਸੰਤਾਂ ਦੇ ਚਰਨਾਂ ਨਾਲ ਅਗਿਆਨਤਾ ਦੂਰ ਹੁੰਦੀ ਹੈ ਅਤੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਅਤੇ ਚਾਰ ਪਦਾਰਥ ਕਾਮ, ਅਰਥ, ਧਰਮ, ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਸੰਤਾਂ ਦੀ ਮਹਿਮਾ ਕੀਤੀ।

ਤਦ ਗੁਰੂ ਗੋਰਖ ਨਾਥ ਜੀ ਨੇ ਕਿਹਾ ਕਿ ਚਮਾਰ ਜਾਤ ਤਾਂ ਮਲੀਨ ਹੈ ਅਤੇ ਤੁਸੀਂ ਬੜੇ ਪੂਰਨ ਗੁਰੂ ਹੋ, ਤੁਹਾਡੇ ਉੱਪਰ ਪਰਮਾਤਮਾ ਦੀ ਬੜੀ ਕਿਰਪਾ ਹੈ ਪ੍ਰੰਤੂ ਮੈਂ ਇਕ ਗੱਲ ਕਹਿੰਦਾ ਹਾਂ ਕਿ ਤੁਸੀਂ ਟੁੱਟੇ ਹੋਏ ਜੋੜੇ ਕਿਉਂ ਗੰਢਦੇ ਹੋ। ਇਹ ਕੰਮ ਮਲੀਨ ਹੈ ਸੋ ਤੁਸੀਂ ਉਪਜੀਵਕਾ ਦੇ ਵਾਸਤੇ ਐਸਾ ਕਰਮ ਨਾ ਕਰੋ ਤੁਹਾਡੀ ਉਪਜੀਵਕਾ ਲਈ ਮੈਂ ਤੁਹਾਨੂੰ ਕੁਝ ਦਿੰਦਾ ਹਾਂ।

ਤਦ ਗੁਰੂ ਗੋਰਖ ਨਾਥ ਜੀ ਨੇ ਇਕ ਜੜੀ ਕੱਢੀ ਅਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਕਿਹਾ ਕਿ ਸੁਣੋ ਇਹ ਬਹੁਤ ਕੀਮਤੀ ਹੈ। ਇਸਦੇ ਭੇਦ ਨੂੰ ਜਾਣ ਲਉ ਕਿ ਇਹ ਜੜੀ ਗਰਮ ਕਰਕੇ ਜਿਸ ਵੀ ਧਾਤ ਨਾਲ ਲਗਾਉਗੇ ਉਹ ਸੋਨਾ ਬਣ ਜਾਏਗੀ ਪਰ ਕਿਸੇ ਨੂੰ ਦਿਖਾਇਓ ਮੱਤ, ਝੌਂਪੜੀ ਦੀ ਜਗ੍ਹਾ ਸੁੰਦਰ ਮੰਦਰ ਬਣਾ ਲਉ

ਅਤੇ ਪੁਰਾਣੇ ਬਸਤਰ ਉਤਾਰ ਕੇ ਨਵੇਂ ਬਸਤਰ ਪਹਿਨ ਲਉ। ਹੁਣ ਮੈਂ ਚੱਲਾ ਹਾਂ ਮੇਰਾ ਜੋੜਾ ਗੰਢ ਦਿਓ ਗੁਰੂ ਜੀ ਨੇ ਉੱਤਰ ਦਿੱਤਾ ਕਿ ਹੇ ਨਾਥ ਜੀ ਟੁੱਟੇ ਹੋਏ ਨੂੰ ਗੰਢਣ ਲਈ ਮੈਂ ਜਨਮ ਧਾਰਨ ਕੀਤਾ ਹੈ। ਜੋ ਜੀਵ ਪ੍ਰਭੂ ਨਾਲੋਂ ਟੁੱਟਾ ਹੈ, ਉਸਦੇ ਮਨ ਨੂੰ ਸ਼ੁੱਧ ਕਰਕੇ ਉਸਨੂੰ ਪ੍ਰਭੂ ਨਾਲ ਗੰਢਣਾ ਭਾਵ ਜੋੜਨਾ ਹੈ। ਕੁਚੱਮ ਜਿਸ ਵਿਚ ਕਠੋਰਤਾ, ਲੋਭ, ਕ੍ਰੋਧ ਆਦਿ ਹੈ। ਉਸਨੂੰ ਸੀਲ ਸੰਤੋਖ ਆਦਿਕ ਰੰਬੀ ਨਾਲ ਕੱਟ ਕੇ ਸ਼ੁੱਧ ਕਰਕੇ ਪਰਮੇਸ਼ਵਰ ਨਾਲ ਜੋੜਨਾ ਹੈ ਇਸ ਪ੍ਰਕਾਰ ਦਾ ਸੰਦੇਸ਼ ਦੇ ਕੇ ਜਨਮ ਮਰਨ ਰੂਪੀ ਭਵ-ਸਾਗਰ ਤੋਂ ਜੀਵਾਂ ਨੂੰ ਪਾਰ ਕਰਾਉਣਾ ਹੈ ਭਾਵ ਪਰਮੇਵਸ਼ਰ ਨਾਲ ਮਿਲਾਉਣਾ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ, ਹੇ ਨਾਥ ਜੀ ਪਰਮਾਤਮਾ ਨਾਲ ਜੋੜਣਾ ਗੰਢਣਾ ਇਕੋ ਹੀ ਗੱਲ ਹੈ ਇਸ ਲਈ ਤੁਹਾਡਾ ਸਾਡਾ ਮੱਤ ਇਕ ਹੈ। ਐਸੇ ਵਚਨ ਉਚਾਰਦੇ ਹੋਏ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਟਾਕੀ ਕੱਟ ਕੇ ਜੋੜੇ ਤੇ ਲਗਾਉਣ ਲਈ ਤਿਆਰ ਕੀਤੀ ਅਤੇ ਧਾਗਾ ਲਗਾਉਣ ਲਈ ਮੂੰਹ ਵਿਚ ਫੇਰਿਆ, ਮੁੱਖ ਨਾਲ ਧਾਗਾ ਲੱਗਣ ਨਾਲ ਹੀ ਸੋਨਾ ਹੋ ਗਿਆ ਤਾਂ ਟੁੱਟੇ ਹੋਏ ਜੋੜੇ ਨੂੰ ਸੋਨੇ ਦੀ ਟਾਕੀ ਲਗਾਉਣ ਲੱਗੇ। ਗੋਰਖ ਨਾਥ ਜੀ ਇਹ ਕੌਤਕ ਦੇਖ ਕੇ ਬਹੁਤ ਹੈਰਾਨ ਹੋ ਗਏ ਅਤੇ ਮਨ ਵਿਚ ਵਿਚਾਰ ਕਰਦੇ ਹਨ ਕਿ ਇਹ ਤਾਂ ਕੋਈ ਪ੍ਰਭੂ ਰੂਪ ਸ਼ਕਤੀਵਾਨ ਹੈ ਅਤੇ ਅਨਜਾਣ ਲੋਕ ਇਸ ਨੂੰ ਚਮਾਰ ਕਹਿੰਦੇ ਹਨ। ਜਦੋਂ ਮੈਂ ਇਸਨੂੰ ਕੋਈ ਸਿੱਧੀ ਦਿਖਾਵਾਂਗਾ ਤਾਂ ਇਹ ਮੇਰੀ ਸ਼ਕਤੀ ਦੇਖ ਕੇ ਮੇਰਾ ਚੇਲਾ ਬਣ ਜਾਏਗਾ ਗੋਰਖ ਨਾਥ ਜੀ ਕੋਲ ਇਕ ਛੋਟੀ ਜਿਹੀ ਤੂੰਬੀ ਸੀ। ਗੋਰਖ ਨਾਥ ਜੀ ਕਹਿੰਦੇ ਹਨ ਕਿ ਹੇ ਰਵਿਦਾਸ ਜੀ ਮੇਰੀ ਤੂੰਬੀ ਵਿਚ ਦੇਖੋ ਕਿੰਨਾ ਜਲ ਹੈ। ਜੋ ਦੇਖੋਗੇ ਸੱਚਮੁੱਚ ਕਹਿਣਾ ਤਦ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਧਿਆਨ ਲਗਾ ਕੇ ਦੇਖਿਆ ਕਿ ਤੂੰਬੀ ਵਿਚ ਹੀਰੇ, ਰਤਨ, ਜਵਾਹਰ, ਮਣੀਆਂ ਅਤੇ ਸੋਨੇ ਦੇ ਸਮੇਰ ਪਰਬਤ ਦਿਖਾਈ ਦਿੱਤੇ।

ਜਗਤਗੁਰੂ ਰਵਿਦਾਸ ਮਹਾਰਾਜ ਜੀ ਕਹਿੰਦੇ ਹਨ ਕਿ ਆਪ ਧੰਨ ਹੋ, ਮੈਂ ਆਪ ਤੋਂ ਬਲਿਹਾਰ ਜਾਂਦਾ ਹਾਂ, ਤੁਸੀਂ ਮਹਾਨ ਸਿੱਧ ਹੋ। ਫਿਰ ਜਗਤਗੁਰੂ ਰਵਿਦਾਸ ਮਹਾਰਾਜ ਜੀ ਕਹਿਣ ਲੱਗੇ ਕਿ ਮੇਰੇ ਜੋੜੇ ਗੰਢਣ ਵਾਲੀ ਦੌਰੀ ਵਿਚ ਧਿਆਨ ਲਗਾ ਕੇ ਵੇਖੋ ਜਦੋਂ ਗੋਰਖ ਨਾਥ ਜੀ ਨੇ ਵੇਖਿਆ ਉਸ ਦੌਰੀ ਦੇ ਪਾਣੀ ਵਿਚ ਸਾਰੀ ਸ੍ਰਿਸ਼ਟੀ ਜੜ੍ਹ, ਚੇਤਨ, ਅਸਥਾਵਰ, ਜੰਗਮ, ਜੀਵ-ਪੰਜੇ ਤੱਤ, ਆਕਾਸ਼, ਹਵਾ, ਅੱਗ, ਜਲ, ਪ੍ਰਿਥਵੀ ਅਤੇ ਚੰਦ, ਸੂਰਜ, ਨਛੱਤਰ, ਤਾਰੇ ਅਤੇ ਖੰਡ-ਬ੍ਰਹਿਮੰਡ ਹਨ। ਇਹ ਸਭ ਵਿਰਾਟ ਰੂਪ ਦੇਖਦੇ ਹੀ ਗੋਰਖ ਨਾਥ ਅਸਚਰਜ ਹੋਏ। ਉਨ੍ਹਾਂ ਦਾ ਹੰਕਾਰ ਟੁੱਟ ਗਿਆ ਅਤੇ ਗੋਰਖ ਨਾਥ ਜਗਤਗੁਰੂ ਰਵਿਦਾਸ ਮਹਾਰਾਜ ਜੀ ਅੱਗੇ ਬੇਨਤੀ ਕਰਦੇ ਹਨ ਕਿ ਤੁਸੀਂ ਧੰਨ ਹੋ ਤੁਹਾਡੀ ਮਹਿਮਾ ਬੇਅੰਤ ਹੈ ਜਿਸਦਾ ਕੋਈ ਅੰਤ ਨਹੀਂ ਪਾ ਸਕਦਾ। ਇਹ ਸਾਰਾ ਕੌਤਕ ਦੇਖ ਕੇ ਗੋਰਖ ਨਾਥ ਜੀ ਜਗਤਗੁਰੂ

ਰਵਿਦਾਸ ਮਹਾਰਾਜ ਜੀ ਦੇ ਚਰਨੀਂ ਪੈ ਗਏ। ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਫ਼ਰਮਾਇਆ, ਹੇ ਨਾਥ! ਇਹ ਰਿੱਧੀਆਂ-ਸਿੱਧੀਆਂ ਪ੍ਰਭੂ ਦੇ ਨਾਮ ਅੱਗੇ ਕੁਝ ਵੀ ਨਹੀਂ ਹਨ। ਉਸ ਪ੍ਰਭੂ ਦਾ ਨਾਮ ਸੁੱਖਾਂ ਦਾ ਸਮੁੰਦਰ ਹੈ ਜਿਸ ਦੇ ਅਧੀਨ ਸੁਰਤਰ ਕਲਪਬ੍ਰਿਖ, ਚਿੰਤਾਮਨਿ, ਕਾਮਧੇਨ ਗਊ, ਚਾਰ ਪਦਾਰਥ, ਅਠਾਰਾਂ ਸਿੱਧੀਆਂ ਅਤੇ ਨੌ-ਨਿੱਧੀਆਂ ਹਨ। ਜਿਹੜਾ ਜੀਵ ਉਸ ਪ੍ਰਭੂ ਨਾਲ ਇੱਕ-ਮਿੱਕ ਹੋ ਜਾਂਦਾ ਹੈ। ਇਹ ਸਾਰਾ ਕੁਝ ਉਸ ਦੀ ਹੱਥ ਦੀ ਤਲੀ ਤੇ ਆ ਜਾਂਦਾ ਹੈ। ਐਸਾ ਸਤਿ ਉਪਦੇਸ਼ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਗੋਰਖ ਨਾਥ ਜੀ ਨੂੰ ਦਿੱਤਾ।

* * *

## ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਸਧਨਾ ਜੀ ਨਾਲ ਭੇਂਟ ਅਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਿਕੰਦਰ ਲੋਧੀ ਦੁਆਰਾ ਜੇਲ੍ਹ ਵਿਚ ਬੰਦ ਕਰਨਾ

ਸਧਨਾ ਪੀਰ ਮੁਸਲਮਾਨ ਸੀ। ਉਹ ਜੀਵਾਂ ਨੂੰ ਮਾਰ ਕੇ ਉਸਦਾ ਮਾਸ ਵੇਚਦਾ ਸੀ। ਜਗਤਗੁਰੂ ਰਵਿਦਾਸ ਮਹਾਰਾਜ ਜੀ ਸੰਗਤ ਨੂੰ ਜੀਵ ਹੱਤਿਆ ਦੇ ਵਿਰੋਧ ਵਿਚ ਉਪਦੇਸ਼ ਦਿੰਦੇ ਸਨ। ਸਧਨਾ ਜੀ ਨੂੰ ਗੁਰੂ ਜੀ ਦੁਆਰਾ ਅਜਿਹਾ ਉਪਦੇਸ਼ ਦੇਣਾ ਚੰਗਾ ਨਾ ਲੱਗਾ। ਇਕ ਦਿਨ ਸਧਨਾ ਜੀ ਗੁਰੂ ਜੀ ਕੋਲ ਗਏ ਅਤੇ ਕਹਿਣ ਲੱਗੇ ਕਿ ਸਾਰੇ ਧਰਮ ਇਕ ਹੀ ਪਰਮਾਤਮਾ ਦੀ ਦੇਣ ਹਨ। ਇਸ ਲਈ ਤੁਸੀਂ ਮੁਸਲਿਮ ਧਰਮ ਅਪਣਾ ਲਉ, ਕਿਉਂਕਿ ਮੁਸਲਿਮ ਧਰਮ ਵਿਚ ਜਾਤ-ਪਾਤ ਨਹੀਂ ਹੈ। ਸਾਡਾ ਧਰਮ ਬਹੁਤ ਹੀ ਪਵਿੱਤਰ ਧਰਮ ਹੈ। ਤੁਸੀਂ ਇਸ ਧਰਮ ਨੂੰ ਅਪਣਾ ਕੇ ਲਾਭ ਵਿਚ ਰਹੋਗੇ। ਗੁਰੂ ਜੀ ਸਧਨਾ ਜੀ ਨੂੰ ਉਪਦੇਸ਼ ਦਿੰਦੇ ਹਨ :

ਰਵਿਦਾਸ ਜੀਵ ਕੂੰ ਮਾਰਿ ਕਰ ਕੈਸੋ ਮਿਲੰਹਿ ਖੁਦਾਯ।
ਪੀਰ ਪੈਗੰਬਰ ਔਲੀਯਾ ਕੋਉ ਨ ਕਹਇ ਸਮਝਾਯ॥

ਤੁਸੀਂ ਆਪਣੇ ਅਭਿਮਾਨ ਨੂੰ ਤਿਆਗ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੋ ਤਾਂ ਜੋ ਤੁਹਾਡਾ ਜੀਵਨ ਸਫਲ਼ ਹੋ ਸਕੇ। 'ਮੈਂ' ਤੇ ਮੇਰੀ ਭਾਵਨਾ ਨੂੰ ਛੱਡ ਦਿਉ। ਅਜਿਹਾ ਉਪਦੇਸ਼ ਸੁਣ ਕੇ ਸਧਨਾ ਜੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਸ਼ਰਧਾਲੂ ਬਣ ਗਏ।

ਸਧਨਾ ਜੀ ਨੇ ਸਿਕੰਦਰ ਲੋਧੀ ਦੇ ਦਰਬਾਰ ਵਿਚ ਜਾ ਕੇ ਗੁਰੂ ਜੀ ਦੀ ਬਹੁਤ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਮੈਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਗੁਰੂ ਧਾਰਨ ਕਰ ਲਿਆ ਹੈ। ਅਜਿਹਾ ਕਰਨ ਤੇ ਸਿਕੰਦਰ ਲੋਧੀ ਬਹੁਤ ਗੁੱਸੇ ਹੋਇਆ। ਬਾਦਸ਼ਾਹ ਨੇ ਗੁਰੂ ਜੀ ਨੂੰ ਦਰਬਾਰ ਵਿਚ ਹਾਜ਼ਰ ਹੋਣ ਲਈ ਸਧਨਾ ਜੀ ਨੂੰ ਇਕ

ਪੱਤਰ ਦਿੱਤਾ। ਸਧਨਾ ਜੀ ਪੱਤਰ ਲੈ ਕੇ ਗੁਰੂ ਜੀ ਕੋਲ ਪਹੁੰਚ ਗਏ ਅਤੇ ਰਾਜਾ ਦਾ ਸੰਦੇਸ਼ ਦਿੱਤਾ। ਸਿਕੰਦਰ ਲੋਧੀ ਇਕ ਅੱਤਿਆਚਾਰੀ ਰਾਜਾ ਸੀ। ਜਦੋਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਸਿਕੰਦਰ ਲੋਧੀ ਦੇ ਦਰਬਾਰ ਵਿਚ ਹਾਜ਼ਰ ਹੋਏ ਤਾਂ ਸਿਕੰਦਰ ਲੋਧੀ ਨੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਮੁਸਲਿਮ ਧਰਮ ਗ੍ਰਹਿਣ ਕਰ ਲਉ ਗੁਰੂ ਜੀ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਸਿਕੰਦਰ ਲੋਧੀ ਨੇ ਗੁਰੂ ਜੀ ਨੂੰ ਕੈਦ ਕਰ ਲਿਆ। ਗੁਰੂ ਜੀ ਜੇਲ੍ਹ ਵਚ ਪ੍ਰਭੂ ਭਗਤੀ ਵਿਚ ਲੀਨ ਹੋ ਗਏ। ਪਰਮਾਤਮਾ ਨੇ ਪ੍ਰਗਟ ਹੋ ਕੇ ਗੁਰੂ ਜੀ ਨੂੰ ਜੇਲ੍ਹ ਵਿਚ ਦਰਸ਼ਨ ਦਿੱਤੇ। ਜਦੋਂ ਸਿਕੰਦਰ ਲੋਧੀ ਜੇਲ੍ਹ ਵਿਚ ਆਇਆ ਤਾਂ ਉਸਨੂੰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਵਿੱਚ ਇਲਾਹੀ ਪ੍ਰਕਾਸ਼ ਨਜ਼ਰ ਆਇਆ। ਜਿਸਨੂੰ ਦੇਖ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ। ਗੁਰੂ ਜੀ ਉਸ ਸਮੇਂ ਪ੍ਰਭੂ ਭਗਤੀ ਵਿਚ ਲੀਨ ਸਨ। ਰਾਜੇ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਪਾਸੋਂ ਆਪਣੀ ਗਲਤੀ ਦੀ ਮੁਆਫ਼ੀ ਮੰਗੀ ਅਤੇ ਅੱਗੇ ਤੋਂ ਇਹ ਪ੍ਰਣ ਕੀਤਾ ਕਿ ਉਹ ਕਦੇ ਵੀ ਕਿਸੇ ਵੀ ਜੀਵ ਨੂੰ ਨਹੀਂ ਸਤਾਵੇਗਾ।

ਇਥੇ ਵਰਣਨਯੋਗ ਹੈ ਕਿ ਰਾਜਾ ਸਿਕੰਦਰ ਲੋਧੀ ਵੀ ਸਵੈ-ਜੀਵਨੀ ਪੁਸਤਕ ਵਿੱਚ 9 ਅਪ੍ਰੈਲ 1509 ਵਿੱਚ ਰਾਜਾ ਸਿਕੰਦਰ ਲੋਧੀ ਜੀ ਗੁਰੂ ਜੀ ਪਾਸ ਆਏ ਸਨ।

ਸਿਕੰਦਰ ਲੋਧੀ ਕੋਲ ਬੇਸ਼ਕੀਮਤੀ ਕੋਹੇਨੂਰ ਦਾ ਹੀਰਾ ਸੀ। ਉਸਨੇ ਕੋਹੇਨੂਰ ਦਾ ਹੀਰਾ ਗੁਰੂ ਜੀ ਨੂੰ ਭੇਂਟ ਕਰਨਾ ਚਾਹਿਆ। ਉਸਨੇ ਸੋਚਿਆ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਮੇਰੀ ਇਹ ਭੇਟਾ ਜ਼ਰੂਰ ਸਵਿਕਾਰ ਕਰ ਲੈਣਗੇ ਪਰ ਗੁਰੂ ਜੀ ਨੇ ਇਸ ਹੀਰੇ ਨੂੰ ਲੈਣੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਅਸੀਂ 'ਹਰਿ ਸੋ ਹੀਰੇ' ਦੇ ਉਪਾਸਕ ਹਾਂ। ਗੁਰੂ ਜੀ ਨੇ ਉਸਨੂੰ ਫ਼ਰਮਾਇਆ

**ਹਰਿ ਸੋ ਹੀਰਾ ਛਾਡਿ ਕੇ ਕਰਹਿ ਆਨ ਕੀ ਆਸ।**
**ਤੇ ਨਰ ਦੋਜਖਿ ਜਹਿੰਗੈ ਸਤਿ ਭਾਖੈ ਰਵਿਦਾਸ॥**

* * *

# ਬਾਬਰ 'ਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਦਾ ਪ੍ਰਭਾਵ

ਬਾਬਰ ਇਕ ਕੱਟੜ ਸੁੰਨੀ ਮੁਸਲਮਾਨ ਸੀ। ਉਹ ਕਾਫ਼ਿਰਾਂ ਦਾ ਨਾਸ਼ ਕਰਨਾ, ਮੂਰਤੀ ਪੂਜਾ ਨੂੰ ਖ਼ਤਮ ਕਰਨਾ ਅਤੇ ਤਲਵਾਰ ਦੇ ਜ਼ੋਰ 'ਤੇ ਇਸਲਾਮ ਦਾ ਪ੍ਰਚਾਰ ਕਰਨਾ ਆਪਣਾ ਧਾਰਮਿਕ ਕਰਤੱਵ ਸਮਝਦਾ ਸੀ। ਉਹ ਇਸਲਾਮ ਜਗਤ ਵਿਚ ਆਪਣਾ ਨਾਂ ਚਮਕਾਉਣਾ ਚਾਹੁੰਦਾ ਸੀ। ਬਾਬਰ ਨੇ ਪਹਿਲੀ ਵਾਰ 1519 ਈ.

ਵਿਚ ਭਾਰਤ 'ਤੇ ਚੜ੍ਹਾਈ ਕੀਤੀ। ਦੂਜੀ ਚੜ੍ਹਾਈ ਵੀ 1519 ਈ. ਕੀਤੀ। ਤੀਜੀ 1520 ਈ. ਵਿਚ ਅਤੇ ਚੌਥੀ ਚੜ੍ਹਾਈ 1524 ਈ. ਵਿਚ ਕੀਤੀ।

ਬਾਬਰ ਦਾ ਪੰਜਵਾਂ ਹਮਲਾ 1525 ਈ. ਦੇ ਅੰਤ ਵਿਚ ਹੋਇਆ। ਉਸਨੇ ਪੰਜਾਬ ਦੇ ਨਵਾਬ ਦੌਲਤ ਖਾਂ ਲੋਧੀ ਨੂੰ ਕਰਾਰੀ ਹਾਰ ਦਿੱਤੀ। ਸਿੱਟੇ ਵਜੋਂ ਸਾਰਾ ਪੰਜਾਬ ਆਪਣੇ ਅਧੀਨ ਕਰ ਲਿਆ! ਪੰਜਾਬ ਵਿਚ ਕੀਤੇ ਕਤਲੇਆਮ ਦਾ ਵਰਣਨ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਬਾਬਰ ਵਾਣੀ' ਵਿਚ ਸਪੱਸ਼ਟ ਰੂਪ 'ਚ ਮਿਲਦਾ ਹੈ। ਪੰਜਾਬ ਵਿਚ ਰਹਿ ਕੇ ਹੀ ਉਸਨੇ ਦਿੱਲੀ 'ਤੇ ਚੜ੍ਹਾਈ ਕਰਨ ਦਾ ਫੈਸਲਾ ਕੀਤਾ ਅਤੇ ਇਬਰਾਹਿਮ ਲੋਧੀ ਨਾਲ ਦੋ ਹੱਥ ਕਰਨ ਲਈ ਚੱਲ ਪਿਆ। ਇਹ ਲੜਾਈ ਪਾਨੀਪਤ ਦੀ ਜੰਗ ਦੇ ਨਾਂ ਨਾਲ ਭਾਰਤ ਦੇ ਇਤਿਹਾਸ ਵਿਚ ਹੀ ਨਹੀਂ ਸਗੋਂ ਵਿਸ਼ਵ ਦੇ ਇਤਿਹਾਸ ਵਿਚ ਦਰਜ ਹੈ। ਇਸ ਲੜਾਈ ਦੀ ਤੁਲਨਾ ਬਿਜਲੀ ਦੀ ਚਮਕ ਨਾਲ ਕੀਤੀ ਜਾਂਦੀ ਹੈ। ਜਿਸ ਤਰ੍ਹਾਂ ਆਕਾਸ਼ ਵਿਚ ਬਿਜਲੀ ਚਮਕ ਪੈਦਾ ਕਰਦੀ ਹੈ ਅਤੇ ਅਚਾਨਕ ਅਲੋਪ ਹੋ ਜਾਂਦੀ ਹੈ ਠੀਕ ਉਸੇ ਤਰ੍ਹਾਂ ਇਹ ਲੜਾਈ ਵੀ ਕੁਝ ਘੰਟਿਆਂ ਵਿਚ ਹੀ ਸਮਾਪਤ ਹੋ ਗਈ ਪ੍ਰੰਤੂ ਇਸ ਲੜਾਈ ਦੇ ਸਿੱਟੇ ਬਹੁਤ ਨਿਰਣਾਇਕ ਨਿਕਲੇ। ਸਿੱਟੇ ਵਜੋਂ ਦਿੱਲੀ ਸਲਤਨਤ ਅਤੇ ਸੁਲਤਾਨ ਦਾ ਅੰਤ ਹੋ ਗਿਆ। ਬਾਬਰ ਦਿੱਲੀ ਦਾ ਸ਼ਾਸਕ ਬਣ ਗਿਆ।

ਪਾਨੀਪਤ ਦੀ ਲੜਾਈ ਵਿਚ ਇਬਰਾਹਮ ਲੋਧੀ ਹਾਰ ਗਿਆ। ਇਸ ਜਿੱਤ ਸੰਬੰਧੀ ਬਾਬਰ ਨੇ ਆਪਣੀ ਆਤਮ-ਕਥਾ ਵਿਚ ਆਪ ਲਿਖਿਆ ਹੈ ਕਿ "**ਸਰਬ ਸ਼ਕਤੀਮਾਨ ਪਰਮਾਤਮਾ ਦੀ ਕਿਰਪਾ ਅਤੇ ਦਇਆ ਨਾਲ ਦਿੱਲੀ ਦੀਆਂ ਸ਼ਕਤੀਸ਼ਾਲੀ ਸੈਨਾਵਾਂ ਅੱਧੇ ਦਿਨ ਵਿਚ ਧੂੜ 'ਚ ਮਿਲ ਗਈਆਂ।**"

ਹੁਣ ਬਾਬਰ ਪੰਜਾਬ ਅਤੇ ਦਿੱਲੀ ਦਾ ਸ਼ਾਸਕ ਬਣ ਗਿਆ ਸੀ, ਪਰ ਉਸਦਾ ਅਜੇ ਪੂਰੇ ਭਾਰਤ 'ਤੇ ਕਬਜ਼ਾ ਨਹੀਂ ਸੀ ਹੋਇਆ। ਭਾਰਤ ਵਿਚ ਇਸ ਦੇ ਰਾਹ 'ਚ ਸਭ ਤੋਂ ਵੱਡੀ ਰੁਕਾਵਟ ਮੇਵਾੜ ਦਾ ਰਾਜਾ ਰਾਣਾ ਸਾਂਗਾ ਸੀ। ਉਹ ਪ੍ਰਸਿੱਧ ਰਾਜਾ ਕੁੰਭਾ ਦੇ ਖਾਨਦਾਨ ਵਿਚੋਂ ਸੀ। ਰਾਣਾ ਸਾਂਗਾ ਆਪਣੀ ਵੀਰਤਾ ਕਾਰਨ ਵਿਸ਼ਵ ਪ੍ਰਸਿੱਧ ਰਾਜਾ ਸੀ। ਉਸ ਦੇ ਸਰੀਰ 'ਤੇ ਯੁੱਧਾਂ ਦੇ ਕਾਰਨ 80 ਵੱਢ-ਟੁੱਕ ਦੇ ਨਿਸ਼ਾਨ ਸਨ। ਜਿਸ ਵਿਚ ਉਹ ਆਪਣੀ ਇਕ ਅੱਖ ਤੇ ਇਕ ਲੱਤ ਯੁੱਧਾਂ ਵਿਚ ਗੁਆ ਚੁੱਕਾ ਸੀ। ਉਸ ਨੇ ਇਬਰਾਹਿਮ ਲੋਧੀ ਨੂੰ ਵੀ ਦੋ ਵਾਰ ਹਰਾਇਆ ਸੀ। ਇਹ ਗੱਲ ਸਾਰੇ ਸ਼ਾਸਕ ਜਾਣਦੇ ਸਨ ਕਿ ਜੇਕਰ ਕੋਈ ਭਾਰਤ ਨੂੰ ਜਿੱਤਣ ਦਾ ਯਤਨ ਕਰੇਗਾ ਤਾਂ ਉਸ ਨੂੰ ਪਹਿਲਾਂ ਮੇਵਾੜ ਦੇ ਇਸ ਸ਼ਕਤੀਸ਼ਾਲੀ ਯੁੱਧ-ਪ੍ਰੇਮੀ ਰਾਜੇ ਨਾਲ ਟੱਕਰ ਲੈਣੀ ਪਵੇਗੀ।

15 ਮਾਰਚ, 1527 ਦੀ ਸਵੇਰ ਨੂੰ ਠੀਕ 9 ਵਜੇ ਮੁਗਲ ਅਤੇ ਰਾਜਪੂਤ

ਸੈਨਾਵਾਂ ਆਪਸ ਵਿਚ ਭਿੜ ਪਈਆਂ। ਇਸ ਯੁੱਧ ਵਿਚ ਬਾਬਰ ਦੀ ਜਿੱਤ ਨਿਸ਼ਚਿਤ ਸੀ, ਕਿਉਂਕਿ ਉਸਦੀ ਸੈਨਾ ਦੇ ਪਿੱਛੇ ਉਸਤਾਦ ਅਲੀ ਖਾਂ ਦਾ ਤੋਪਖ਼ਾਨਾ ਸੀ। ਹੁਮਾਯੂੰ ਅਤੇ ਮੇਹੰਦੀ ਖ਼ਵਾਜਾ ਵਰਗੇ ਮਾਹਰ ਸੈਨਾਪਤੀ ਉਸ ਦੇ ਸੱਜੇ ਪਾਸੇ ਸਨ। ਖੱਬੇ ਪਾਸੇ ਭਾਰੀ ਸੈਨਾ ਦੀਆਂ ਟੁਕੜੀਆਂ ਖੜ੍ਹੀਆਂ ਸਨ।

ਯੁੱਧ ਦਾ ਆਰੰਭ ਰਾਜਪੂਤਾਂ ਨੇ ਕੀਤਾ। ਉਨ੍ਹਾਂ ਨੇ ਬਾਬਰ ਦੇ ਸੱਜੇ ਪਾਸੇ ਹਮਲਾ ਕੀਤਾ। ਕੁਝ ਸਮੇਂ ਲਈ ਅਜਿਹਾ ਲੱਗਾ ਕਿ ਰਾਣਾ ਸਾਂਗਾ ਦੀ ਜਿੱਤ ਹੋਵੇਗੀ ਪ੍ਰੰਤੂ ਉਸਤਾਦ ਅਲੀ ਖਾਂ ਦੇ ਤੋਪਖਾਨੇ ਦੇ ਲਗਾਤਾਰ ਵਰਦੇ ਗੋਲਿਆਂ ਨੇ ਉਸਦੀ ਸੈਨਾ ਵਿਚ ਹਫ਼ੜਾ-ਦਫ਼ੜੀ ਮਚਾ ਦਿੱਤੀ। ਗੋਲਿਆਂ ਤੋਂ ਬਚਣ ਲਈ ਰਾਣਾ ਸਾਂਗਾ ਦੀ ਸੈਨਾ ਚਾਰੇ ਪਾਸੇ ਨੱਠ ਗਈ। ਰਾਣਾ ਸਾਂਗਾ ਰਣ-ਖੇਤਰ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਅਤੇ ਓਥੋਂ ਭੱਜ ਨਿਕਲਿਆ। ਇਸ ਤਰ੍ਹਾਂ ਬਾਬਰ ਜੇਤੂ ਰਿਹਾ। ਯੁੱਧਾਂ ਦੌਰਾਨ ਹੀ ਬਾਬਰ ਨੂੰ ਭਾਰਤ ਦੇ ਪੌਣਪਾਣੀ ਇਥੋਂ ਦੀ ਉਪਜਾਊ ਭੂਮੀ, ਧਨ-ਦੌਲਤ ਨਾਲ ਭਰੇ ਭੰਡਾਰਾਂ ਦੇ ਨਾਲ-ਨਾਲ ਪੀਰ-ਪੈਗੰਬਰਾਂ ਬਾਰੇ ਵੀ ਜਾਣਕਾਰੀ ਮਿਲਦੀ ਗਈ, ਫਿਰ ਉਹ ਜਗਤਗੁਰੂ ਰਵਿਦਾਸ ਮਹਾਰਾਜ ਜੀ ਵਰਗੀ ਅਵਤਾਰੀ ਸ਼ਖ਼ਸੀਅਤ ਤੋਨਾ-ਵਾਕਫ਼ ਕਿਵੇਂ ਰਹਿ ਸਕਦਾ ਸੀ। ਜਗਤਗੁਰੂ ਰਵਿਦਾਸ ਮਹਾਰਾਜ ਜੀ ਉਸ ਸਮੇਂ ਆਪਣੀ ਜ਼ਿੰਦਗੀ ਦੇ ਆਖਰੀ ਪੜਾਅ 'ਤੇ ਸਨ। ਭਾਵੇਂ ਬਾਬਰ ਪੰਜਾਬ, ਦਿੱਲੀ, ਮੇਵਾੜ ਆਦਿ ਮਹਾਂਸ਼ਕਤੀਸ਼ਾਲੀ ਸ਼ਾਸਨ ਨੂੰ ਜਿੱਤ ਚੁੱਕਿਆ ਸੀ ਪਰ ਆਪਣੀਆਂ ਸਫਲਤਾਵਾਂ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੀ ਬਜਾਇ ਉਸ ਨੇ ਇਹਨਾਂ ਨੂੰ ਸਦਾ ਈਸ਼ਵਰੀ ਦੇਣ ਕਿਹਾ। ਬਾਬਰ ਦਾ ਕਥਨ ਸੀ, **"ਅੱਲਾਹ ਦੀ ਇੱਛਾ ਬਿਨਾਂ ਕੁਝ ਨਹੀਂ ਹੁੰਦਾ। ਸਾਨੂੰ ਉਸ ਦਾ ਸਹਾਰਾ ਲੈ ਕੇ ਅੱਗੇ ਵਧਣਾ ਚਾਹੀਦਾ ਹੈ।"** ਬਾਬਰ ਰੱਬੀ ਨੂਰ ਜਗਤਗੁਰੂ ਰਵਿਦਾਸ ਮਹਾਰਾਜ ਜੀ ਜਿਹੇ ਮਹਾਨ ਸੰਤਪੁਰਸ਼ ਦੇ ਦਰਸ਼ਨ ਕਰਨ ਤੋਂ ਬਗੈਰ ਰਹਿ ਨਾ ਸਕਿਆ।

ਉਸਨੂੰ ਜਦੋਂ ਪਤਾ ਲੱਗਾ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਬਹੁਤ ਬਿਰਧ ਹੋ ਚੁੱਕੇ ਹਨ ਤਾਂ ਉਹ ਹੁਮਾਯੂੰ ਨੂੰ ਨਾਲ ਲੈ ਕੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਪਾਸ ਉਨ੍ਹਾਂ ਦੇ ਦਰਸ਼ਨ ਕਰਨ ਲਈ ਗਿਆ। ਗੁਰੂ ਜੀ ਆਪਣੇ ਸਿੰਘਾਸਨ 'ਤੇ ਬਿਰਾਜਮਾਨ ਸਨ। ਉਨ੍ਹਾਂ ਨੇ ਬਾਬਰ ਨੂੰ ਦੇਖ ਕੇ ਉਸ ਦੁਆਰਾ ਕੀਤੇ ਬੇਕਸੂਰਾਂ ਦੇ ਖ਼ੂਨ-ਖਰਾਬੇ ਲਈ ਉਸਨੂੰ ਝਿੜਕਿਆ ਅਤੇ ਸਮਝਾਇਆ:-

**ਕਿਉਂ ਬਾਬਰ ਹੂਆ ਬਾਬਰਾ, ਮਨ ਮੇਂ ਅਧਿਕ ਗੁਮਾਨ।**
**ਕਰੋੜੋਂ ਪ੍ਰਾਨੀ ਮਾਰ ਕਰ, ਤੂੰਨੇ ਕੀਆ ਪਾਪ ਮਹਾਨ॥**

(ਗੁਰੂ ਰਵਿਦਾਸ ਜੀ)

ਹੌਲੀ ਹੌਲੀ ਜਦੋਂ ਬਾਬਰ ਨੂੰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ

ਸਿੱਖਿਆਵਾਂ ਅਤੇ ਸਮਾਜ 'ਤੇ ਕੀਤੇ ਪਰਉਪਕਾਰਾਂ ਦਾ ਪਤਾ ਚੱਲਦਾ ਗਿਆ ਤਾਂ ਉਸਨੇ ਬੇਵਜ੍ਹਾ ਖ਼ੂਨ ਖਰਾਬਾ ਕਰਨਾ ਬੰਦ ਕਰ ਦਿੱਤਾ। ਇਥੋਂ ਤੱਕ ਕਿ ਸਭ ਬਾਬਰ ਦੇ ਸੁਭਾਅ ਦੀ ਦਿਆਲਤਾ ਤੋਂ ਹੈਰਾਨ ਰਹਿਣ ਲੱਗ ਪਏ। ਉਸ ਨੇ ਆਪਣੀ ਉਦਾਰਤਾ ਕਾਰਨ ਹੀ ਦਿੱਲੀ ਅਤੇ ਆਗਰੇ ਦਾ ਸ਼ਾਹੀ ਖਜ਼ਾਨਾ ਲੋਕਾਂ ਵਿਚ ਵੰਡ ਦਿੱਤਾ। ਉਸ ਦੀ ਇੰਨੀ ਉਦਾਰਤਾ ਨੂੰ ਦੇਖਦਿਆਂ ਲੋਕ ਬਾਬਰ ਨੂੰ ਹੁਣ ਪਿਆਰ ਨਾਲ ਕਲੰਦਰ ਜਾਂ ਮਸਤ ਫ਼ਕੀਰ ਕਹਿ ਕੇ ਸੱਦਦੇ ਸਨ। ਦੱਸਣਯੋਗ ਹੈ ਕਿ ਮੀਰਾਂ ਦੁਆਰਾ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਦਾ ਪ੍ਰਭਾਵ ਅਕਬਰ 'ਤੇ ਪਿਆ ਸੀ। ਹੋ ਸਕਦਾ ਹੈ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਕੋਈ ਪਰਮ ਸ਼ਿਸ਼ ਬਾਬਰ ਨੂੰ ਵੀ ਗੁਰੂ ਜੀ ਦੀਆਂ ਸਿੱਖਿਆਵਾਂ ਤੋਂ ਜਾਣੂ ਕਰਵਾਉਂਦਾ ਰਿਹਾ ਹੋਵੇ।

ਵਰਨਣ ਯੋਗ ਹੈ ਕਿ ਬਾਬਰ ਦਾ ਸਾਮਰਾਜ ਕਾਬਲ ਤੋਂ ਲੈ ਕੇ ਬਿਹਾਰ ਤੱਕ ਅਤੇ ਹਿਮਾਲਾ ਤੋਂ ਲੈ ਕੇ ਗਵਾਲੀਅਰ ਅਤੇ ਚੰਦੇਰੀ ਤੱਕ ਫੈਲਿਆ ਹੋਇਆ ਸੀ।

* * *

## ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਸੱਚਖੰਡ ਪਧਾਰਨਾ

ਸਤਿਗੁਰੂ ਕਬੀਰ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਤ੍ਰਿਲੋਚਨ ਜੀ ਅਤੇ ਸਤਿਗੁਰੂ ਧੰਨਾ ਜੀ ਇਹਨਾਂ ਸਾਰੇ ਸੰਤਾਂ ਨੂੰ ਪਾਰਬ੍ਰਹਮ ਅਕਾਲ ਪੁਰਖ ਜੀ ਦੀ ਆਗਿਆ ਹੋਈ ਅਤੇ ਆਦੇਸ਼ ਮਿਲਿਆ ਕਿ ਸ਼੍ਰੀ ਗੁਰੂ ਰਵਿਦਾਸ ਜੀ ਕੋਲ ਜਾਉ। ਉਹਨਾਂ ਨੂੰ ਜਾ ਕੇ ਕਹੋ ਕਿ ਤੁਹਾਡੀ ਭਗਤੀ ਸੰਪੂਰਨ ਹੋਈ ਅਤੇ ਤੁਹਾਨੂੰ ਪਰਮਾਤਮਾ ਨੇ ਸੱਚਖੰਡ ਵਿਚ ਬੁਲਾਇਆ ਹੈ। ਸਾਰਿਆਂ ਨੂੰ ਬੁਲਾ ਕੇ ਕਿਹਾ ਕਿ ਇੱਕੀ ਦਿਨਾਂ ਦਾ ਸਮਾਂ ਹੈ, ਜੋ ਕੁਝ ਕਰਨਾ ਹੈ ਕਰ ਲਉ ਅਤੇ ਗੁਰੂ ਜੀ ਨੂੰ ਇਥੇ ਲੈ ਕੇ ਆਉ। ਇਹ ਸਾਰੇ ਸੰਤ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਸ ਜਿੱਥੇ ਠਾਕੁਰ ਜੀ ਦਾ ਆਸਣ ਸੀ ਉਥੇ ਪਹੁੰਚ ਗਏ ਅਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਸੰਦੇਸ਼ ਦਿੱਤਾ ਕਿ ਅਸੀਂ ਤੁਹਾਨੂੰ ਲੈਣ ਆਏ ਹਾਂ। ਇੱਕੀ ਦਿਨ ਦਾ ਸਮਾਂ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਹੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਖ਼ਬਰ ਹੋ ਗਈ ਸੀ ਕਿ ਸਤਿਗੁਰੂ ਕਬੀਰ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਤ੍ਰਿਲੋਚਨ ਜੀ ਅਤੇ ਸਤਿਗੁਰੂ ਧੰਨਾ ਜੀ ਉਹਨਾਂ ਦੇ ਘਰ ਆ ਰਹੇ ਹਨ। ਉਹ ਬਹੁਤ ਪ੍ਰਸੰਨ ਹੋਏ। ਤਨ, ਮਨ ਪਵਿੱਤਰ ਹੋਇਆ ਅਤੇ ਧਰਮਸ਼ਾਲਾ ਨੂੰ ਸਾਫ਼ ਕੀਤਾ। ਸਾਫ਼-ਸੁਥਰੀਆਂ ਸੇਜਾਂ ਲਗਾ ਕੇ ਸਾਵਧਾਨ ਖੜੇ ਹੋ ਗਏ ਅਤੇ ਕਿਹਾ ਮੈਂ ਆਪ ਦਾ ਦਾਸ ਹਾਂ, ਆਪ ਮੇਰੇ ਘਰ ਆਏ, ਮੈਂ ਆਪ ਜੀ ਦੇ ਦਰਸ਼ਨ ਕਰਕੇ ਧੰਨ ਹੋ ਗਿਆ ਹਾਂ। ਗੁਰੂ ਜੀ ਉਹਨਾਂ ਸੰਤਾਂ

ਨਾਲ ਇਸ ਤਰ੍ਹਾਂ ਮਿਲੇ ਜਿਸ ਤਰ੍ਹਾਂ ਪ੍ਰਭੂ ਮਿਲ ਗਏ ਹੋਣ। ਚਰਨਾਂ ਵਿਚ ਪ੍ਰਣਾਮ ਕਰਕੇ ਕਹਿੰਦੇ ਹਨ ਕਿ ਮੈਂ ਆਪ ਜੀ ਦੀ ਸ਼ਰਨ ਵਿਚ ਆਇਆ ਹਾਂ। ਮੈਂ ਵਾਰ-ਵਾਰ ਬਲਿਹਾਰੇ ਜਾਂਦਾ ਹਾਂ। ਤੁਹਾਡੇ ਦਰਸ਼ਨ ਕਰਕੇ ਮੇਰੀ ਪਰਮਗਤੀ ਹੋਈ ਹੈ। ਸੰਤਾਂ ਦਾ ਮਿਲਣਾ ਦੀਨ ਹੋ ਕੇ ਮਿਲਣ ਦੇ ਬਰਾਬਰ ਹੈ। ਸੰਤਾਂ ਦਾ ਮਿਲਣਾ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹੋਣ। ਇਸ ਤਰ੍ਹਾਂ ਮਿਲਦੇ ਹਨ ਉਹ ਉਸਨੂੰ ਪਰਮੇਸ਼ਵਰ ਸਮਝੇ ਅਤੇ ਦੂਸਰਾ ਉਸਨੂੰ ਠਾਕੁਰ ਸਮਝੇ। ਦੋਹਾਂ ਪੱਖਾਂ ਵਿਚ ਅਜਿਹੀ ਨਿਮਰਤਾ ਦੇਖ ਕੇ ਪਰਮਾਤਮਾ ਖੁਸ਼ ਹੁੰਦਾ ਹੈ।

ਜੋ ਆਪਣੇ ਅੰਦਰ ਵੱਡੇ ਹੋਣ ਦਾ ਅਭਿਮਾਨ ਰੱਖ ਕੇ ਦੂਜਿਆਂ ਨੂੰ ਦਿਖਾਉਂਦਾ ਹੈ, ਉਹ ਆਪਣੇ ਗੁਣ ਅਤੇ ਸੇਵਾ ਖਤਮ ਕਰ ਲੈਂਦੇ ਹਨ। ਪਰ ਪ੍ਰਭੂ ਦੇ ਸੇਵਕ ਉਹੀ ਹੁੰਦੇ ਹਨ, ਜਿਹਨਾਂ ਦੀ ਬਿਰਤੀ ਸ਼ੁੱਧ ਹੁੰਦੀ ਹੈ। ਦੂਜੇ ਪਾਸੇ ਜੇਕਰ ਕੋਈ ਹੰਕਾਰ ਵਸ ਅਜਿਹਾ ਸਮਝਦਾ ਹੈ ਕਿ ਉਸਦੇ ਬਰਾਬਰ ਹੋਰ ਕੋਈ ਸਾਧੂ ਨਹੀਂ ਹੈ ਤਾਂ ਉਹ ਆਪਣੀ ਭਗਤੀ ਰੂਪੀ ਕਮਾਈ (ਗਵਾ) ਦਿੰਦਾ ਹੈ। ਜਿਸ ਤਰ੍ਹਾਂ ਰੇਸ਼ਮ ਜਲ ਕੇ ਸੁਆਹ (ਰਾਖ) ਹੋ ਜਾਂਦਾ ਹੈ, ਉਸੇ ਤਰ੍ਹਾਂ ਔਗੁਣਾਂ ਨਾਲ ਭਰਿਆ ਹੋਇਆ ਸਰੀਰ ਵੀ ਜਲ ਕੇ ਭਗਤੀ-ਹੀਨ ਹੋ ਜਾਂਦਾ ਹੈ। ਸਾਧੂ ਜਨਾਂ ਦਾ ਮਿਲਣਾ ਹੰਕਾਰ ਨੂੰ ਛੱਡ ਕੇ ਸੇਵਾ ਕਰਨ ਦੇ ਬਰਾਬਰ ਹੁੰਦਾ ਹੈ। ਸਾਧੂ ਨੂੰ ਸਾਧੂ ਨਿਮਰਤਾ ਸਹਿਤ ਇਸ ਤਰ੍ਹਾਂ ਮਿਲਦਾ ਹੈ ਜਿਸ ਤਰ੍ਹਾਂ ਆਪਣੇ ਸਾਕ-ਸੰਬੰਧੀ ਨੂੰ ਮਿਲਦਾ ਹੈ। ਉਹਨਾਂ ਦੀ ਨਿਮਰਤਾ ਗਰੀਬ ਦੇ ਘਰ ਵਰਗੀ ਹੁੰਦੀ ਹੈ। ਅਜਿਹੇ ਸਾਧੂ ਦਾ ਮਿਲਣਾ ਸਮਝੋ, ਭਗਤ ਬਣਨਾ ਆਸਾਨ ਹੈ, ਸਾਧੂ ਹੋਣਾ ਕਠਿਨ ਹੈ। ਸਾਧੂ ਭਾਵ ਨੂੰ ਉਹੀ ਪ੍ਰਾਪਤ ਕਰ ਸਕਦਾ ਹੈ ਜੋ ਗਰੀਬਾਂ ਵਿਚ ਵਿਚਰਦਾ ਹੋਵੇ। ਇਹੀ ਗੱਲ ਵਿਚਾਰ ਕਰਨ ਉਪਰੰਤ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਦੱਸਣ ਆਏ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਪਾਸ ਠਾਕੁਰ ਜੀ ਦਾ ਵਰਨਣ ਕਹਿਣਗੇ, ਜਿਸ ਨਾਲ ਜਗਤਗੁਰੂ ਰਵਿਦਾਸ ਮਹਾਰਾਜ ਜੀ ਖੁਸ਼ ਹੋਣਗੇ। ਉਹਨਾਂ ਨੇ ਠਾਕੁਰ ਜੀ ਦੇ ਮਹਿਲ ਬਾਰੇ ਰਵਿਦਾਸ ਜੀ ਨੂੰ ਦੱਸਿਆ ਤਾਂ ਗੁਰੂ ਜੀ ਬਹੁਤ ਨਿਹਾਲ ਹੋਏ। ਜਦੋਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਪਾਸ ਗਏ ਤਾਂ ਉਹਨਾਂ ਨੂੰ ਠਾਕੁਰ ਜੀ ਦਾ ਉਹੀ ਸਰੂਪ ਉਥੇ ਨਜ਼ਰ ਆਇਆ। ਉਹ ਕਹਿਣ ਲੱਗੇ ਕਿ ਇਹਨਾਂ ਠਾਕੁਰਾਂ ਨੂੰ ਹੀ ਅਸੀਂ ਬੈਕੁੰਠ ਵਿਚ ਦੇਖ ਕੇ ਆਏ ਹਾਂ, ਇਹ ਤਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਪਾਸ ਹੀ ਹਨ। ਸੰਭਵ ਹੈ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਇਹਨਾਂ ਨੂੰ ਬੈਕੁੰਠ ਤੋਂ ਹੀ ਲੈ ਕੇ ਆਏ ਹੋਣਗੇ। ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਸਾਰਿਆਂ ਲਈ ਸੇਜ ਲਗਾ ਦਿੱਤੀ। ਸੰਤਾਂ ਨੇ ਸਮਝਿਆ ਜਗਤਗੁਰੂ ਰਵਿਦਾਸ ਮਹਾਰਾਜ ਜੀ ਤਾਂ ਬੈਕੁੰਠ ਵਿਚ ਹੀ ਰਹਿੰਦੇ ਹਨ, ਇਹੀ ਭਗਵਾਨ ਹਨ। ਤਦ ਉਹਨਾਂ ਨੇ ਗੁਰੂ ਜੀ ਨੂੰ ਪਾਰਬ੍ਰਹਮ ਦੀ ਆਗਿਆ ਬਾਰੇ ਦੱਸਿਆ ਕਿ ਇੱਕੀਵੇਂ ਦਿਨ ਉਥੇ ਪਹੁੰਚਣਾ ਹੈ।

ਇਸ ਸੰਦੇਸ਼ ਨੂੰ ਪਾ ਕੇ ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਦੱਸ ਦਿੱਤਾ ਕਿ ਉਹ ਬੈਕੁੰਠ ਜਾ ਰਹੇ ਹਨ ਭਾਵ ਉਹਨਾਂ ਨੂੰ ਹਰਿ ਜਪਣ ਦਾ ਹੁਕਮ ਦਿੱਤਾ।

ਅਕਾਲਪੁਰਖ ਦੀ ਆਗਿਆ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਦੱਸ ਕੇ ਸਤਿਗੁਰੂ ਕਬੀਰ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਤ੍ਰਿਲੋਚਨ ਜੀ ਅਤੇ ਸਤਿਗੁਰੂ ਧੰਨਾ ਜੀ, ਸਾਰੇ ਮਹਾਂਪੁਰਸ਼ ਵਿਦਾ ਹੋਏ। ਤਦ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੇ ਸੰਬੰਧੀਆਂ ਅਤੇ ਸੇਵਕਾਂ ਨੂੰ ਸੱਚਖੰਡ ਜਾਣ ਬਾਰੇ ਦੱਸ ਦਿੱਤਾ ਅਤੇ ਸੰਗਤ ਨੂੰ ਉਪਦੇਸ਼ ਦਿੰਦੇ ਰਹੇ। ਸਾਰੇ ਸੇਵਕ ਉਹਨਾਂ ਦੇ ਚਰਨ ਸਪਰਸ਼ ਕਰਕੇ ਤੇ ਅਸ਼ੀਰਵਾਦ ਲੈ ਕੇ ਵਿਦਾ ਹੁੰਦੇ ਗਏ।

ਜਦੋਂ ਇੱਕੀਵਾਂ ਦਿਨ ਆਇਆ ਤਾਂ ਪ੍ਰਭਾਤ ਵੇਲੇ ਗੁਰੂ ਜੀ ਨੇ ਤਿਆਰ ਹੋ ਕੇ ਪਰਮੇਸ਼ਵਰ ਦਾ ਧਿਆਨ ਲਗਾਇਆ। ਅਨਹਦ ਸ਼ਬਦ ਉਚਾਰਦੇ ਹੋਏ ਜਗਤਗੁਰੂ ਰਵਿਦਾਸ ਮਹਾਰਾਜ ਜੀ ਪਰਮਾਤਮਾ ਵਿਚ ਸਮਾ ਗਏ। ਤਦ ਵਿਸ਼ਵਨਾਥ ਸੁਖਾਸਨ (ਸਿੰਘਾਸਨ) ਉੱਪਰ ਬਿਰਾਜਮਾਨ ਹੋ ਕੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਨਾਲ ਲੈ ਕੇ ਗਏ। ਸਾਵਧਾਨ ਹੋ ਕੇ ਜਦੋਂ ਠਾਕੁਰ ਜੀ ਉਥੇ ਆਏ ਤਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਸਿੰਘਾਸਨ ਉੱਪਰ ਬਿਠਾ ਕੇ ਸੱਚਖੰਡ ਬੈਕੁੰਠ ਵਿਚ ਚਲੇ ਗਏ। ਨਿਰਗੁਣ-ਬ੍ਰਹਮ ਵਿਚ ਲੀਨ ਹੋ ਕੇ ਗੁਰੂ ਜੀ ਬ੍ਰਹਮ ਵਿਚ ਸਮਾ ਗਏ। ਸਭ ਸੰਗਤ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੂੰ ਪ੍ਰੇਮ ਸਹਿਤ ਯਾਦ ਕਰ ਰਹੀ ਸੀ ਸਾਰੇ ਪਾਸੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ-ਜੈਕਾਰ ਹੋ ਰਹੀ ਸੀ। ਇਸ ਪ੍ਰਕਾਰ ਜਗਤਗੁਰੂ ਰਵਿਦਾਸ ਮਹਾਰਾਜ ਜੀ ਹਾੜ੍ਹ ਦੀ ਸੰਗਰਾਂਦ 1584 ਬਿਕ੍ਰਮੀ (ਸੰਨ 1528) ਸੰਮਤ ਨੂੰ ਬਨਾਰਸ ਵਿਖੇ ਸਣਦੇਹੀ ਬ੍ਰਹਮਲੀਨ ਹੋ ਗਏ।

* * *

ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਵਲੋਂ ਲਿਖੀਆਂ ਅਤੇ ਅਲੱਗ-ਅਲੱਗ ਭਾਸ਼ਾਵਾਂ ਵਿੱਚ ਅਲੱਗ-ਅਲੱਗ ਧਾਰਮਿਕ ਸੰਸਥਾਵਾਂ ਦੇ ਵਲੋਂ ਪ੍ਰਕਾਸ਼ਿਤ ਪੁਸਤਕਾਂ :

## ਹਿੰਦੀ ਭਾਸ਼ਾ ਵਿੱਚ ਪ੍ਰਕਾਸ਼ਿਤ ਪੁਸਤਕਾਂ

* ਜਗਤਗੁਰੂ ਰਵਿਦਾਸ ਅੰਮ੍ਰਿਤਬਾਣੀ (ਸਟੀਕ ਅਤੇ ਸੰਖੇਪ ਜੀਵਨ ਹਿੰਦੀ ਅਤੇ ਮਰਾਠੀ)
* ਨਿਤਨੇਮ ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ (ਸਟੀਕ)
* ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਸੰਖੇਪ ਜੀਵਨ
* ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਕਥਾਵਾਂ (ਹਿੰਦੀ ਅਤੇ ਮਰਾਠੀ ਵਿੱਚ)
* ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਮਹਾਰਾਜ ਜੀ (ਸਟੀਕ)

* * *

## Books Published in English

* Amritbani Jagatguru Ravidass Maharaj Ji (Steek)
* Amritbani Jagatguru Ravidass Maharaj Ji 40 Pade (Steek)
* Sacred Life of Jagatguru Ravidass Ji

## Books Published in Dutch

* Amritbani Jagatguru Ravidass Maharaj Ji (Steek)

* * *

## ਪੰਜਾਬੀ ਭਾਸ਼ਾ ਵਿੱਚ ਪ੍ਰਕਾਸ਼ਿਤ ਪੁਸਤਕਾਂ

* ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ (40 ਸ਼ਬਦ ਸਟੀਕ)
* ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ (ਸੰਪੂਰਨ ਸਟੀਕ)
* ਸ੍ਰੀ ਗੁਰੂ ਰਵਿਦਾਸ ਅੰਮ੍ਰਿਤਬਾਣੀ (ਸਟੀਕ ਅਤੇ ਸੰਖੇਪ ਜੀਵਨ)
* ਨਿਤਨੇਮ ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ (ਸਟੀਕ)
* ਸੁਖਸਾਗਰ ਸਟੀਕ
* ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਸੰਖੇਪ ਜੀਵਨ
* ਧਰਤੀ ਉੱਤੇ ਰੱਬ ਸਤਿਗੁਰੂ ਸਰਵਣ ਦਾਸ ਜੀ (ਜੀਵਨ ਸਾਖੀ)
* ਗੁਰੂ ਰਵਿਦਾਸ ਮਿਲੇ ਮੋਹਿ ਪੂਰੇ (ਸੰਤ ਮੀਰਾਂ ਬਾਈ ਜੀ)

**ਅੰਤਰਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.) ਵਲੋਂ ਪ੍ਰਕਾਸ਼ਿਤ ਪੁਸਤਕ —**

* ਚਮਾਰ ਜਾਤੀ ਇਤਿਹਾਸ ਧਰਮ ਤੇ ਸੱਭਿਆਚਾਰ - ਰਾਜੇਸ਼ ਕੈਂਥ ਭਬਿਆਣਵੀ

**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਵਲੋਂ ਪ੍ਰਕਾਸ਼ਿਤ ਪੁਸਤਕਾਂ —**

* ਰਵਿਦਾਸੀਆ ਧਰਮ ਦਾ ਅਨਮੋਲ ਹੀਰਾ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ — ਕਾਂਸ਼ੀ ਰਾਮ ਕਲੇਰ
* ਰਵਿਦਾਸੀਆ ਕੌਮ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ — ਕਾਂਸ਼ੀ ਰਾਮ ਕਲੇਰ ਜੰਡੂਸਿੰਘਾ

## ਧੰਨਵਾਦ ਸਹਿਤ ਪ੍ਰਕਾਸ਼ਿਤ ਪੁਸਤਕਾਂ


* The Chamars - G.W. Brigs
* ਸ੍ਰੀ ਗੁਰੂ ਰਵਿਦਾਸ ਪ੍ਰਕਾਸ਼ – ਸੰਤ ਜਸਵੰਤ ਸਿੰਘ ਜੀ
* ਸਾਖੀ ਸ੍ਰੀ ਗੁਰੂ ਰਵਿਦਾਸ ਮਿਸ਼ਨ – ਬਾਬੂ ਮੰਗੂ ਰਾਮ ਬਾਹੜੋਵਾਲ
* ਸ੍ਰੀ ਗੁਰੂ ਰਵਿਦਾਸ (ਜੀਵਨ ਅਤੇ ਕਿਰਤਾਂ) – ਡਾ. ਲੇਖ ਰਾਜ 'ਪਰਵਾਨਾ'
* ਬਾਣੀ ਗੁਰੂ ਰਵਿਦਾਸ – ਡਾ. ਰਤਨ ਸਿੰਘ ਜੱਗੀ
* ਗੁਰੂਆਂ ਦੇ ਗੁਰੂ ਸ੍ਰੀ ਗੁਰੂ ਰਵਿਦਾਸ ਜੀ – ਸ੍ਰੀ ਰਤਨ ਰੀਹਲ
* ਪਾਵਨ ਗਾਥਾ ਸ੍ਰੀ ਗੁਰੂ ਰਵਿਦਾਸ ਜੀ – ਡਾ. ਜਸਬੀਰ ਸਿੰਘ ਸਾਬਰ
* ਭਗਤ ਰਵਿਦਾਸ – ਡਾ. ਜਸਬੀਰ ਸਿੰਘ ਸਾਬਰ
* ਗੁਰੂ ਰਵਿਦਾਸ ਦਰਪਣ – ਡਾ. ਧਰਮ ਪਾਲ ਸਿੰਗਲ
* ਗੁਰੂ ਰਵਿਦਾਸ – ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ
* ਕਥਾ ਗੁਸਾਈ ਰਵਿਦਾਸ ਜੀ ਦੇ ਸਮਾਉਣ ਦੀ – ਸ਼੍ਰੀਮਤੀ ਊਸ਼ਾ ਖੰਨਾ
* ਸਗਲ ਭਵਨ ਕੇ ਨਾਇਕਾ – ਡਾ. ਕ੍ਰਿਸ਼ਨਾ ਕਲਸੀਆ
* ਗੁਰੂ ਰਵਿਦਾਸ ਪਰਚੀ – ਡਾ. ਬਲਦੇਵ ਸਿੰਘ 'ਬੱਧਨ'
* ਗੁਰੂ ਰਵਿਦਾਸ ਜੀਵਨ ਦੇ ਸ਼ਲੋਕ – ਸ਼੍ਰੀ ਮਦਨ ਜਲੰਧਰੀ
* ਸਗਲ ਭਵਨ ਕੇ ਨਾਇਕਾ ਸ੍ਰੀ ਗੁਰੂ ਰਵਿਾਦਸ ਜੀ – ਸ਼੍ਰੀ ਰਾਮ ਅਰਸ਼
* ਜਨਮ ਸਾਖੀ – ਗੁਰੂ ਰਵਿਦਾਸ ਜੀ – ਕਵੀ ਤੋਤਾ ਰਾਮ
* ਜਗਤਗੁਰੂ ਸੰਤ ਰਵਿਦਾਸ – 'ਮਤਵਾਲਾ' ਸ਼ਹਜ਼ਾਦਪੁਰੀ
* ਸ੍ਰੀ ਗੁਰੂ ਰਵਿਦਾਸ ਅੰਮ੍ਰਿਤਬਾਣੀ ਅਤੇ ਪਵਿੱਤਰ–ਅਨਮੋਲ ਰੂਹਾਨੀ ਰਚਨਾਵਾਂ – ਸੰਤ ਬੀਬੀ ਕ੍ਰਿਸ਼ਨਾ ਜੀ
* ਬਾਰਾਂ ਪੂਰਬਣਾਂ – ਗਿਆਨੀ ਗਿਆਨ ਸਿੰਘ
* Miracles of Satguru Ravidass Ji - Sh. Chain Ram Suman
* Sacret Life of Jagatguru Ravidass Ji - Sant Surinder Dass Bawa


* * *


**Email: ravidassiadharam@gmail.com**

**Website: www.ravidassiadharam.org**

**facebook : ravidassiadharamparcharasthan**

**Youtube : Ravidassia Dharam Parchar Asthan, Kahanpur Jalandhar**



ਸਬਕੈ ਅਸਚਰਜ ਭਇਆ ਤਮਾਸਾ॥ ਜਿਤੇ ਵਿਪਰ ਤਿਤੇ ਰਵਿਦਾਸਾ॥



ਜਗਤਗੁਰੂ ਰਵਿਦਾਸ ਜੀ ਮਹਾਰਾਜ ਵੈਸਾਖੀ ਦੇ ਇਤਿਹਾਸਿਕ
ਪੁਰਬ ਉੱਤੇ ਗੰਗਾ ਘਾਟ 'ਤੇ ਪੱਥਰੀ ਤੈਰਾਉਂਦੇ ਹੋਏ।



ਜਗਤਗੁਰੂ ਰਵਿਦਾਸ ਮਹਾਰਾਜ ਜੀ



ਸਤਿਗੁਰੂ ਸਰਵਣ ਦਾਸ ਮਹਾਰਾਜ ਜੀ



30 ਜਨਵਰੀ 2010 ਈ. ਨੂੰ ਸ੍ਰੀ ਗੁਰੂ ਰਵਿਦਾਸ ਜਨਮ-ਅਸਥਾਨ ਮੰਦਰ ਸੀਰ ਗੋਵਰਧਨਪੁਰ, ਬਨਾਰਸ ਵਿਖੇ ਜਗਤਗੁਰੂ ਰਵਿਦਾਸ ਮਹਾਰਾਜ ਜੀ, ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਅਤੇ ਸੰਤ ਸਮਾਜ ਦੀ ਕ੍ਰਿਪਾ ਨਾਲ 'ਰਵਿਦਾਸੀਆ ਧਰਮ' ਦਾ ਐਲਾਨ ਕਰਦੇ ਹੋਏ ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ।



# Ravidassia Dharam Parchar Asthan


**Vill. Kahanpur, P.O. Raipur Rasulpur**
**Distt. Jalandhar**

E-mail : ravidassiadharam@gmail.com
Website : www.ravidassiadharam.org
Facebook : ravidassiadharamparcharasthan
Youtube : Ravidassia Dharam Parchar Asthan, Kahanpur Jalandhar


ਸੰਤ ਸੁਰਿੰਦਰ ਦਾਸ ਬਾਵਾ ਜੀ

